੧ਓਂਕਾਰ ਸਤਿਗੁਰ ਪ੍ਰਸਾਦਿ ॥

# ਜੱਸਾ ਸਿੰਘ ਆਹਲੂਵਾਲੀਆ

ਪ੍ਰਕਾਸ਼ਕ

ਕ੍ਰਾਂਤਿਕਾਰੀ ਜਗਤ ਗੁਰੂ ਨਾਨਕ ਦੇਵ ਚੈਰਿਟੇਬਲ ਟ੍ਰਸਟ, ਚੰਡੀਗੜ

ਲੇਖਕ : ਜਸਬੀਰ ਸਿੰਘ Ph. : (0172-2696891), 09988160484

Type Setting : Radheshyam Choudhary
098149-66882

Download Free

# ਜੱਸਾ ਸਿੰਘ ਆਹਲੂਵਾਲੀਆ

## ਕਾਂਡ ਪਹਿਲਾ

## ਬਾਲਪਨ ਤੇ ਵੰਸ਼ਾਵਲੀ

ਜੱਸਾ ਸਿੰਘ ਆਹਲੂਵਾਲੀਆ ਦੇ ਵਡੇ ਵਡੇਰੇ ਲਗਭਗ ਸੋਲ੍ਹਵੀਂ ਸਦੀ ਵਿਚ ਤਰਨਤਾਰਨ ਦੇ ਟਿਕਟ ਗਲੋਖ ਚੱਕ ਵਿਚ ਜਾ ਵਸੇ ਸਨ। ਉਨ੍ਹਾਂ ਦੇ ਪੰਜਾਬ ਆਉਣ ਦੇ ਕਾਰਨ ਦਾ ਪਤਾ ਨਹੀਂ ਲੱਗ ਸਕਿਆ। ਸਿਖ ਪੰਥ ਨਾਲ ਉਨ੍ਹਾਂ ਦਾ ਸਬੰਧ ਛੇਵੇਂ ਸਤਿਗੁਰੂਗੁਰੂਹਰਗੋਬਿੰਦ ਸਾਹਿਬ ਦੇ ਵੇਲੇ ਤੋਂ ਪ੍ਰਾਰੰਭ ਹੁੰਦਾ ਹੈ ਜਦ ਕਿ ਭਾਈ ਨੈਸਾ ਸਿੰਘ ਅਤੇ ਉਨ੍ਹਾਂ ਦੇ ਪੁੱਤਰ ਵਧਾਵਾ ਸਿੰਘ ਸਤਿਗੁਰੂਦੀ ਦੁਸ਼ਟ-ਦਮਨ ਫੌਜ ਵਿਚ ਭਰਤੀ ਹੋਏ। ਇੱਨ੍ਹੀ ਦਿਨੀਂ ਉਹ ਤਰਨਤਾਰਨ ਦੇ ਲਾਗਲੇ ਪਿੰਡ ਗੁੱਜਰ-ਚੱਕ ਵਿਚ ਰਹਿੰਦੇ ਸਨ। ਉਹ ਦੋਵੇਂ ਪਿਉ ਪੁੱਤਰ ਬੜੇ ਦਲੇਰ ਸੂਰਬੀਰ ਸਨ ਅਤੇ ਉਨ੍ਹਾਂ ਦੇ ਹਰਗੋਬਿੰਦ ਜੀ ਦੇ ਮੁਗਲ ਸਰਕਾਰ ਵਿਰੁਧ ਯੁੱਧਾਂ ਵਿਚ ਵੱਧ ਚੜ੍ਹ ਕੇ ਹਿੱਸਾ ਪਾਇਆ ਸੀ। ਇਸ ਕਰਕੇ ਗੁਰੂਹਰਿਗੋਬਿੰਦ ਜੀ ਉਨ੍ਹਾਂ ਉਪਰ ਬੜੇ ਪ੍ਰਸੰਨ ਤੇ ਮਿਹਰਬਾਨ ਸਨ।

ਭਾਈ ਵਧਾਵਾ ਸਿੰਘ ਦਾ ਪੁੱਤਰ ਭਾਈ ਗੰਡਾ ਸਿੰਘ ਵੀ ਆਪਣੇ ਪਿਉ ਵਾਂਗ ਬੜਾ ਪਰਤਾਪੀ ਯੋਧਾ ਸੀ। ਉਸਨੇ ਸਹਿਜੇ ਹੀ ਆਲੇ ਦੁਆਲੇ ਦੇ ਪਿੰਡਾਂ ਉਤੇ ਆਪਣਾ ਦਬਦਬਾ ਜਮਾ ਲਿਆ ਅਤੇ ਕਈ ਵਾਰੀ ਆਂਢ ਗੁਆਂਢ ਵੀ ਉਗਰਾਹ ਖਾਦਾ। ਇਕ ਦੋ ਵਾਰੀ ਉਸ ਨੇ ਲਾਹੌਰ ਦੇ ਕੁਝ ਮਹੱਲੇ ਵੀ ਲੁੱਟ ਲਏ ਅਤੇ ਅਤਿਅੰਤ ਯਤਨਾਂ ਦੇ ਬਾਵਜੂਦ ਵੀ ਸਰਕਾਰੀ ਫ਼ੌਜ ਦੇ ਹੱਥ ਨਾ ਆਇਆ। ਇਸ ਵੇਲੇ ਲਾਹੌਰ ਦਾ ਨਾਇਬ ਹਾਕਮ ਦਿਲਾਵਰ ਖ਼ਾਂ ਸੀ। ਉਸ ਨੇ ਵੇਖਿਆ ਕਿ ਗੰਡਾ ਸਿੰਘ ਕਾਬੂਨਹੀਂ ਆਉਂਦਾ, ਉਸਨੇ ਆਪਣੇ ਚਤੁਰ ਅਤੇ ਪ੍ਰਭਾਵਸ਼ਾਲੀ ਵਿਚੋਲਿਆਂ ਰਾਹੀਂ ਉਸ ਨੂੰ ਮੁਗਲ ਸੈਨਾ ਵਿਚ ਭਰਤੀ ਹੋਣ ਲਈ ਰਾਜ਼ੀ ਕਰ ਲਿਆ। ਛੇਤੀ ਹੀ ਮਗਰੋਂ, ਦਿਲਾਵਰ ਖ਼ਾਂ ਨੂੰ ਮੁਲਤਾਨ ਤੇ ਇਕ ਮੁਹਿੰਮ ਚਾੜ੍ਹਨੀ ਪਈ। ਇਸ ਵਿਚ ਗੰਡਾ ਸਿੰਘ ਨੇ ਅਜਿਹੀ ਬਹਾਦਰੀ ਵਿਖਾਈ ਕਿ ਲਾਹੌਰੀ ਫ਼ੌਜ ਹਾਰਦੀ ਜਾ ਰਹੀ ਲੜਾਈ ਜਿਤ ਗਈ। ਦਿਲਾਵਰ ਖ਼ਾਂ ਇੰਨਾ ਖ਼ੁਸ਼ ਹੋਇਆ ਕਿ ਉਸ ਨੇ ਗੰਡਾ ਸਿੰਘ ਨੂੰ ਆਹਲੂ, ਹਲੋ, ਸਾਧੋ, ਤੂਰ ਅਤੇ ਚੱਕ ਦੀ ਜ਼ਿਮੀਂਦਾਰੀ ਬਖ਼ਸ਼ ਦਿੱਤੀ।

ਇਸ ਮਹੱਤਵ-ਪੂਰਨ ਘਟਨਾਂ ਤੋਂ ਛੇਤੀ ਪਿਛੋਂ ਗੰਡਾ ਸਿੰਘ ਚਲਾਣਾ ਕਰ ਗਿਆ, ਅਤੇ ਉਸ ਤੇ ਪੁੱਤਰ ਸਾਧੂਸਿੰਘ ਅਤੇ ਉਨ੍ਹਾਂ ਦੇ ਪੁੱਤਰ ਪੋਤਰੇ ਆਹਲੂਵਾਲੀਏ ਕਰਕੇ ਪਰਸਿੱਧ ਹੋ ਗਏ।

ਛੋਟੀ ਉਮਰ ਵਿਚ ਸਾਧੂਸਿੰਘ ਆਪਣੇ ਨਾਨਕੇ ਪਿੰਡ ਰਿਹਾ ਕਰਦਾ ਸੀ। ਇਥੇ ਹੀ ਇਹ ਜੰਮਿਆ ਪਲਿਆ ਸੀ ਅਤੇ ਇਥੇ ਹੀ ਆਪਣੇ ਗੁਆਂਢੀ ਕਲਾਲਾਂ ਦੇ ਬਚਿੱਅਠਾ ਨਾਲ ਖੇਡਦਾ ਸੀ ਜਦ ਇਹ ਆਹਲੂਪਿੰਡ ਜਾ ਵਸਿਆ ਤਾਂ ਉਸਨੇ ਕਲਾਲਵੰਸ ਦੀ ਇਕ ਲੜਕੀ ਨਾਲ ਵਿਆਹ ਕਰ ਲਿਆ। ਇਸ ਵਿਆਹ ਤੋਂ ਉਸਦੇ ਘਰ ਚਾਰ ਪੁੱਤਰ-ਗੋਪਾਲ ਸਿੰਘ,

ਹੇਮੂ, ਸਿਕੰਦਰ ਅਤੇ ਚਾਹਾ ਅਤੇ ਇਕ ਲੜਕੀ ਹੋਈ। ਇਨ੍ਹਾਂ ਸਾਰਿਆਂ ਦੀਆਂ ਸ਼ਾਦੀਆਂ ਵੀ ਕਲਾਲਾਂ ਦੇ ਘਰਾਂ ਵਿੱਚ ਹੋਈਆ ਅਤੇ ਇਸ ਤਰ੍ਹਾਂ ਇਹ ਖ਼ਾਨਦਾਨ ਆਹਲੂਵਾਲੀਆਂ ਕਲਾਲ ਕਰ ਕੇ ਪਰਸਿੱਧ ਹੋਈਆ। ਗੋਪਾਨ ਸਿੰਘ ਅਤੇ ਦੇਵਾ ਸਿੰਘ ਸਿਦਕੀ ਸਿਖ ਸਨ ਅਤੇ ਦੇਵਾ ਸਿੰਘ ਤਾ ਕੁਝ ਚਿਰ ਗੁਰੂਗੋਬਿੰਦ ਸਿੰਘ ਜੀ ਦੀ ਹਜ਼ੂਰੀ ਵਿਚ ਸੇਵਾ ਕਰਦਾ ਰਿਹਾ ਸੀ।
1

ਦੇਵਾ ਸਿੰਘ ਆਹਲੂਵਾਲੀਆਂ ਦੇ ਤਿੰਨ ਪੁੱਤਰ ਸਨ : ਗੁਰਬਖ਼ਸ਼ ਸਿੰਘ, ਸਦਰ ਸਿੰਘ ਤੇ ਬਦਰ ਸਿੰਘ। ਬਦਰ ਸਿੰਘ ਬੜਾ ਸਡੌਲ, ਗਠੀਲਾ ਅਤੇ ਸੁਰੂਵਰਗਾ ਲੰਮਾ ਜਵਾਨ ਸੀ। ਸ਼ਰੀਰਕ ਸ਼ਕਤੀ ਦੇ ਨਾਲ ਨਾਲ ਉਹ ਉਚੇਰੀ ਆਤਮਿਕ ਸ਼ਕਤੀ ਦਾ ਵੀ ਧਾਰਨੀ ਸੀ। ਉਸ ਆਪਣੇ ਪਿਤਾ ਦੇਵਾ ਸਿੰਘ ਨਾਲ ਕਈ ਵਾਰੀ ਦਸਮ ਪਾਤਸ਼ਾਹ ਸ੍ਰੀ ਗੁਰੂਗੋਬਿੰਦ ਸਿੰਘ ਜੀ ਦੇ ਦਰਸ਼ਨ ਵੀ ਕੀਤੇ ਸਨ। ਉਸ ਨੂੰ ਗੁਰੂਸਾਹਿਬ ਦੇ ਹਜ਼ੂਰੀ ਸਿੰਘ ਪਾਸੋਂ ਅਮ੍ਰਿਤ ਛਕਣ ਦਾ ਵੀ ਸੁਭਾਗ ਪ੍ਰਾਪਤ ਹੋਇਆ ਸੀ। ਸਿਖ ਵਿਚਾਰਧਾਰਾ ਵਿਚ ਉਹ ਪਰਪੱਕ ਸੀ ਅਤੇ ਇਸ ਦੇ ਆਧਾਰ ਸਮਾਨ ਦੇ ਸਰਵ ਨਿਯਮਾਂ ਲਈ ਸਦਾ ਉਤਾਵਲਾ ਰਹਿੰਦਾ ਸੀ। ਸਿਖੀ ਅਤੇ ਧਰਮ-ਪਰੇਮ ਉਸ ਦੀ ਨਸ ਨੱਸ ਵਿਚ ਰਚੇ ਹੋਏ ਸਨ।

ਭਾਈ ਬਦਰ ਸਿੰਘ ਦਾ ਵਿਆਹ ਪਿੰਡ ਹਲੋ-ਸਾਧੋ ਦੇ ਸਰਦਾਰ ਬਾਘ ਸਿੰਘ ਦੀ ਭੈਣ ਨਾਲ ਹੋਇਆ। ਇਹ ਬੀਬੀ ਵੀ ਸਿਖੀ ਰੰਗਣ ਵਿਚ ਰੱਤੀ ਹੋਈ ਸੀ। ਸਿਖ ਧਾਰਮਿਕ ਗ੍ਰੰਥਾਂ ਦੀ ਉਸ ਨੂੰ ਚੌਖੀ ਵਾਕਫ਼ੀ ਸੀ। ਬਹੁਤ ਸਾਰੀ ਗੁਰਬਾਣੀ ਜ਼ਬਾਨੀ ਯਾਦ ਸੀ। ਫਿਰ ਵੀ ਗੁਰਬਾਣੀ ਦੀ ਪੋਥੀ ਕਿਰਪਾਨ ਤੇ ਗਾਤਰੇ ਨਾਲ ਲਾਈ ਰਖਦੀ ਸੀ। ਆਪ ਨੂੰ ਕੀਰਤਨ ਦਾ ਖ਼ਾਸ ਤੌਰ ਤੇ ਸ਼ੌਕ ਸੀ ਅਤੇ ਦੁਤਾਰਾ ਨਾਮਕ ਸੰਗੀਤ ਦੇ ਸਾਜ਼ ਨੂੰ ਵਰਤਣ ਵਿਚ ਉਹ ਖ਼ਾਸ ਪਰਬੀਨਤਾ ਰਖਦੀ ਸੀ। ਸਵੇਰ ਸ਼ਾਮ ਗੁਰਬਾਣੀ ਦਾ ਪਾਠ ਕਰਨਾ ਅਤੇ ਕੀਰਤਨ ਚੌਕੀ ਲਾਉਣਾ ਆਪ ਦਾ ਨਿਤਨੇਮ ਸੀ। ਆਪ ਦਾ ਜੀਵਨ ਸੱਚਾ ਸੁਚਾ-ਇਕ ਆਦਰਸ਼ਕ ਸਿਖੀ ਜੀਵਨ ਸੀ ਜਿਸ ਦੇ ਸੁੱਚਜੇ ਪਰਭਾਵ ਹੇਠ ਆਪ ਦੇ ਸਪੁਤਰ ਜੱਸਾ ਸਿੰਘ ਦਾ ਜੀਵਨ ਢੱਲਿਆ ਸੀ।

ਵਿਆਹ ਤੋਂ ਕਾਫ਼ੀ ਚਿਰ ਬਾਦ ਤਕ ਬਦਰ ਸਿੰਘ ਜੀ ਦੇ ਘਰ ਕੋਈ ਸੰਤਾਨ ਨਾ ਹੋਈ। ਪਤੀ ਪਤਨੀ ਅਰਦਾਸ ਲਈ ਗੁਰੂਗੋਬਿੰਦ ਸਿੰਘ ਜੀ ਦੀ ਸੇਵਾ ਵਿਚ ਹਾਜ਼ਰ ਹੋਏ ਅਤੇ ਉਨ੍ਹਾਂ ਅਸੀਸ ਦਿੱਤੀ "ਵਾਹਿਗੁਰੂਅਕਾਲ ਪੁਰਖ ਦੀ ਅਰਾਧਨਾ ਕਰੋ, ਸਾਧ ਸੰਗਤ ਦੀ ਸੇਵਾ ਕਰੋ, ਗੁਰੁਨਾਨਕ ਦਾ ਧਿਆਨ ਧਰੋ, ਗੁਰੂਅੰਗ ਸੰਗ ਹੈ। ਤੁਹਾਡਾ ਪੁੱਤਰ ਗੁਰੂਕਾ ਲਾਲ ਹੋਵੇਗਾ।" 17●8 ਈ ਵਿਚ ਗੁਰੂਜੀ ਨੰਦੇੜ ਵਿਖ ਜੋਤੀ ਜੋਤ ਸਮਾ ਗਏ। ਪਰੰਤੂਉਨ੍ਹਾਂ ਦੀ ਅਸੀਸ ਅਟਲ ਸਾਬਤ ਹੋਈ। ਸੰਮਤ 1775, ਬਿਸਾਖ ਸੁਦੀ ਪੂਰਨਮ ਸ਼ੀ 3 ਮਈ, ਸੰਨ 1718 ਈ. ਨੂੰ ਗੁਰੂਕੇ ਲਾਲ ਜੱਸਾ ਸਿੰਘ ਦਾ ਜਨਮ ਹੋਇਆ। ਹੁਲਾਸ ਵਿਚ ਆਏ ਮਾਤਾ-ਪਿਤਾ ਨੇ ਵਾਹਿਗੁਰੂਦਾ ਵਾਰ-ਵਾਰ ਧੰਨਵਾਦ ਕੀਤਾ।

ਮਾਤਾ ਨੂੰ ਬੜੀ ਚਾਹ ਨਾਲ ਜੱਸਾ ਸਿਘ ਨੂੰ ਪਾਲਣਾ ਸ਼ੁਰੂਕੀਤਾ। ਗੁਰਬਾਣੀ ਅਤੇ ਕੀਰਤਨ ਦੀ ਸਿਖਿਆ ਦੇਣੀ ਅਰੰਭੀ। ਬਾਲ ਜੱਸਾ ਸਿੰਘ ਦੇ ਉਮਰ ਦੇ ਅਜੇ ਚਾਰ ਵਰ੍ਹੇ ਹੀ ਪੂਰੇ ਕੀਤੇ ਸਨ ਕਿ ਉਸ ਦੇ ਪਿਤਾ ਬਿਦਰ ਸਿੰਘ ਜੀ ਆਪਣੀ ਜੀਵਨ ਯਾਤਰਾ ਸੰਪੂਰਨ ਕਰ ਕੇ ਮਹਾਨ ਜੋਤ ਵਿਚ ਜਾ ਰਲੇ। ਹੁਣ ਜੱਸਾ ਸਿੰਘ ਦੀ ਮਾਤਾ ਨੂੰ ਘਰ ਬਾਰ ਦਾ ਸਾਰੇ ਦਾ ਸਾਰਾ, ਭਾਰ ਚੁਕਣਾ ਪਿਆ। ਮਾਤਾ ਜੀ ਵਾਸਤੇ ਇਹ ਸਮਾਂ ਬੜਾ ਬਿਖੜਾ ਸੀ। ਇਕ ਪਾਸੇ ਤਾਂ ਪਤੀ ਦਾ ਸਾਇਆ ਸਿਰ ਤੋਂ ਉਠ ਗਿਆ ਸੀ ਅਤੇ ਦੂਜੇ ਪਾਸੇ ਸਰਕਾਰ ਸਿੰਘਾਂ ਦੇ ਲਹੂਦੀ ਤਿਹਾਈ ਹੋ ਰਹੀ ਸੀ। ਪਰ ਜੱਸਾ ਸਿੰਘ ਦੀ ਮਾਤਾ ਅਡੋਲ ਰਹੀ,

ਪਤੀ ਦਾ ਅਕਾਲ ਚਲਾਣਾ ਵਾਹਿਗੁਰੂਦਾ ਭਾਣਾ ਸਮਝ ਅਕਾਲ ਪੁਰਖ ਦੀ ਰਜ਼ਾ ਅਤੇ ਯਾਦ ਵਿਚ ਦਿਲ ਬਤੀਤ ਕਰਨ ਲੱਗੀ।

ਗੁਰੂਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਸਮਾ ਜਾਣ ਪਿਛੋਂ ਮਾਤਾ ਸੁੰਦਰੀ ਜੀ ਦਿਲੀ ਵਿਚ ਨਿਵਾਸ ਕਰ ਰਹੇ ਸਨ। ਇਥੇ ਹੀ ਸਿੱਖ ਸੰਗਤਾਂ ਉਨ੍ਹਾਂ ਪਾਸ ਦਸਮ ਪਾਤਸ਼ਾਹ ਦੇ ਕੌਤਕ ਪੁਛਣ ਅਥਵਾ ਸਿੱਖੀ ਵਿਚਾਰਧਾਰਾ ਦੇ ਰਹੱਸ ਨੂੰ ਬੁਝਣ ਹਿੱਤ ਹਾਜ਼ਰ ਹੋਇਆ ਕਰਦਿਆਂ ਸਨ। ਜੱਸਾ ਸਿੰਘ ਦੇ ਜਨਮ ਤੋਂ ਪਿਛੋਂ ਮਾਤਾ ਨੂੰ ਭਾਵੇ ਕਈ ਵਾਰੀ ਖਿਆਲ ਆਇਆ ਸੀ, ਪਰੰਤੂਉਨ੍ਹਾਂ ਨੂੰ ਦਿੱਲੀ ਜਾਣ ਦਾ ਮੌਕਾ ਨਈਂ ਮਿਲਿਆ ਸੀ। ਸੰਮਤ 1780 ਬਿ: ਸੰਨ 1723 ਈ. ਨੂੰ ਕੁਝ ਸੰਗਤਾਂ ਨੇ ਦਿਲੀ ਜਾਣ ਦਾ ਪਰੋਗਰਾਮ ਬਣਾਇਆ। ਇਹ ਖ਼ਬਰ ਸੁਣ ਕੇ ਜੱਸਾ ਸਿੰਘ ਦੀ ਮਾਤਾ ਵੀ ਤਿਆਰ ਹੋ ਗਈ।

ਦਿਲੀ ਪੁੱਜ ਕੇ ਜੱਸਾ ਸਿੰਘ ਦੀ ਮਾਤਾ ਨੇ ਗੁਰਪਤਨੀ ਮਾਤਾ ਸੁੰਦਰੀ ਦੀ ਬਹੁਤ ਸੇਵਾ ਕੀਤੀ। ਉਸ ਦੇ ਮਧੁਰ ਅਤੇ ਲੁਭਾਏਮਾਨ ਕੀਰਤਨ ਨੇ ਮਾਤਾ ਦੇ ਦਿਲ ਤੇ ਇਨ੍ਹਾਂ ਡੂੰਘਾ ਅਸਰ ਕੀਤਾ ਕਿ ਉਨ੍ਹਾਂ ਤੇ ਜੱਸਾ ਸਿੰਘ ਅਤੇ ਉਸਦੀ ਮਾਤਾ ਨੂੰ ਆਪਣੇ ਪਾਸ ਠਹਿਰਾ ਲਿਆ।

ਮਾਤਾ ਸੁੰਦਰੀ ਜੀ ਜੱਸਾ ਸਿੰਘ ਨੂੰ ਖ਼ਾਸ ਕਰਕੇ ਬਹੁਤ ਪਿਆਰ ਕਰਦੇ ਸਨ। ਉਸ ਨੂੰ ਆਪਣੇ ਪੁਤਰ ਵਾਂਗ ਲਾਡ ਲਡਾਉਂਦੇ, ਖੁਆਂਦੇ ਪਿਆਂਦੇ ਅਤੇ ਪਾਲਨਾ ਕਰਦੇ। ਉਸਨੂੰ ਸਿਖੀ ਵਿਚ ਪਰਪੱਕ ਵੇਖ ਬਹੁਤ ਖ਼ੁਸ਼ ਹੁੰਦੇ ਅਤੇ ਅਸੀਸਾ ਦਿੰਦੇ ਨਾ ਥਕਦੇ। ਗੁਰ-ਪਤਨੀ ਮਾਤਾ ਸੁੰਦਰੀ ਜੀ ਦੀ ਦੇਖ-ਰੇਖ ਸਦਕਾ ਉਸ ਨੂੰ ਸਿਖ ਗੁਰੂਸਹਿਬਾਨ ਦੇ ਜੀਵਨ, ਉਨ੍ਹਾਂ ਦੀਆਂ ਸਿਖਿਆਵਾਂ ਅਤੇ ਸਿਖੀ ਵਿਚਾਰਧਾਰਾ, ਦੇ ਆਤਮਿਕ ਅਤੇ ਸਮਾਜਿਕ ਪੱਖਾਂ ਲੂੰ ਜਿਥੇ ਗੂੜ੍ਹੀ ਜਾਣਕਾਰੀ ਪਰਾਪਤ ਹੋਈ, ਉਥੇ ਉਸ ਦੇ ਮਨ ਵਿਚ ਉਨ੍ਹਾਂ ਨੂੰ ਅਸਲੀ ਜਾਮਾ ਪਹਿਨਾਉਣ ਦੀ ਤੀਬਰ ਇੱਛਾ ਵੀ ਉਤਪੰਨ ਹੋਈ। ਮਾਤਾ ਜੀ ਪਾਸ ਰਹਿਕੇ ਉਸ ਨੇ ਕੇਵਨ ਧਾਰਮਿਕ ਅਤੇ ਇਤਿਹਾਸਕ ਪੁਸਤਕਾਂ ਹੀ ਨਹੀਂ ਸੀ ਪੜ੍ਹੀਆਂ, ਸਗੋਂ ਦਿੱਲੀ ਦੇ ਇਕ ਪਰਸਿੱਧ ਮਕਤਬ (ਸਕੂਲ) ਵਿਚ ਜਾਂ ਕੇ ਫ਼ਾਰਸੀ ਭਾਸ਼ਾ ਦਾ ਅਧਿਐਨ ਵੀ ਕੀਤਾ ਸੀ। ਦਿੱਲੀ ਦੀ ਬੋਲੀ ਚੁੰਕਿ ਹਿੰਦੁਸਤਾਨੀ ਸੀ ਅਤੇ ਸਾਰਾ ਚਗਿਰਦਾ ਇਹੋ ਬੋਲੀ ਬੋਲਦਾ ਸੀ, ਇਸ ਲਈ ਉਸ ਦੀ ਬੋਲੀ ਵੀ ਹਿੰਦੁਸਤਾਨੀ ਹੀ ਹੋ ਗਈ ਅਤੇ ਇਸ ਦਾ ਅਸਰ ਵੱਡੀ ਉਮਰ ਤਕ ਉਸ ਦੀ ਬੋਲਚਾਲ ਵਿਚ ਰਿਹਾ। ਬਾਲ ਜੱਸਾ ਸਿੰਘ ਐਸੀਆਂ ਸੁਲਝੀਆਂ ਵਿਚਾਰਾਂ ਕਰਦੇ ਕਿ ਮਾਤਾ ਸੁੰਦਰੀ ਜੀ ਨੇ ਇਕ ਵਾਰੀ ਗੋਦ ਵਿਚ ਲੈ ਕੇ ਫ਼ੁਰਮਾਇਆ "ਯਹ ਬਾਦਸ਼ਾਹ ਪੰਥ ਹੈ।"

## ਕਾਂਡ 2

# ਜੱਸਾ ਸਿੰਘ ਸ੍ਰ. ਕਪੂਰ ਸਿੰਘ ਦੀ ਛਤਰ ਛਾਇਆ ਹੇਠ

ਸਰਦਾਰ ਬਾਘ ਸਿੰਘਾ ਹਲੋਵਾਲੀਆ ਆਪਣੇ ਭਾਣਜੇ ਜੱਸਾ ਸਿੰਘ ਨਾਲ ਬਹੁਤ ਪਿਆਰ ਕਰਦਾ ਸੀ। ਇਸ ਦਾ ਇਕ ਕਾਰਣ ਤਾਂ ਇਹ ਸੀ ਕਿ ਉਹ ਬੜਾ ਹੋਣਹਾਰ ਅਤੇ ਉਸਦੀ ਪਿਆਰੀ ਵਡੀ ਭੈਣ ਦਾ ਸਪੁੱਤਰ ਸੀ ਅਤੇ ਦੂਜੇ ਉਹ ਸੰਤਾਨ ਦੀ ਘਾਟ ਦੇ ਸਿੱਟੇ ਵਜੋਂ ਉਤਪੰਨ ਹੋਏ, ਮਾਨਸਿਕ ਅਸੰਤੋਸ਼ ਤੋਂ ਮੁਕਤ ਹੋਣਾ ਚਾਹੁੰਦਾ ਸੀ। ਕਿਹਾ ਜਾਂਦਾ ਹੈ ਕਿ ਦੋ ਕੁ ਵਾਰੀ ਜਦ ਉਹ ਆਪਣੀ ਭੈਣ ਨੂੰ ਦਿੱਲੀ ਮਿਲਣ ਗਿਆ ਤਾਂ ਉਸ ਨੇ ਉਸ ਨੂੰ ਜੱਸਾ ਸਿੰਘ ਸਮੇਤ ਪੰਜਾਬ ਆਉਣ ਲਈ

ਕਿਹਾ, ਪਰੰਤੂਮਾਤਾ ਸੁੰਦਰੀ ਜੀ ਦੇ ਕਹਿਣ ਉਤੇ ਉਸ ਨੇ ਇਰਾਦਾ ਬਣਲ ਦਿੱਤਾ। ਦੇਸ਼ ਦੀ ਹਾਲਤ ਵੀ ਖ਼ਾਲਸੇ ਲਈ ਬੜੀ ਬਿਖੜੀ ਸੀ। ਇਸ ਲਈ ਜੱਸਾ ਸਿੰਘ ਤੇ ਉਸ ਦੀ ਮਾਤਾ ਛੇ ਸੱਤ ਸਾਨ ਉਥੇ ਟਿਕੇ ਰਹੇ। ਉਪਰੰਤ ਜਿਸ ਬਾਲਕ ਨੂੰ ਮਾਤਾ ਸੁੰਦਰੀ ਜੀ ਨੇ ਇੰਨਾ ਸਮਾਂ ਪੁੱਤਰ ਵਾਂਗ ਪਾਲਿਆ ਹੋਇਆ ਸੀ, ਉਸ ਨੂੰ ਵਿਛੋੜਨਾ ਕੋਈ ਸੌਖੀ ਗੱਲ ਨਹੀਂ ਸੀ।

ਸੰਨ 1729 ਈ. ਵਿਚ ਬਾਘ ਸਿੰਘ ਨੇ ਫਿਰ ਦਿਲੀ ਫੇਰੀ ਪਾਈ। ਇਸ ਵਾਰੀ ਉਸਨੇ ਅਤਿ ਅਧੀਨਗੀ ਨਾਲ ਮਾਤਾ ਸੁੰਦਰੀ ਜੀ ਲੂੰ ਆਪਣੀ ਭੈਣ ਅਤੇ ਭਾਣਜੇ ਨੂੰ ਵਾਪਸ ਪੰਜਾਬ ਲਿਆਉਣ ਲਈ ਆਗਿਆ ਮੰਗੀ। ਭਾਵੇਂ ਮਾਤਾ ਜੀ ਅਜੇ ਵੀ ਉਨ੍ਹਾਂ ਨੂੰ ਆਪਣੇ ਨਾਲੋਂ ਨਿਖੇੜਨਾ ਨਹੀਂ ਚਾਹੁੰਦੇ ਸਨ, ਪਰ ਬਾਘ ਸਿੰਘ ਦੇ ਬਹੁਤ ਹੀ ਖਹਿੜੇ ਪੈਣ ਕਾਰਣ ਉਨ੍ਹਾਂ ਨੇ ਜੱਸਾ ਸਿੰਘ ਤੇ ਉਸਦੀ ਮਾਤਾ ਨੂੰ ਪੰਜਾਬ ਜਾਣ ਦੀ ਆਗਿਆ ਦੇ ਦਿੱਤੀ।

ਤੁਰਨ ਵੇਲੇ ਮਾਤਾ ਜੀ ਨੇ ਸਰਦਾਰ ਬਾਘ ਸਿੰਘ ਨੂੰ ਅਤੇ ਉਸ ਦੀ ਭੈਣ ਨੂੰ ਸਿਖੀ ਸਿਦਕ ਦਾ ਉਪਦੇਸ਼ ਦਿੱਤਾ ਅਤੇ ਜੱਸਾ ਸਿੰਘ ਨੂੰ ਵਿਦਾਇਗੀ ਵਜੋਂ ਇਕ ਕਿਰਪਾਨ, ਇਕ ਗੁਰਜ, ਢਾਲ, ਕਮਾਨ, ਤੀਰਾਂ ਦਾ ਭੱਥਾ, ਪੁਸ਼ਾਕਾਂ ਅਤੇ ਇਕ ਚਾਂਦੀ ਦੀ ਚੋਬ (ਅਸਾ-ਆਸਾ) ਬਖ਼ਸ਼ ਕੇ ਅਸੀਸ ਦਿੱਤੀ ਕਿ "ਤੇਰੇ ਔਰ ਤੇਰੀ ਸੰਤਾਨ ਅਗੇ ਆਸਿਆਂ ਵਾਲੇ (ਚੋਬਦਾਰ) ਚਲਿਆ ਕਰਨਗੇ"। ਵਾਹਿਗੁਰੂਦੀ ਕਿਰਪਾ ਨਾਲ ਮਾਤਾ ਜੀ ਦੇ ਇਹ ਵਾਕ ਇੰਨ ਬਿੰਨ ਪੂਰੇ ਹੋਏ।

ਪੰਜਾਬ ਪੁਜਕੇ ਜੱਸਾ ਸਿੰਘ ਨੇ ਸ਼ਸਤਰ ਵਿਦਿਆ, ਘੋੜ ਸਵਾਰੀ ਤੇ ਤੀਰਅੰਦਾਜ਼ੀ ਦੇ ਜੋਹਰ ਸਿਖੇ। ਕਦ-ਕਾਠ ਚੰਗਾ ਨਿਕਲ ਆਇਆ ਸੀ। ਆਵਾਜ਼ ਵੀ ਭਰਵੀਂ ਸੀ। ਫ਼ੁਰਤੀਲਾ ਵੀ ਬੜਾ ਸੀ। ਕਦੇ ਸੰਜੋਅ ਨਹੀਂ ਪਹਿਨੀ ਸੀ। ਪਿਛੋਂ ਰਣ-ਨੀਤੀ ਸਮਝਾਉਂਦੇ ਹੋਏ ਸਿਖਾਂ ਨੂੰ ਕਿਹਾ ਕਰਦਾ ਸੀ ਕਿ ਸੰਜੋਅ ਪਹਿਨਣ ਨਾਲ ਲੜਨ ਵਿਚ ਦਿੱਕਤ ਹੁੰਦੀ ਹੈ। ਵਾਰ ਕਰਨ ਵਿਚ ਔਖਿਆਈ ਹੁੰਦੀ ਹੈ। ਸੰਜੋਟ ਤਾਂ ਬਚ ਕੇ ਲੜਨ ਵਾਲਿਆਂ ਲਈ ਹੁੰਦਾ ਹੈ। ਸਿੰਘ ਲਲਕਾਰ ਕੇ ਲੜਦਾ ਹੈ। ਕਿਤਨੇ ਹੀ ਜ਼ਖਮ ਸਰੀਨ ਤੇ ਸਨ, ਰਤਾ ਭਰ ਪ੍ਰਵਾਹ ਨਹੀਂ ਸਨ ਕਰਦੇ।

ਦਿੱਲੀ ਤੋਂ ਜੱਸਾ ਸਿੰਘ ਅਤੇ ਉਸਦੀ ਮਾਤਾ ਸ੍ਰ: ਬਾਘ ਸਿੰਘ ਜੀ ਨਾਲ ਜਲੰਧਰ ਆ ਗਏ। ਇਨ੍ਹੀ ਦਿਨੀਂ ਮੁਗਲ ਸਰਕਾਰ ਸਿਖਾਂ ਦਾ ਖੁਰਾਖੋਜ ਮਿਟਾਉਣ ਲਈ ਭਰਪੂਰ ਯਤਨ ਕਰ ਰਹੀ ਸੀ ਅਤੇ ਇਸ ਮੰਤਵ ਦੀ ਪੂਰਤੀ ਲਈ ਉਸ ਨੇ ਕਈ ਫੁਰਮਾਨ ਵੀ ਜਾਰੀ ਕਰ ਰੱਖੇ ਸਨ ਜਿਨ੍ਹਾਂ ਨੂੰ ਅਮਲੀ ਜਾਮਾ ਪਹਿਨਾਉਣ ਲਈ ਮੁਗਲ ਗਸ਼ਤੀ ਫੌਜੀ ਟੁਕੜੀਆਂ ਸਿਖਾਂ ਨੂੰ ਲਭ ਕੇ ਉਨ੍ਹਾਂ ਨੂੰ ਮੁਕਾ ਰਹੀਆਂ ਸਨ ਜਾਂ ਗ੍ਰਿਫ਼ਤਾਰ ਕਰ ਰਹੀਆਂ ਸਨ। ਅਜਿਹੀ ਅਵਸੱਥਾ ਦੇ ਸਨਮੁਖ ਬਾਘ ਸਿੰਘ ਨੇ ਪਿੰਡ ਹਲੋਂ ਤੋਂ ਉਠ ਕੇ ਜਲੰਧਰ ਆ ਟਿਕਣਾ ਮੁਨਾਸਬ ਸਮਝਿਆਂ ਸੀ। ਕਿਉਂਕਿ ਮੁਗਲ ਸਰਕਾਰ ਦਾ ਸਿਖਾਂ ਪ੍ਰਤੀ ਦਮਨ ਚਕਰ ਲਾਹੌਰ ਦੇ ਇਰਦ ਗਿਰਦ ਦੇ ਇਲਾਕੇ ਵਿੱਚ ਜ਼ਰਾਂ ਵਧੇਰੇ ਕਠੌਰ ਸੀ। ਉਨ੍ਹੀਂ ਦਿਨੀਂ ਸ: ਕਪੂਰ ਸਿੰਘ ਨੇ ਆਪਣੇ ਜੱਥੇ ਸਮੇਤ ਕਰਤਾਰਪੁਰ ਦੀ ਜੂਹ ਵਿਚ ਡੇਰੇ ਲਾਏ ਹੋਏ ਸਨ। ਉਥੇ ਸ: ਬਾਘ ਸਿੰਘ ਨੂੰ ਫੁਰਨਾ ਫੁਰਿਆ ਕਿ ਕਿੰਨਾ ਚੰਗਾ ਹੋਵੇਗਾ ਜੋ ਉਹ ਉਨ੍ਹਾਂ ਦੀ ਭੈਣ ਤੇ ਉਨ੍ਹਾਂ ਦੇ ਭਾਣਜੇ ਨੂੰ ਸ: ਕਪੂਰ ਸਿੰਘ ਦੀ ਸਗਤ ਵਿਚ ਗੁਰਪੁਰਬ ਮਨਾਉਣ ਦਾ ਮੌਕਾ ਮਿਲ ਜਾਏ। ਗੁਰਪੁਰਬ ਦੀ ਮਿਤੀ ਨੇੜੇ ਹੀ ਸੀ। ਸਮਾਂ ਆਉਣ ਤੇ ਉਹ ਆਪਣੀ ਭੈਣ ਅਤੇ ਭਾਣਜੇ ਸਮੇਤ ਕਰਤਾਰਪੁਰ ਦੀ ਜੂਹ ਵਿੱਚ ਸ: ਕਪੂਰ ਸਿੰਘ ਦੇ ਡੇਰੇ ਪੁਜ ਗਿਆ।

ਸਵੇਰੇ ਅੰਮ੍ਰਿਤ ਵੇਲੇ ਜੱਸਾ ਸਿੰਘ ਤੇ ਉਨ੍ਹਾਂ ਦੀ ਮਾਤਾ ਨੇ ਆਸਾ ਜੀ ਦੀ ਵਾਰ ਲਾਈ। ਇਸ ਮਧੁਰਤਾ ਤੇ ਸ਼ਰਧਾ ਨਾਲ ਦੁਤਾਰੇ ਸੰਗ ਸ਼ਬਦ ਪੜ੍ਹੇ ਕਿ ਸ੍ਰ: ਕਪੂਰ ਸਿੰਘ ਅਤੇ ਉਨ੍ਹਾਂ ਦੇ ਸੰਗੀ-ਸਾਥੀ ਮੁੱਖੀਏ ਬਲਿਹਾਰ ਹੋ ਉਠੇ। ਉਨ੍ਹਾਂ ਨੇ ਬਾਘ ਸਿੰਘ, ਜੱਸਾ ਅਤੇ ਉਨ੍ਹਾਂ ਦੀ ਮਾਤਾ ਨੂੰ ਉਥੇ ਹੀ ਠਹਿਰਾ ਲਿਆ।

ਜੱਸਾ ਸਿੰਘ ਦੀ ਉਮਰ ਉਸ ਵੇਲੇ ਲਗ-ਪਗ 12 ਵਰ੍ਹਿਆਂ ਦੀ ਸੀ। ਉਸਦਾ ਇੰਨੀ ਛੋਟੀ ਉਮਰ ਵਿਚ ਲਿਯਮਤ ਜੀਵਨ, ਉਸ ਦਾ ਸੀਲ ਸੁਭਾ, ਸੇਵਾ-ਭਾਵ, ਸਿਖ ਵਿਚਾਰਧਾਰਾ ਨਾਲ ਪਿਆਰ-ਇਹ ਸਭ ਅਜਿਹੀਆਂ ਗੱਲਾਂ ਸਨ ਜਿਨ੍ਹਾਂ ਦਾ ਸ੍ਰ: ਕਪੂਰ ਸਿੰਘ ਉਤੇ ਬੜਾ ਗਹਿਰਾ ਪ੍ਰਭਾਵ ਪਿਆ। ਉਸ ਨੇ ਜੱਸਾ ਸਿੰਘ ਦੀ ਮਾਤਾ ਅਤੇ ਉਸ ਦੇ ਮਾਮੇ ਬਘੇਲ ਸਿੰਘ ਨੂੰ ਬਿਨਤੀ ਕੀਤੀ ਕਿ ਉਹ ਜੱਸਾ ਸਿੰਘ ਨੂੰ ਉਸ ਪਾਸ ਹੀ ਠਹਿਰਣ ਦੇਣ।

ਸਰਦਾਰ ਕਪੂਰ ਸਿੰਘ ਉਸ ਵੇਲੇ ਪੰਥ ਦੇ ਮੁੱਖੀ ਸਰਦਾਰਾਂ ਵਿਚੋਂ ਸੀ। ਉਹ ਕਥਨੀ ਅਤੇ ਕਰਣੀ ਦਾ ਸੂਰਾ ਸੀ। ਉਸ ਨੇ ਭਾਈ ਮਨੀ ਸਿੰਘ ਪਾਸੋਂ ਅੰਮ੍ਰਿਤ ਛਕਿਆ ਸੀ ਅਤੇ ਫਿਰ ਉਨ੍ਹਾਂ ਪਾਸੋਂ ਸਿਖੀ ਵਿਚਾਰਧਾਰਾ ਅਤੇ ਸਿਖੀ ਸਬੰਧੀ ਜਾਣਕਾਰੀ ਪ੍ਰਾਪਤ ਕੀਤੀ ਸੀ। ਉਸ ਨੇ ਬੰਦਾ ਬਹਾਦੁਰ ਤੋਂ ਪਿਛੋਂ ਸਿਖ ਪੰਥ ਦੀ ਹਰ ਪਖੋਂ ਇੰਨੀ ਸੇਵਾ ਕੀਤੀ ਕਿ ਉਸ ਦਾ ਹਰ ਆਮ ਖਾਸ ਵਿਅਕਤੀ ਸਤਿਕਾਰ ਕਰਦਾ ਸਨ। ਉਹ ਬਹੁਪੱਖੀ ਸ਼ਖਸੀਅਤ ਦਾ ਮਾਲਕ ਸੀ ਜਿਸ ਦਾ ਹਰ ਪੱਖ ਖੂਬਸੂਰਤ ਸੀ ਉਹ ਉਚ ਕੋਟੀ ਦਾ ਚਿੰਤਕ, ਸੂਰਬੀਰ ਅਤੇ ਅਦੁੱਤੀ ਧਾਰਮਿਕ ਨੇਤਾ ਸੀ। ਉਹ ਬਾਣੀ ਪੜ੍ਹਨ ਅਤੇ ਸੁਣਨ ਦਾ ਬਹੁਤ ਸ਼ੌਕੀਨ ਸੀ। ਕੀਰਤਨ ਕਰਨ ਦੀ ਉਸ ਵਿਚ ਬਹੁਤ ਲਗਨ ਸੀ। ਇਹ ਉਹੀ ਤਿਆਗੀ ਮਹਾਪੁਰਸ਼ ਸੀ ਜਿਸ ਨੇ ਸੰਮਤ 179● ਬਿ. (ਸੰਨ 1733 ਈ.) ਵਿਚ ਸਰਕਾਰ ਵਲੋਂ ਆਈ ਨਵਾਬੀ ਲਿਖਤ ਖਾਲਸੇ ਵਲੋਂ ਦੀਵਾਨ ਵਿਚ ਦਿੱਤੇ ਜਾਣ ਪਰ ਹੱਥ ਜੋੜ ਕਿ ਬੇਨਤੀ ਕੀਤੀ ਸੀ : "ਗੁਰੂਰੂਪ ਖਾਲਸੇ ਵਲੋਂ ਦਿੱਤੀ ਲਿਖਤ ਤਾਂ ਮੈਂ ਲੈਣੋਂ ਨਾਂਹ ਨਹੀਂ ਕਰ ਸਕਦਾ, ਪਰ ਮੇਰੇ ਪਾਸੋਂ ਖਾਲਸੇ ਦੀ ਪਖੇ ਲੰਗਰ ਆਦਿ ਦੀ ਸੇਵਾ ਨਾ ਖੋਹੀ ਜਾਵੇ।" ਅਜਿਹੇ ਮਹਾਨ-ਆਤਮਾ ਸੰਤ ਸਿਪਾਹੀ ਦੀ ਸੇਵਾ ਵਿਚ ਰਹਿਣ ਨੂੰ ਖਾਲਸੇ ਦੇ ਵੱਡੇ ਵੱਡੇ ਆਗੂਉਸ ਸਮੇਂ ਆਪਣੇ ਧੰਨ ਭਾਗ ਸਮਝਦੇ ਸਨ। ਸਰਦਾਰ ਬਾਘ ਸਿੰਘ ਅਤੇ ਉਨ੍ਹਾਂ ਦੀ ਭੈਣ ਜੱਥੇਦਾਰ ਕਪੂਰ ਸਿੰਘ ਦੇ ਬਚਨ ਕਿਵੇਂ ਮੋੜ ਸਕਦੇ ਸਨ। ਉਨ੍ਹਾਂ ਨੇ ਬੜੀ ਨਿਮਰਤਾ ਸਹਿਤ ਬੇਨਤੀ ਕੀਤੀ ਕਿ ਅਸੀਂ ਇਹ ਬੱਚਾ ਆਪ ਦੀ ਝੋਲੀ ਵਿਚ ਪਾਉਂਦੇ ਹਾਂ ਇਹ ਹੁਣ ਤੁਹਾਡਾ ਪੁਤਰ ਹੋਇਆ। ਬਸ ਫੇਰ ਕੀ ਸੀ। ਖਾਲਸੇ ਨੇ ਝਟ 'ਸਤਿ ਸ੍ਰੀ ਅਕਾਲ, ਦਾ ਜੈਕਾਰਾ ਗਜਾ ਦਿੱਤਾ ਅਤੇ ਸਤਿਗੁਰੂਦੇ ਹਜੂਰ ਅਰਦਾਸਾ ਸੋਧ ਦਿੱਤਾ। ਇਸ ਦਿਨ ਤੋਂ ਜੱਸਾ ਸਿੰਘ ਸ੍ਰ: ਕਪੂਰ ਸਿੰਘ ਜੀ ਦਾ ਪਰਮ-ਪੁੱਤਰ ਪਰਸਿੱਧ ਹੋਇਆ।

ਸ੍ਰ: ਕਪੂਰ ਸਿੰਘ ਜੀ ਨੇ ਸ਼ਸਤਰ ਵਿਦਿਆ ਦੇ ਮਾਹਿਰਾਂ ਪਾਸੋਂ ਜੱਸਾ ਸਿੰਘ ਨੂੰ ਘੋੜ ਸਵਾਰੀ, ਤਲਵਾਰ ਚਲਾਉਣੀ, ਨੇਜ਼ਾ ਬਾਜ਼ੀ ਅਤੇ ਤੀਰ ਕਮਾਨ ਚਲਾਉਣ ਆਦਿ ਦੀ ਵਰਤੋਂ ਸਿਖਾਈ। ਲੜਾਈ ਦੇ ਦਾਉ-ਪੇਚਾਂ ਨਾਲ ਵੀ ਉਸ ਨੂੰ ਜਾਣੂਕਰਾਇਆ ਗਿਆ। ਉਪਰੰਤ ਬਕਾਇਦਾ ਸਰੀਰਕ ਕਸਰਤ ਸਦਕਾ, ਜੱਸਾ ਸਿੰਘ ਇਕ ਨਰੋਆ ਗਭਰੂਬਣ ਗਿਆ। ਉਸ ਦੇ ਬਾਜੂਆਂ ਵਿੱਚ ਇੰਨੀ ਤਾਕਤ ਆ ਗਈ ਕਿ ਉਹ 16 ਸੇਰ ਦਾ ਖੰਡਾ ਰੱਥ ਵਿਚ ਫੜੀ ਇੰਜ ਘੁਮਾਉਂਦਾ ਸੀ ਕਿ ਜਿਵੇਂ ਉਹ ਕਖ ਤੋਂ ਵੀ ਹੌਲਾ ਹੋਵੇ। ਆਪਣੀ ਸੈਨਿਕ ਯੋਗਤਾ ਅਤੇ ਹਥਿਆਰ ਚਲਾਉਣ ਵਿਚ ਪ੍ਰਬੀਨਤਾ ਉਸ ਨੇ ਆਗਾਮੀ ਜ਼ਿੰਦਗੀ ਵਿਚ ਕਈ ਵਾਰੀ ਪ੍ਰਗਟਾਈ ਅਤੇ ਸਾਥੀਆਂ ਪਾਸੋਂ ਸਰਾਹਣਾ ਪ੍ਰਾਪਤ ਕੀਤੀ।

ਜੱਸਾ ਸਿੰਘ ਦੀ ਜੀਵਨ-ਵਿੱਧੀ ਜਿਸ ਦਾ ਵਿਕਾਸ ਉਸ ਦੀ ਮਾਤਾ ਦੇ ਯਤਨਾਂ ਸਦਕਾ ਹੋਇਆ ਸੀ, ਕਪੂਰ ਸਿੰਘ ਨੂੰ ਬਹੁਤ ਪਸੰਦ ਆਇਆ। ਖਾਲਸੇ ਦੇ ਦੀਵਾਨਾਂ ਵਿੱਚ ਗੁਰੁਦੀਆਂ ਸੰਗਤਾ ਦੀ ਸੇਵਾ ਕਰਨਾ, ਪੱਖਾ ਝਲਣਾ, ਲੰਗਰ ਵਿਚ ਭਾਂਡੇ ਮਾਜਣੇ, ਸਵੇਰ-ਸ਼ਮਾ ਗੁਰਬਾਣੀ ਦੇ ਪਾਠ ਅਤੇ ਸ਼ਬਦ-ਕੀਰਤਨ ਵਿਚ ਸਾਰਿਆਂ ਨਾਲੋਂ ਅਗੇ ਅੱਗੇ ਹੋਣਾ ਇਸ ਨੌਜਵਾਨ ਦੇ ਖਾਸ ਗੁਣ ਸਨ ਜਿਨ੍ਹਾਂ ਨੇ ਉਸ ਨੂੰ ਸਰਦਾਰ ਕਪੂਰ ਸਿੰਘ ਅਤੇ ਦੂਜੇ ਸਰਦਾਰਾ ਦੀਆਂ ਅੱਖਾਂ ਵਿਚ ਬਹੁਤ ਉੱਚਾ ਕਰ ਦਿੱਤਾ।

ਕੁਝ ਸਮਾਂ ਪਾ ਕੇ ਸ: ਕਪੂਰ ਸਿੰਘ ਨੇ ਆਪ ਪੰਜ ਪਿਆਰਿਆਂ ਵਿਚ ਸ਼ਾਮਲ ਹੋ ਕੇ ਜੱਸਾ ਸਿੰਘ ਨੂੰ ਪੰਡੇ ਦਾ ਅੰਮ੍ਰਿਤ ਛਕਾਇਆ ਅਤੇ ਖਾਲਸੇ ਦੀ ਰਹਿਤ ਦਾ ਉਪਦੇਸ਼ ਦਿੱਤਾ। ਕੁੰਦਨ ਤਾਂ ਉਹ ਅੱਗੇ ਹੀ ਸੀ, ਅੰਮ੍ਰਿਤ ਛਕਣ ਪਿਛੋਂ ਉਹ ਪਾਰਸ ਬਣ ਗਿਆ। ਉਹ ਕਦੀ ਵੀ ਅਹੰਕਾਰ ਦੀ ਗ੍ਰਿਫ਼ਤ ਵਿਚ ਨਾ ਆ ਸਕੇ। ਉਸ ਨੂੰ ਬਾਕਾਇਦਾ ਨਿੰਮਰਤਾ ਵਿਚ ਰਹਿਣ ਦਾ ਸਬਕ ਸਿਖਾਇਆ ਜਾਂਦਾ। ਇਸੇ ਪ੍ਰਥਾਏ, ਸ੍ਰ: ਕਪੂਰ ਸਿੰਘ ਨੇ ਖਾਲਸੇ ਦੇ ਘੋੜਿਆਂ ਨੂੰ ਦਾਣਾ ਵੰਡਣ ਅਤੇ ਉਨ੍ਹਾਂ ਦੀ ਲਿਦ ਚੁਕਣ ਦੀ ਸੇਵਾ ਸੰਭਾਲ ਦਿੰਤੀ। ਖਿੜੇ ਮੱਥੇ ਉਹ ਸੇਵਾ ਕਰਦਾ ਰਿਹਾ। ਸੇਵਾ ਦੁਆਰਾ ਉਸ ਦਾ ਮਨ ਵਿਕਸਿਤ ਹੋਇਆ, ਦੇਣ ਦੀ ਜਾਚ ਆਈ, ਆਪਾ ਵਾਰਨ ਦਾ ਸਬਕ ਮਿਲਿਆ ਅਤੇ ਨਾਲ ਹੀ ਇਹ ਸਮਝ ਆਈ ਕਿ ਕਾਮੇ ਅਤੇ ਕਿਰਤੀ ਕਿਸੇ ਤਰ੍ਹਾਂ ਵੀ ਅਖੌਤੀ ਉਚੇਰੀ ਜਾਤੀਆਂ ਨਾਲੋਂ ਨੀਵੇਂ ਨਹੀਂ।

ਜੱਸਾ ਸਿੰਘ ਬੜਾ ਸੁਭਾਗਾ ਨੌਜਵਾਨ ਸੀ। ਬਚਪਨ ਵਿਚ ਮਾਤਾ ਨੇ ਉਸ ਨੂੰ ਸਿਖੀ ਸੰਚੇ ਵਿਚ ਢਾਲਿਆ ਸੀ। ਉਪਰੰਤ ਉਸ ਨੂੰ ਗੁਰੂਪਤਨੀ ਮਾਤਾ ਸੁੰਦਰੀ ਜੀ ਦੀ ਸਰਪਰਸਤੀ ਮਾਣਨ ਦਾ ਮਾਣ ਪਰਾਪਤ ਹੋਇਆ। ਇਸ ਤੋਂ ਪਿਛੋਂ, ਉਸਨੂੰ ਪੰਥ ਦੇ ਮਹਾਨ ਆਗੂਅਤੇ ਸੇਵਕ ਸ੍ਰ: ਕਪੂਰ ਸਿੰਘ ਦੀ ਸਰਪਰਸਤੀ ਹੇਠ ਪਲਰਨ ਦਾ ਅਵਸਰ ਪ੍ਰਾਪਤ ਹੋਇਆ। ਯਕੀਨਨ, ਉਸ ਦੀ ਸ਼ਖਸੀਅਤ ਦਾ ਵਿਕਾਸ ਸੰਪੂਰਨਤਾ ਦੀਆਂ ਡਲ੍ਹਕਾਂ ਮਾਰਦਾ ਸੀ।

ਇਨ੍ਹੀਂ ਦਿਨੀਂ ਇਕ ਹੋਰ ਗੱਲ ਉਚੇਰੇ ਤੌਰ ਤੇ ਸਾਹਮਣੇ ਆਈ ਅਤੇ ਉਹ ਇਹ ਸੀ ਕਿ ਜੱਸਾ ਸਿੰਘ ਡਿਊਟੀ ਦਾ ਬਹੁਤ ਪੱਕਾ ਸੀ। ਇਕ ਰਾਤ ਬੜੇ ਜ਼ੋਰ ਦੀ ਵਰਖਾ ਹੋ ਰਹੀ ਸੀ। ਹਵਾ ਦੀ ਅਤਿ ਤੇਜ਼ ਗਤੀ ਅਤੇ ਬਦਲਾਂ ਦੀ ਗਰਜ ਨੇ ਵਾਤਾਵਰਣ ਬੜਾ ਘਿਨਾਉਂਣਾ ਬਣਾ ਦਿੱਤਾ ਸੀ। ਨਵਾਬ ਕਪੂਰ ਸਿੰਘ ਨੇ ਕਈ ਵਾਰੀ ਪੁਛਿਆ ਕਿ ਪਹਿਰੇ ਤੇ ਕੌਣ ਹੈ। ਅਗੋਂ ' ਹਰ ਵਾਰੀ ਜੱਸਾ ਸਿੰਘ ਨੇ ਆਵਾਜ਼ ਦਾ ਹੁੰਗਾਰਾ ਭਰਿਆ, ਹੋਰ ਕੋਈ ਨਾ ਬੋਲਦਾ ਸੁਣਿਆ ਗਿਆ। ਇਸ ਆਗਿਆਕਾਰੀ ਚੇਤੰਨਤਾ ਤੋਂ ਜਥੇਦਾਰ ਸ੍ਰ: ਕਪੂਰ ਸਿੰਘ ਬਹੁਤ ਖੁਸ਼ ਹੋਇਆ ਅਤੇ ਫੁਰਮਾਇਆ "ਭੁਝੰਗੀਆ ਨਿਹਾਲ। ਇਤਨੀ ਛੋਟੀ ਉਮਰ ਵਿਚ ਹੀ ਤੂੰ ਇੰਨਾ ਹੁਸ਼ਿਆਰ ਅਤੇ ਤਾਬੇਤਦਾਰ ਹੈਂ। ਨਿਹਾਲ।"

ਉਸੇ ਦਿਨ ਸਵੇਰੇ ਸੰਗਤ ਵਿਚ ਬੁਲਾ ਕੇ ਨਵਾਬ ਕਪੂਰ ਸਿੰਘ ਨੇ ਪ੍ਰਸੰਸਾ ਕੀਤੀ ਅਤੇ ਆਪਣੇ ਅੱਗੇ ਕਾਰੋਬਾਰੀ ਥਾਪ ਦਿੱਤਾ।

ਇਸ ਤਰ੍ਹਾਂ ਜੱਸਾ ਸਿੰਘ ਪੰਥ ਸੇਵਾ ਲਈ ਤਿਆਰ ਹੋਣ ਲਗਾ

ਨਵਾਬ ਕਪੂਰ ਸਿੰਘ ਜੀ ਦੀ ਸੰਗਤ ਵਿਚ ਰਹਿਣ ਦਾ ਸੁਤੇ ਸਿੱਧ ਇਹ ਸਿਟਾ ਨਿਕਲਿਆ ਕਿ ਜੱਸਾ ਸਿੰਘ ਨੂੰ ਸਿੱਖ ਪੰਥ ਦੇ ਟੀਚਿਆਂ, ਨਿਸ਼ਾਨਿਆਂ ਉਸ ਦੀ ਮੁਗਲਾਂ ਵਿਰੁਧ ਜਦੋ ਜਹਿਦ ਦੇ ਸਰੂਪ ਅਥਵਾ ਇਸ ਨੂੰ ਕਾਮਯਾਬ ਕਰਨ ਦੀ

ਵਿਧੀ ਦਾ ਪਤਾ ਲਗ ਗਿਆ। ਉਸ ਨੂੰ ਨਾ ਕੇਵਲ ਸਾਹਿਬ ਦੇ ਉਪਦੇਸ਼ਾਂ ਬਾਬਤ ਸੰਤੁਸ਼ਟਤਾ ਹੋਈ ਸਗੋਂ ਉਹ ਸੰਸਥਾਵਾਂ ਜੋ ਗੁਰੂਸਾਹਿਬ ਨੇ ਰਚੀਆਂ ਸਨ ਜਾਂ ਜਿਨ੍ਹਾਂ ਦੀ ਲੋੜ ਭਾਸ ਰਹੀ ਸੀ, ਉਨ੍ਹਾਂ ਬਾਬਤ ਵੀ ਗਿਆਨ ਹੋਇਆ। ਉਪਰੰਤ, ਉਸ ਨੂੰ ਸਿੱਖ-ਸਮੂਹ ਦੇ ਮਾਨਸਕ ਨੁਹਾਰ ਦੀ ਵੀ ਵਾਕਫੀਅਤ ਹੋਈ। ਜੱਸਾ ਸਿੰਘ ਨੂੰ ਆਪਣੀ ਅੱਖੀ ਡਿੱਠਾ ਕਿ ਵਕਤ ਦੀ ਮੁਗਲ ਹਕੂਮਤ ਕਿਵੇਂ ਸਿਖ ਪੰਥ ਦਾ ਖੁਰਾ ਖੋਜ ਮਿਟਾਉਣ ਲਈ ਦ੍ਰਿੜ ਸੀ। ਅਬਦੁਲ ਸਮੱਦ ਖਾਂ ਤੇ ਫਿਰ ਉਸ ਦੇ ਪੁੱਤਰ ਜ਼ਕਰੀਆਂ ਖਾਂ ਤੇ ਫਿਰ ਉਸਦੇ ਪੁਤਰਾਂ ਯਹੀਆ ਖਾਂ ਅਤੇ ਸ਼ਾਹਨਿਵਾਜ਼ ਖਾਂ ਨੇ ਕਿਵੇਂ ਸਿੱਖਾ ਵਿਰੁਧ ਦਮਨ ਚੱਕਰ ਚਲਾ ਰਖਿਆ ਸੀ। ਇਸ ਦੌਰਾਨ ਸਿਖਾਂ ਦੀ ਬੇਮਿਸਾਨ ਦ੍ਰਿੜਤਾ, ਉਨ੍ਹਾਂ ਵਲੋਂ ਦਿਤੀਆਂ ਗਈਆਂ ਸ਼ਹੀਦੀਆਂ ਅਤੇ ਉਨ੍ਹਾਂ ਦਾ ਸਦਾ ਚੜ੍ਹਦੀਕਲਾ ਵਿਚ ਰਹਿਣ ਦਾ ਸੁਭਾ, ਇਨ੍ਹਾਂ ਸਭ ਗੱਲਾਂ ਨੇ ਨਾ ਕੇਵਲ ਉਸ ਨੂੰ ਅਚੰਭਤ ਕੀਤਾ, ਸਗੋਂ ਉਸ ਦੇ ਸਿਖ ਵਿਚਾਰਧਾਰਾ ਪ੍ਰਤੀ ਵਿਸ਼ਵਾਸ ਨੂੰ ਪਕੇਰਾ ਵੀ ਕੀਤਾ। ਜਿਸ ਢੰਗ, ਹੌਂਸਲੇ। ਸਪੱਸ਼ਟਤਾ ਅਤੇ ਦ੍ਰਿੜ੍ਹਤਾ ਨਾਲ ਸਿੱਖਾਂ ਨੇ ਮੁਗਲ ਸਰਕਾਰ ਦਾ ਸਾਹਮਣਾ ਕੀਤਾ, ਉਹ ਯਕੀਨਨ ਸ਼ਲਾਘਾ ਯੋਗ ਸੀ। ਸਿੱਖਾਂ ਨੈ ਨਾ ਕੇਵਲ ਵਿਅਕਤੀਗਤ ਅਤੇ ਸਮੂਹਿਕ ਤੌਰ ਤੇ ਵੀਰਤਾ ਦਿਖਾਈ ਸਗੋਂ ਉਨ੍ਹਾਂ ਨੇ ਸਿੱਖ ਵਿਚਾਰਧਾਰਾ ਨੂੰ ਪ੍ਰਸਾਰ ਕਰਨ ਵਾਲੀਆਂ ਸੰਸਥਾਵਾਂ ਨੂੰ ਪਕੇਰਾ ਵੀ ਕੀਤਾ ਸੀ ਅਤੇ ਕਈ ਨਵੀਆਂ ਸੰਸਥਾਵਾਂ ਦਾ ਨਿਰਮਾਣ ਅਤੇ ਵਿਕਾਸ ਵੀ ਕੀਤਾ। ਸੰਗਤ ਪੰਗਤ ਦੀਆਂ ਸੰਸਥਾਵਾਂ ਜੋ ਗੁਰੂਨਾਨਕ ਸਾਹਿਬ ਤੋਂ ਚਲਾਈਆਂ ਗਈਆਂ ਸਨ ਅਤੇ ਜੋ ਧਾਰਮਿਕ ਅਤੇ ਸੰਸਾਰਿਕ ਪਧਰ ਤੇ ਬਹੁਤ ਉਪਯੋਗੀ ਸਿਧ ਹੋਈਆਂ ਹਨ ਉਨ੍ਹਾਂ ਨੂੰ ਕਾਇਮ ਰਖਣ ਲਈ ਭਰਪੂਰ ਯਤਨ ਕੀਤੇ ਗਏ। 'ਪੰਥ' ਦੀ ਸੰਸਥਾਂ ਜੋ ਸਹੀ ਅਰਥਾਂ ਵਿਚ ਗੁਰੂਗੋਬਿੰਦ ਸਿੰਘ ਜੀ ਦੇ ਅੰਤਲੇ ਸਮੇਂ ਵਿਚ ਉਘੜਵੇਂ ਰੂਪ ਵਿਚ ਸਾਹਮਣੇ ਆਈ ਉਸ ਦੀ ਮਾਨ ਪ੍ਰਸ਼ਿਠਤਾ ਨੂੰ ਬਹੁਤ ਵਧਾਇਆ ਗਿਆ। ਪੰਥ ਗੁਰੂਹੈ ਤੇ ਗੁਰੂਪੰਥ ਹੈ, ਇਸ ਥੀਸਜ਼ ਨੂੰ ਸਿਖ ਸਮੂਹ ਦੀ ਸੋਚ ਦਾ ਮੁਖ ਅੰਗ ਬਣਾਇਆ ਗਿਆ। ਸ਼ਬਦ-ਗੁਰੂਦੀ ਸੰਸਥਾ ਵੀ ਨਵੀਂ ਸੀ ਅਤੇ ਬਿਖੜੇ ਸਮੇਂ ਵਿੱਚ ਇਸ ਨੂੰ ਵੀ ਹਾਨੀ ਪਹੁੰਚ ਸਕਦੀ ਸੀ, ਪਰ ਸਿੱਖਾਂ ਨੇ ਇਸ ਨੂੰ ਵੀ ਬਹੁਤ ਮਹੱਤਤਾ ਦਿਤੀ। ਇਹ ਲਗਾਤਾਰ ਯਤਨਾਂ ਦਾ ਹੀ ਸਿੱਟਾ ਸੀ ਕਿ ਸਿਖਾਂ ਵਿੱਚ ਦੇਹ ਧਾਰੀ ਗੁਰੂਉਭਰ ਨਾ ਸਕਿਆ ਜਣ ਕਿ ਪਰਮਪਰਾ ਵੱਸ ਲੋਕਾਂ ਦੇ ਸੁਭਾਆਂ ਵਿਚ ਅਜਿਹੇ ਅੰਸ਼ ਮੌਜੂਦ ਸਨ ਜੋ ਦੇਹਧਾਰੀ ਗੁਰੂਨੂੰ ਪਰਵਾਨ ਕਰਨ ਲਈ ਪਰੇਰਨਾ ਦਾ ਸਰੋਤ ਸਨ। ਵਿਚਾਰਧਾਰਿਕ ਪੱਧਰ ਤੇ ਇਹ ਸਭ ਗੱਲਾਂ ਜੱਸਾ ਸਿੰਘ ਦੇ ਸਾਹਮਣੇ ਵਾਪਰ ਰਹੀਆਂ ਸਨ ਜਿਨ੍ਹਾਂ ਦੇ ਰਹਸ ਨੂੰ ਉਹ ਭਲੀ ਪ੍ਰਕਾਰ ਗ੍ਰਹਿਣ ਕਰ ਰਿਹਾ ਸੀ।

ਨਵਾਬ ਸਾਹਿਬ ਦੇ ਸਦਾ ਪਾਸ ਰਹਿਣ ਨਾਲ ਉਸ ਨੂੰ ਸਿਖ ਜੱਥਿਆਂ ਦੇ ਨਿਰਮਾਨ, ਫਿਰ ਉਨ੍ਹਾਂ ਦੀ ਗਿਣਤੀ ਨੂੰ ਘਟਾਉਣ ਆਦਿ ਦੇ ਕਾਰਣਾਂ ਦੀ ਚੰਗੀ ਤਰ੍ਹਾਂ ਸਮਝ ਪੈ ਗਈ ਸੀ। ਜਦੋਂ ਖਾਲਸੇ ਦੇ ਦੋ ਦਲ ਹੋਂਦ ਵਿਚ ਆਏ, ਤਾਂ ਉਹ ਨਵਾਬ ਕਪੂਰ ਸਿੰਘ ਦੇ ਨਾਲ ਹੀ ਬੁਢਾ ਦਲ ਵਿਚ ਕਾਇਮ ਰਿਹਾ। ਇਸ ਦੌਰਾਨ ਉਸ ਨੂੰ ਦੀਵਾਨ ਦਰਬਾਰਾ ਸਿੰਘ ਅਤੇ ਹੋਰ ਕਈ ਵਡੇਰੇ ਅਤੇ ਮੁੱਖੀ ਸਿੱਖ ਸਰਦਾਰਾਂ ਜਿਵੇਂ ਸੰਗਤ ਸਿੰਘ ਖਜਾਨਚੀ, ਹਰੀ ਸਿੰਘ ਲਾਗਰੀ, ਭਗਤ ਸਿੰਘ ਖਜਾਨਚੀ ਬੁਢਾ ਸਿੰਘ ਦੇਸੀ, ਹਰਦਿੱਤ ਸਿੰਘ, ਸਜਨ ਸਿੰਘ, ਈਸ਼ਰ ਸਿੰਘ, ਦੇਵਾ ਸਿੰਘ, ਖੜਗ ਸਿੰਘ, ਬਦਨ ਸਿੰਘ, ਕੇਹਰ ਸਿੰਘ, ਬੱਜਰ ਸਿੰਘ, ਘਨਘੋਰ ਸਿੰਘ ਅਤੇ ਅਮਰ ਸਿੰਘ ਆਦਿ ਨਾਲ ਮਿਲਣ ਦਾ ਮੌਕਾ ਮਿਲਿਆ। ਇਨ੍ਹਾਂ ਦੀ ਸੰਗਤ ਵਿਚ, ਸਿਖਾਂ ਦੇ ਸਮਾਜਿਕ ਅਤੇ ਰਾਜਨੀਤਕ ਨਿਸ਼ਾਨਿਆਂ ਨਾਲ ਜਾਣਕਾਰੀ ਹੋਣੀ ਕੁਦਰਤੀ ਗੱਲ ਸੀ। ਹੁਣ ਤਕ ਉਸ ਨੂੰ ਸਮਝ ਆ ਗਈ ਸੀ ਕਿ ਸਿੱਖ ਪੰਥ ਨੇ ਇਕ ਨਵੀਨ ਮਨੁੱਖੀ ਭਾਈਚਾਰੇ ਦਾ ਨਿਰਮਾਨ ਕਰਨਾ ਹੈ ਜੋ ਪੂਰਨ ਰੂਪ ਵਿਚ ਨੈਤਿਕ ਹੋਵੇ ਜਿਸ ਵਿਚ ਈਸ਼ਵਰ ਦੀ ਸਰਬ ਵਿਆਪਕਤਾ, ਸਰਬ ਸ਼ਕਤੀਮਾਨਤਾ, ਉਸ ਦੀ ਅਰੂਪਤਾ ਸਵੇ-ਭੰਗਤਾ ਅਤੇ ਅਕਾਲਤਾ

ਤੇ ਪੂਰਾ ਵਿਸ਼ਵਾਸ਼ ਹੋਵੇ, ਜਿਥੇ ਸਰੀਰ ਨੂੰ ਹਰੀ ਕਾ ਸਰੂਪ ਸਮਝਿਆਂ ਜਾਵੇ, ਇਹ ਸਮਾਜ ਨੇ ਨਿਰਮਾਨ ਲਈ ਰਾਜਨੀਤਕ ਤਾਕਤ ਦੀ ਪਰਾਪਤੀ ਬਹੁਤ ਜ਼ਰੂਰੀ ਸੀ, ਇਸ ਗੱਲ ਬਾਰੇ ਵੀ ਜੱਸਾ ਸਿੰਘ ਨੂੰ ਜ਼ਰੂਰੀ ਗਿਆਨ ਹੋ ਚੁਕਿਆ ਸੀ।

ਉਪਰੋਕਤ ਸੰਕੇਤਕ ਇਰਾਦਿਆਂ ਅਤੇ ਉਦੇਸ਼ਾਂ ਦੀ ਪੂਰਤੀ ਦੇ ਰਾਹ ਵਿਚ ਹਰ ਕਿਸਮ ਦੇ ਰੋੜਿਆਂ ਨੂੰ ਹਟਾਉਣਾ (ਭਾਵੇਂ ਉਹ ਮੁਗਲ ਸਰਕਾਰ ਦੇ ਰੂਪ ਵਿਚ ਸਨ, ਭਾਵੇਂ ਉਹ ਅਫਗਾਨ ਸੱਤਾ ਦੀ ਸ਼ਕਲ ਵਿਚ ਸਨ ਤੇ ਭਾਵੇਂ ਉਹ ਹਿੰਦੂਟੇਡੀਆਂ ਰੂੜ੍ਹਵਾਦੀਆਂ ਦੇ ਸਰੂਪ ਵਿਚ ਸਨ) ਸਿੱਖ ਆਪਣਾ ਕਰਤੱਵ ਸਮਝਦੇ ਸਨ। ਅਜਿਹੇ ਪ੍ਰਸੰਗ ਵਿਚ ਸਿਖਾਂ ਲੂੰ ਪ੍ਰਭੁਸਤਾ ਦਾ ਆਪਣਾ ਨਿਵੇਕਲਾ ਸਿਧਾਂਤ ਬਣਾ ਲਿਆ ਸੀ। ਜੇ ਗੁਰੂਸਾਹਿਬਾਨ ਦੀ ਵਿਚਾਰਧਾਰਾ ਵਿਚ ਮੌਜੂਦ ਸੀ ਅਤੇ ਜੋ ਗੁਰੂਹਰਗੋਬਿੰਦ ਸਾਹਿਬ ਜੀ ਦੀ ਮੀਰੀ ਅਤੇ ਪੀਰੀ ਦੇ ਸਿਧਾਂਤ ਦੇ ਰੂਪ ਵਿਚ ਕਾਫੀ ਹੱਦ ਤਕ ਸਾਹਮਣੇ ਆ ਚੁਕੀ ਸੀ।

29 ਮਾਰਚ, 1736 ਦੀ ਗੱਲ ਹੈ ਕਿ ਸਰਕਾਰ ਨੇ ਸਿਖਾਂ ਦੀ ਜਦੋਜਹਦ ਨੂੰ ਖਤਮ ਕਰਨ ਲਈ ਇਕ ਨਵੀਨ ਚਾਲ ਚਲੀ। ਉਨ੍ਹਾਂ ਨੇ ਸਿੱਖਾਂ ਨੂੰ ਜਾਗੀਰ ਤੇ ਨਵਾਬੀ ਦੇਣ ਦਾ ਪਰੋਗਰਾਮ ਬਣਾਇਆ ਤਾਂ ਜੋ ਸਿਖ ਮੁਗਲ ਵਿਚਾਰਧਾਰਾ ਦੇ ਰਹੁ ਵਿਚ ਵਹਿ ਜਾਣ। ਇਸ ਮੰਤਵ ਲਈ ਭਾਈ ਸੁਬੇਗ ਸਿੰਘ ਨੂੰ ਅੰਮ੍ਰਿਤਸਰ ਭੇਜਿਆ ਗਿਆ। ਬਹੁਤ ਕੁਝ ਵਿਚਾਰਨ ਦੇ ਮਗਰੋਂ ਖਾਲਸੇ ਨੇ ਸੁਲਾਹ ਸਫਾਈ ਦੀ ਗੱਲ ਪਰਵਾਨ ਕਰ ਲਈ ਪਰ ਨਵਾਬੀ ਦੀ ਖਿਲਅਤ ਲੈਣ ਤੋਂ ਹਰ ਸਿਖ ਨੇ ਨਾਂਹ ਕਰ ਦਿਤੀ। ਕੁਝ ਸਿਆਣਿਆਂ ਨੇ ਸਲਾਹ ਦਿੱਤੀ ਕਿ ਖਿਲਅਤ ਪਰਾਪਤ ਕਰਨ ਲਈ ਪੰਥ ਦੇ ਪੁਰਾਣੇ ਜਰਨੈਨ ਸ੍ਰ: ਦਰਬਾਰਾ ਸਿੰਘ ਨੂੰ ਬੇਨਤੀ ਕੀਤੀ ਜਾਵੇ। ਪਰ ਉਸ ਨੇ ਵੀ ਨਾਂਹ ਵਿਚ ਜਵਾਬ ਦਿੱਤਾ। ਉਥੇ ਇਸ ਸਬੰਧ ਵਿਚ ਭਾਈ ਦਰਬਾਰਾ ਸਿੰਘ ਨੇ ਜੋ ਕੁਝ ਕਿਹਾ ਉਸ ਦਾ ਕੁਝ ਕੁ ਵੇਰਵਾ ਰਤਨ ਸਿੰਘ ਭੰਗੂਨੇ ਆਪਣੀ ਪੁਸਤਕ 'ਪ੍ਰਾਚੀਨ ਪੰਥ ਪ੍ਰਕਾਸ਼' ਵਿਚ ਇੰਜ ਲਿਖਿਆ ਹੈ।

**ਉਨੈ ਦਰਬਾਰਾ ਸਿੰਘ ਅਗਯੋਂ ਕਹੀ**

**ਅਸੀਂ ਨਵਾਬੀ ਕਦ ਚਹੈਂ ਲਈ**

**ਹਮਕੋ ਸਤਿਗੁਰੂਬਚਨ ਪਾਦਸ਼ਾਹੀ ਹਈ**

**ਹਕ ਕੇ ਜਾਪਤ ਢਿਗ ਸੋਊਅਈ।**

**ਹਮ ਰਾਖਤ ਪਾਦਸ਼ਾਹੀ ਦਾਵਾਂ**

**ਜਾ ਇਤ ਕੋ ਜਾਂ ਅਗਲੌਂ ਪਾਵਾ**

**ਜੋ ਸਤਿਗੁਰੂਸਿੱਖਣ ਕਹੀ ਬਾਤ**

**ਹੋਗਾ ਸਾਈ ਨਹਿ ਖਾਲੀ ਜਾਤ**

**ਧੁਰਵ ਧਰਤ ਔਂ ਧਵਲ ਡੁਲਾਇ**

**ਸਤਿਗੁਰੂ ਬਚਨ ਨਾ ਖਾਲੀ ਜਾਇ**

ਪਾਤਿਸ਼ਾਹੀ ਛੱੜ ਕਿਮ ਲਹੈਂ ਨਵਾਬੀ

ਪਰਾਧੀਨ ਜਹਿ ਮਾਹਿ ਖਰਾਬੀ।

ਦੀਵਾਨ ਦਰਬਾਰਾ ਸਿੰਘ ਜੀ ਦੇ ਇਨ੍ਹਾਂ ਬਚਨਾਂ ਅਨੁਸਾਰ ਰਾਜਨੀਤਕ ਪੱਧਰ ਤੇ ਸਿਖ ਪ੍ਰਭੁਸਤਾ ਚਾਹੁੰਦੇ ਸਨ ਜੋ ਉਨ੍ਹਾਂ ਦੀ ਜਦੋਂਜਹਿਦ ਵਿਚੋਂ ਨਿਕਲੇ ਅਤੇ ਜਿਸ ਦਾ ਸਰਪ੍ਰਸਤ ਸਿਰਫ ਵਾਹਿਗੁਰੂ ਹੋਵੇ, ਨਾ ਕੋਈ ਹੋਰ ਦੁਨਿਆਵੀ ਤਾਕਤ। ਵਾਸਤਵ ਵਿਚ ਉਹ ਨਵੀਨ ਮਾਰਲ ਆਰਡਰ (New Moral order) ਨੂੰ ਬਣਾਉਣ ਦੇ ਯਤਨਾਂ ਵਿਚ ਸਨ, ਇਸ ਲਈ ਰਾਜਨੀਤਕ ਪ੍ਰਭੁਸੱਤਾ ਜਿਸ ਦੀ ਉਹ ਭਾਲ ਵਿਚ ਸਨ, ਉਸ ਦੇ ਸੰਘਰਸ਼ ਵਿਚੋਂ ਉਤਪੰਨ ਹੋਈ ਇਕ ਵਸਤੂਸੀ। ਅਤੇ ਜੋ ਕੇਵਲ ਉਨ੍ਹਾਂ ਨੂੰ ਮਿਲ ਸਕਦੀ ਸੀਜੋ 'ਟਹਿਲ ਕਰਦੇ ਹਨ' ਜੋ ਗੁਰੂਸ਼ਬਦ ਨੂੰ ਸਮਝ ਕੇ ਉਸ ਨੂੰ ਆਪਣੇ ਤੇ ਆਪਣੇ ਉਦਾਨੇ ਬਾਕੀਆਂ ਦੇ ਜੀਵਨ ਵਿਚ ਰੂਪਮਾਨ ਕਰਦੇ ਹਨ। ਇਸੇ ਦੌਰਾਨ ਖਾਲਸੇ ਦੇ ਸਜੇ ਦੀਵਾਨ ਵਿਚ ਗੁਰੂਗ੍ਰੰਥ ਸਾਹਿਬ ਦੇ ਤਾਬਿਆ ਵਿਚ ਬੈਠੇ ਪਾਠੀ ਸਿੰਘ ਨੇ ਪੰਜਵੇਂ ਪਾਤਸ਼ਾਹ ਦਾ ਸ਼ਬਦ ਪੜ੍ਹਿਆ ਜਿਸ ਵਿਚ ਹੇਠ ਲਿਖੀਆਂ ਪੰਗਤੀਆਂ ਸਨ :

**ਟਹਲ ਮਹਲ ਤਾਂ ਕਉ ਮਿਲੈ ਜਾ ਕਉ ਸਾਧ ਕਿਰਪਾਲ।**

**ਸਾਧੂ ਸੰਗਤਿ ਤਉ ਬਸੈ, ਜਉ ਆਪਨ ਹੋਹਿ ਦਇਆਲ।**

ਇਨ੍ਹਾਂ ਨੂੰ ਸੁਣ ਕੇ ਇਕ ਸਿੰਘ ਬੋਲ ਉਠਿਆ ਕਿ ਗੁਰੂਮਹਾਰਾਜ ਦਾ ਵਾਕ ਫੁਰਮਾਉਂਦਾ ਹੈ ਕਿ ਟਹਲ ਕਰ ਕੇ ਉੱਚੀ ਪਦਵੀ ਪਰਾਪਤ ਕੀਤੀ ਜਾ ਸਕਦੀ ਹੈ। ਗੁਰੂਦਾ ਹੁਕਮ ਮਨੋ, ਢਿਲ ਨਾ ਕਰੋ ਅਤੇ ਸੇਵਾ ਕਰਦੇ ਕਪੂਰ ਸਿੰਘ ਨੂੰ ਇਹ ਪਦਵੀ ਦੇ ਦਿਓ। ਉਸ ਸਮੇਂ ਸ੍ਰ: ਕਪੂਰ ਸਿੰਘ ਸੰਗਤਾਂ ਨੂੰ ਪੱਖਾ ਝਲ ਰਹੇ ਸਨ। ਰੋਪੜ ਵਿਚ ਪਿੱਛੇ ਜਿਹੇ ਇਕ ਗਸ਼ਤੀ ਫੌਜ ਨਾਲ ਹੋ ਪਈ ਇਕ ਟੱਕਰ ਵਿਚ ਭਾਵੇਂ ਉਨ੍ਹਾਂ ਦੇ ਮੱਥੇ ਦਾ ਫੱਟ ਅਜੇ ਅੱਲ੍ਹਾਂ ਹੀ ਸੀ, ਪਰ ਉਹ ਇਸ ਦੀ ਪਰਵਾਹ ਨਾ ਕਰਦੇ ਹੋਏ ਇਧਰ ਉਧਰ ਚੱਕਰ ਲੱਗਾ ਕੇ ਸੇਵਾ ਵਿਚ ਤਤਪਰ ਜੁਟੇ ਹੋਏ ਸਨ। ਪੰਥ ਪਰਕਾਸ਼ ਵਿਚ ਲਿਖਿਆ ਹੈ।

**"ਬੀਚ ਦੀਵਾਨ ਤਬੈ ਵਹਿ ਬਲ ਧਰ**

**ਪੱਖ ਕਰਤ ਹੁਤੇ ਇਤ ਉਹ ਫਿਰ**

**ਅਵਰ ਟਹਿਲ ਵਹਿ ਬਹੁਤ ਕਮਾਵੈ**

**ਬਰਤਨ ਜੂਠੇ ਮਾਂਜਤ ਸਭ ਕੇ**

**ਕੱਛਾ ਧੋਇ ਨਲ੍ਹਾਵਤ ਜਬਕੇ।**

**ਨੀਦ ਹਟਾਵਤ ਅਸਵਨ ਵਾਰੀ।**

**ਔਰ ਟਹਿਲ ਇਤਿ ਆਦਿਕ ਭਾਰੀ**

**ਕਰਤ ਰਹਿਤ ਨਿਸ ਦਿਨ ਧਰ ਸ਼ਰਧਾਂ**

**ਕਬੀ ਨਾ ਕਰ ਹੀ ਨਾਹਿ ਸਮਰਧਾ**

**ਜਤੀ ਸਤੀ ਦਾਤਾ ਵਡ ਸੂਰਾ।**

**ਥਾ ਫਲ ਇਸ ਤੈ ਮਿਲਬੇ ਪੂਰਾ**

(ਪ੍ਰਾਚੀਨ ਪੰਥ ਪ੍ਰਕਾਸ਼, ਪੰਨਾ 424-425)

ਦੀਵਾਨ ਵਿਚ ਹਾਜ਼ਰ ਸਰਬਤ ਖਾਲਸੇ ਨੂੰ ਇਹ ਗੱਲ ਬੜੀ ਚੰਗੀ ਲੱਗੀ ਅਤੇ ਉਨ੍ਹਾਂ ਨੇ ਸਤਿ ਸ੍ਰੀ ਅਕਾਲ ਦੇ ਜੈਕਾਰਿਆ ਨਾਲ ਪਰਵਾਨਗੀ ਦੇ ਦਿੱਤੀ। ਸਰਦਾਰ ਕਪੂਰ ਸਿੰਘ ਜੀ ਨੂੰ ਇਸ ਹਾਲਤ ਵਿਚ ਖਿਲਅਤ, ਜਾਗੀਰ ਤੇ ਨਵਾਬੀ ਦੀ ਉਪਾਧੀ ਪਰਵਾਨ ਕਰਨੀ ਪਈ।

ਜਦੋਂ ਇਹ ਘਟਨਾਂ ਵਾਪਰੀ, ਜੱਸਾ ਸਿੰਘ ਦੀ ਉਮਰ 15 ਸਾਲ ਦੀ ਸੀ। ਯਕੀਨਨ ਇਸ ਘਟਨਾ ਦਾ ਉਨ੍ਹਾਂ ਦੇ ਮਨ ਉਤੇ ਬਹੁਤ ਅਸਰ ਪਿਆ। ਵਾਸਤਵ ਵਿਚ ਇਹ ਘਟਨਾਂ ਇਕ ਬਿੰਬ ਸੀ, ਸੰਕੇਤ ਸੀ, ਇਕ ਮਿਸਾਲ ਸੀ, ਸਮੂਹ ਸਿਖ ਵਿਚਾਰਧਾਰਾ ਦੀ ਪ੍ਰਫੁਲਤਾ ਦਾ ਇਕ ਚਿਨ੍ਹ ਸੀ। ਜੱਸਾ ਸਿੰਘ ਉਤੇ ਇਸ ਦਾ ਪਰਭਾਵ ਬਹੁ-ਪੱਖੀ ਸੀ, ਇਕ ਪੱਖੀ ਨਹੀਂ ਸੀ। ਇਹ ਘਟਨਾ ਸਿੱਖ ਵਿਚਾਰਧਾਰਾ ਦੇ ਸਮੂਹਿਕ ਪੱਖ ਦੀ ਇਕ ਖੂਬਸੂਰਤ ਝਲਕ ਸੀ।

18 ਸਾਲ ਦੀ ਉਮਰ ਤਕ ਜੱਸਾ ਸਿੰਘ ਨੂੰ ਸਿੱਖ ਵਿਚਾਰਧਾਰਾ ਤੇ ਉਸ ਨੂੰ ਅਮਲ ਵਿਚ ਲਿਆਉਣ ਲਈ ਜਦੋ-ਜਹਿਦ, ਹੁਕਮਰਾਨ ਜਮਾਤ ਜਿਸ ਨੂੰ ਹਿੰਦੂਸਮਾਜ ਦੀਆਂ ਉਪਰਲੀਆਂ ਜਾਤੀਆਂ ਦੀ ਹਮਾਇਤ ਹਾਸਲ ਸੀ ਦਾ ਇਸ ਪ੍ਰਤੀ ਕਰਮ, ਹਿੰਦੂਰੁੜ੍ਹੀ ਵਾਦੀ ਦੇ ਵਤੀਰੇ ਸਬੰਧੀ ਪੂਰਨ ਜਾਣਕਾਰੀ ਪਰਾਪਤ ਹੋ ਚੁਕੀ ਸੀ। ਉਪਰੰਤ ਉਸ ਨੂੰ ਸਿੱਖ ਸੰਸਥਾਵਾਂ ਦੀ ਉਪਯੋਗਤਾ ਅਤੇ ਰਹੱਸ, ਸਿੱਖ ਜਦੋ-ਜਹਿਦ ਨੂੰ ਕਾਮਯਾਬ ਕਰਨ ਲਈ ਹੋਂਦ ਵਿਚ ਲਿਆਂਦੀਆਂ ਵਿਧੀਆਂ ਬਾਬਤ ਵੀ ਪਤਾ ਲਗ ਚੁਕਿਆ ਸੀ। ਨਿਸਚੇ ਹੀ ਉਹ ਹਰ ਲਿਹਾਜ਼ ਨਾਲ ਇਕ ਸਿਆਣਾ ਅਤੇ ਪਰਪਕ (Mature) ਵਿਅਕਤੀ ਬਣ ਚੁਕਿਆ ਸੀ।

ਸਿਆਣਪ ਤੇ ਸੋਚ ਵਿਚ ਪੁਖਤਗੀ ਦੇ ਨਾਲ-ਨਾਲ ਸਰੀਰਕ ਤੌਰ ਤੇ ਵੀ ਉਹ ਬਹੁਤ ਬਲਵਾਨ ਬਣ ਗਿਆ ਸੀ। ਕੀ ਫਾਰਸੀ ਤੇ ਕੀ ਗੁਰਮੁੱਖੀ ਲਿਖੀ ਵਿਚ ਇਤਿਹਾਸਕ ਸੋਮੇਂ ਨਿਰਸੰਦੇਹ ਇਹ ਸਿੱਧ ਕਰਦੇ ਹਨ ਕਿ ਉਹ ਬੜਾ ਸੁੰਦਰ, ਸਜੀਲਾ, ਸਰੂਕਦ ਨੌਜਵਾਨ ਸੀ। ਉਸ ਵਿਚ ਸਵੈ-ਭਰੋਸਾ ਤੇ ਅਭੈ ਯੋਧਿਆਂ ਵਾਲੀ ਮਟਕ ਆ ਚੁਕੀ ਸੀ। ਉਸ ਦੀ ਬੋਲ ਚਾਲ ਠੁਕਵੇਂ ਬਝਵੇਂ ਅਤੇ ਸਵੈ ਵਿਸ਼ਵਾਸ ਵਾਲੀ ਬਣ ਗਈ ਸੀ। ਕਾਫੀ ਚਿਰ ਦਿਲੀ ਰਹਿਣ ਕਰਕੇ ਉਸ ਦੀ ਦਸਤਾਰ ਦਾ ਬੰਧੇਜ ਮੁਗਲਾਂ ਵਰਗਾ ਹੋ ਗਿਆ ਸੀ। ਬੋਲੀ ਵਿਚ ਹਿੰਦੁਸਤਾਨੀ ਬਹੁਤ ਵਰਤਦਾ ਸੀ। ਇਸ ਲਈ ਸਿੱਖ ਉਸ ਨੂੰ ਠੱਠਾ ਮਖੌਲ ਕਰਨ ਲਗ ਪਏ ਅਤੇ 'ਹਮਕੋ ਤੁਮਕੋ' ਕਹਿ ਕੇ ਬੁਲਾਉਂਦੇ ਸਨ। ਜੱਸਾ ਸਿੰਘ ਆਖਿਰ ਅਜੇ ਇਕ ਨਵਾਂ ਉਠਦਾ ਗਭਰੂਹੀ ਸੀ, ਕਈ ਵਾਰੀ ਖਿਝ ਜਾਂਦਾ। ਸਿੰਘਾਂ ਦੇ ਮਖੋਲਾਂ ਤੋਂ ਤੰਗ ਆ ਕੇ ਹੰਝੂਆਂ ਭਰੀਆਂ ਅੱਖਾਂ ਨਾਂਲ ਨਵਾਬ ਕਪੂਰ ਸਿੱਘ ਪਾਸ ਜਾ ਕੇ ਕਹਿਣ ਲੱਗਾ "ਮੈਥੋ ਦਾਣਾ ਵਰਤੇਗਾ ਨਹੀਂ", ਨਵਾਬ ਸਾਹਿਬ ਨੇ ਧੀਰਜ ਦਿੱਤੀ ਤੇ ਬਚਨ ਕੀਤਾ

'ਘਬਰਾਉਣਾ ਨਹੀਂ ਤੂੰ ਤਾਂ ਹਜ਼ਾਰਾਂ ਵੱਗਾਂ ਨੂੰ ਦਾਣਾ ਦੇਣਾ ਹੈ। ਇਹ ਪੰਥ ਗੁਰੂਕੀਆਂ ਲਾਡਲੀਆਂ ਫੌਜਾਂ ਨੇ। ਸੇਵਾ ਤੋਂ ਹੀ ਸੇਵਾ ਮਿਲਦਾ ਹੈ। ਮੈਨੂੰ ਇਸ ਗਰੀਬ ਨਿਵਾਜ ਪੰਥ ਦੇ ਨਵਾਬ ਬਣਾ ਦਿਤਾ ਹੈ, ਤੈਨੂੰ ਕੀ ਪੱਤਾ ਬਾਦਸ਼ਾਹੀ ਬਖਸ਼ ਦੇਵੇ" ਖਾਲਸਾ ਉਸ ਵੇਲੇ ਨਵਾਬ ਕਪੂਰ ਸਿੰਘ ਨੂੰ ਗੁਰੂਰੂਪ ਸਮਝਦਾ ਸੀ। ਜਿਵੇਂ ਦਰਬਾਰ ਸਾਹਿਬ ਜੀ ਦੀ ਸੇਵਾ ਸਦਕਾ ਭਾਈ ਮਨੀ ਸਿੰਘ ਜੀ ਸਿਖਾਂ ਦੀਆਂ ਨਜ਼ਰਾਂ ਵਿਚ ਉਚਤਮ ਰੁਤਬੇ ਦੇ ਮਾਲਕ ਸਨ ਤਿਵੇਂ ਸੰਸਾਰਿਕ ਖੇਤਰ ਵਿਚ ਨਵਾਬ ਸ: ਕਪੂਰ ਸਿੰਘ ਨੂੰ ਸਤਿਕਾਰਿਆ ਜਾਂਦਾ ਸੀ।

ਨਵਾਬ ਕਪੂਰ ਸਿੰਘ ਦੇ ਮੁੱਖੋ ਭਾਵੇਂ ਇਹ ਸ਼ਬਦ ਸੁਤੇ ਸਿਧ ਹੀ ਨਿਕਲ ਗਏ ਸਨ ਪਰ ਇਹ ਇਨ ਬਿੰਨ ਠੀਕ ਸਾਬਤ ਹੋਏ। ਵਾਸਤਵ ਵਿਚ ਨਵਾਬ ਕਪੂਰ ਸਿੰਘ ਦੇ ਬੋਲਾਂ ਵਿਚ ਇਕ ਭੇਦ ਗੱਲ ਲੁਕੀ ਹੋਈ ਸੀ ਅਤੇ ਉਹ ਇਹ ਸੀ ਕਿ ਖਾਲਸਾ ਪੰਥ ਜੱਸਾ ਸਿੰਘ ਨੂੰ ਮਹਾਨ ਮੰਨਦਾ ਹੈ ਅਤੇ ਨਾਲ ਇਹ ਵੀ ਆਸ ਕਰਦਾ ਹੈ ਕਿ ਸ: ਜੱਸਾ ਸਿੰਘ ਸਮਾਜਿਕ ਬਰਾਬਰੀ ਦੇ ਨਿਯਮਾਂ ਨੂੰ ਆਪਣੇ ਸੁਆਸਾਂ ਨਾਲ ਨਿਭਾਏ। ਜੱਸਾ ਸਿੰਘ ਨੇ ਇਸ ਨੂੰ ਨਿਭਾਇਆ ਅਤੇ ਅਮਲ ਵਿਚ ਲਿਆਂਦਾ। ਫਲ ਉਹ ਹੀ ਮਿਲਿਆ ਜਿਸ ਦੀ ਭਵਿਖ ਬਾਣੀ ਨਵਾਬ ਕਪੂਰ ਸਿੰਘ ਨੇ ਕੀਤੀ ਸੀ। ਸੰਨ 1761 ਈ. ਵਿਚ ਲਾਹੌਰ ਦੇ ਨੂਆਬ ਖੁਆਜਾ ਅਬਦੁਲਾ ਨੂੰ ਗੁਜਰਾਂਵਾਲੇ ਤੇ ਹਲਾ ਕਰਨ ਗਏ ਨੂੰ ਭਾਜ ਦੇ ਕੇ ਸਰਦਾਰ ਜੱਸਾ ਸਿੰਘ ਦੀ ਕਮਾਨ ਹੇਠਾਂ ਜਦ ਖਾਲਸਾ ਲਾਹੌਰ ਸ਼ਹਿਰ ਵਿਚ ਦਾਖਲ ਹੋਇਆ ਤਾਂ ਸਿੰਘਾਂ ਨੇ ਸ: ਜੱਸਾ ਸਿੰਘ ਦੇ ਪਾਦਸ਼ਾਹ ਹੋਣ ਦਾ ਐਲਾਨ ਕਰ ਦਿੱਤਾ।

1729 ਪਿਛੋਂ ਸ੍ਰ: ਜੱਸਾ ਸਿੰਘ ਲਗਭਗ ਸ੍ਰ: ਕਪੂਰ ਸਿੰਘ ਦੀਆਂ ਸਾਰੀਆਂ ਮੁਹਿੰਮਾਂ ਵਿਚ ਨਾਲ ਰਿਹਾ। 1738 ਈ. ਤਕ ਉਸਦੀ ਗਿਣਤੀ ਸਿੱਖ ਆਗੂਆਂ ਦੀ ਪਹਿਲੀ ਕਤਾਰ ਵਿਚ ਹੋਣ ਲਗ ਪਈ ਸੀ। ਜਨਵਰੀ 1739 ਨੂੰ ਈਰਾਨੀ ਬਾਦਸ਼ਾਹ ਨਾਦਰ-ਸ਼ਾਹ ਹਿੰਦੁਸਤਾਨ ਨੂੰ ਲੁਟਣ ਅਤੇ ਆਪਣੇ ਸ਼ਾਹੀ ਦਬਦਬੇ ਨੂੰ ਕਾਇਮ ਕਰਨ ਦੀ ਨੀਯਤ ਨਾਲ ਲਾਹੌਰ ਆ ਪੁੱਜਾ। ਮੁਗਲ ਗਵਰਨਰ ਜ਼ਕਰੀਆਂ ਖਾਂ ਨੇ ਝਟ ਈਨ ਮੰਨ ਲਈ। ਨਾਂਦਰ ਸ਼ਾਹ ਦਿਲੀ ਵਲ ਵਧਿਆ। ਮੁਗਲਾਂ ਨੇ ਕਰਨਾਲ ਦੇ ਸਥਾਨ ਤੇ ਉਸ ਦੀ ਵਿਰੋਧਤਾ ਕੀਤੀ, ਪਰ ਲੱਕ ਤੋੜਵੀਂ ਹਾਰ ਖਾਧੀ। ਉਹ ਨਿਝੱਕ ਹੋ ਕੇ ਦਿੱਲੀ ਪਹੁੰਚ ਗਿਆ। ਮੁਗਲ ਸਮਰਾਟ ਮੁਹੰਮਦ ਸਾਹ ਰੰਗੀਲੇ ਨੇ ਉਸ ਦੀ ਇਤਾਇਤ ਕਬੂਲ ਕੀਤੀ। ਅੱਗੋਂ ਉਸ ਨੇ ਕੁਝ ਸ਼ਰਤਾਂ ਤੇ ਹਿੰਦੁਸਤਾਨ ਦਾ ਰਾਜ ਉਸ ਨੂੰ ਵਾਪਸ ਕਰ ਦਿੱਤਾ। ਇਸ ਦੌਰਾਨ ਉਸ ਨੇ ਦਿੱਲੀ ਵਿਚ ਕਤਲਾਮ ਵੀ ਕਰਾਇਆ। ਉਸ ਨੇ ਬਹੁਤ ਸਾਰਾ ਧਨ, ਬਹੁਤ ਸਾਰੀਆਂ ਸੁੰਦਰ ਇਸਤਰੀਆਂ ਆਪਣੇ ਨਾਲ ਲੈ ਕੇ ਵਾਪਸ ਚਾਲੇ ਪਾਏ। ਅੱਧ ਮਈ ਤਕ ਉਸ ਦਾ ਹਰਾਵਨ ਕਾਰਵਾਂ ਸਰਹਿੰਦ ਪੁਜਿਆ। ਜੇਠ ਦੀਆਂ ਧੁਪਾਂ ਤੋਂ ਬਚਣ ਲਈ ਨਾਦਰ ਸ਼ਾਹ ਸਰਹਿੰਦ ਤੋਂ ਪਹਾੜ ਦੀ ਕੰਢੀ ਦੇ ਨਾਲ ਨਾਲ ਸਿਆਲਕੋਟ ਨੂੰ ਹੋ ਪਿਆ, ਪਰ ਇਹ ਉਸ ਨੂੰ ਬੜਾ ਮਹਿੰਗਾ ਪਿਆ। ਕੀਰਤਪੁਰ ਅਤੇ ਆਨੰਦਪੁਰ ਦੀਆਂ ਪਹਾੜੀਟਾਂ ਵਿਚ ਟਿਕੇ ਹੋਏ ਸਿੰਘਾਂ ਦੇ ਜੱਥੇ ਚਿਰ ਤੋਂ ਰਸਦ ਤੋਂ ਟੁਟੇ ਹੋਏ ਸਨ। ਪਹਾੜੀ ਇਲਾਕੇ ਨੇ ਹੁਣ ਸਿੰਘਾਂ ਲਈ ਨਾਦਰ ਸ਼ਾਹ ਦੀ ਫੌਜ ਪਾਸੋਂ ਰਸਦ ਅਤੇ ਮਾਲ-ਖਜਾਨਾ ਖੋਹ ਖਿਚ ਕੇ ਇਕਲਾਵਾਂਝੇ ਹੋ ਜਾਣਾ ਅਤੇ ਛੇਤੀ ਹੀ ਉਸ ਦੀ ਪਹੁੰਚ ਤੇ ਉਹਲੇ ਹੋ ਜਾਣਾ ਸੌਖਾ ਕਰ ਦਿੱਤਾ। ਬੱਸ ਫੇਰ ਕੀ ਸੀ। ਸੱਜੇ ਖਬੇ ਅਤੇ ਪਛਿਉਂ ਛਾਪੇ ਮਾਰ ਕੇ ਸਿੰਘਾਂ ਨੇ ਨਾਦਰ ਸ਼ਾਹ ਦਾ ਬਹੁਤ ਸਾਰਾ ਭਾਰ ਹੋਲਾ ਕਰ ਦਿੱਤਾ ਅਤੇ ਦਿੱਲੀ ਦੀ ਲੁੱਟ ਦਾ ਬਹੁਤ ਸਾਰਾ ਮਾਲ ਈਰਾਨ ਜਾਣੋ ਬੱਚਾ ਲਿਆ।

ਇਹ ਗੱਲ ਮਈ 1739 ਦੇ ਤੀਜੇ ਹਫਤੇ ਦੀ ਸੀ। ਜੱਸਾ ਸਿੰਘ ਆਹਲੂਵਾਲੀਆਂ ਨੇ ਇਨ੍ਹਾਂ ਛਾਪਿਆਂ ਵਿਚ ਮਹੱਤਵਪੂਰਨ ਕੰਮ ਕੀਤਾ। ਉਸ ਦੀ ਵੀਰਤਾ, ਅਤੇ ਸੂਝ ਨੇ ਸਿੱਖ ਜਗਤ ਵਿਚ ਉਸ ਦਾ ਪਰਭਾਵ ਬਹੁਤ ਵਧਾਇਆ।

ਫਾਰਸਟਰ ਲਿਖਦਾ ਹੈ "ਜਦੋਂ ਨਾਦਰ ਸ਼ਾਹ ਵਾਪਸ ਮੁੜ ਰਿਹਾ ਸੀ ਤਾਂ ਸਿੰਘਾਂ ਦੇ ਜੱਥੇ ਉਸ ਦੀ ਫੌਜ ਦੇ ਪਛਵਾੜੇ ਉਤੇ ਜਾ ਪਏ ਅਤੇ ਸ਼ਾਹੀ ਖਜਾਨੇ ਦੀ ਲੁੱਟ ਵਿਚੋਂ ਬਹੁਤ ਸਾਰਾ ਹਿੱਸਾ ਵੰਡਾ ਕੇ ਉਸ ਦਾ ਭਾਰ ਹੌਲਾ ਕਰ ਦਿੱਤਾ। ਸਿੱਖਾ ਦੀਆਂ ਇਨ੍ਹਾਂ ਕਾਰਵਾਈਆਂ ਤੋਂ ਤੰਗ ਆ ਕੇ ਨਾਦਰ ਸ਼ਾਹ ਨੇ ਜ਼ਕਰੀਆਂ ਖਾਂ ਤੋਂ ਪੁਛਿਆ "ਇਹ ਸ਼ਰਾਰਤੀ ਲੋਂਕ ਕੋਣ ਹਨ?" ਜ਼ੱਕਰੀਆ ਖਾਂ ਨੇ ਜਵਾਬ ਦਿੱਤਾ, ਇਹ ਹਿੰਦੂਫਕੀਰ ਹਨ ਜੋ ਸਾਲ ਵਿਚ ਦੋਂ ਵਾਰੀ ਦਰਬਾਰ ਸਾਹਿਬ ਵਿਖੇ ਇਸ਼ਨਾਲ ਕਰਨ ਆਉਂਦੇ ਹਨ ਅਤੇ ਇਸ ਤੋਂ ਬਾਦ ਗਾਇਬ ਹੋ ਜਾਂਦੇ ਹਨ। ਨਾਦਰ ਸ਼ਾਹ ਨੇ ਪੁੱਛਿਆ ਕਿ ਉਹ ਕਿਥੇ ਰਹਿੰਦੇ ਹਨ। ਇਸ ਨੇ ਉੱਤਰ ਵਜੋਂ ਕਿਹਾ 'ਉਨ੍ਹਾਂ ਦਾ ਘਰ ਘੋੜੇ ਦੀ ਕਾਠੀ ਹੈ।" ਇਸ ਪਰ ਨਾਦਰ ਨੇ ਉਸ ਨੂੰ ਸੁਚੇਤ ਕੀਤਾ ਅਤੇ ਆਖਿਆ, "ਇਨ੍ਹਾਂ ਤੋਂ ਡਰਨਾ ਚਾਹੀਦਾ ਹੈ। ਉਹ ਸਮਾਂ ਨੇੜੇ ਹੈ ਜਦ ਇਹ ਸਿਰ ਕਢਣਗੇ ਅਤੇ ਇਸ ਮੁਲਕ ਦੇ ਵਾਲੀ ਬਣ ਜਾਣਗੇ।"1

ਕਪੂਰ ਸਿੰਘ ਤੇ ਜੱਸਾ ਸਿੰਘ ਆਹਲੂਵਾਲੀਆਂ ਨੇ ਨਾਦਰ ਸ਼ਾਹ ਦੇ ਹਮਲੇ ਵਜੋਂ ਫੈਲੀ ਬੇਚੈਨੀ ਤੋਂ ਲਾਭ ਉਠਾਉਣ ਲਈ ਸਿਖਾਂ ਨੂੰ ਸਲਾਹ ਦਿੱਤੀ। ਉਨ੍ਹਾਂ ਦੀ ਹੀ ਹਦਾਇਤ ਅਨੁਸਾਰ ਡਲੇਵਾਲ ਤੇ ਸਥਾਨ ਤੇ ਕਿਲ੍ਹਾ ਤਾਮੀਰ ਕੀਤਾ ਗਿਆ। ਇਹ ਸਥਾਨ ਅੰਮ੍ਰਿਤਸਰ ਦੇ ਉਤਰ ਪੱਛਮ ਵਲ ਦਰਿਆ ਰਾਵੀ ਦੇ ਕੰਢੇ ਤੇ ਸਥਿਤ ਸੀ। ਇਸ ਦੁਆਲੇ ਘਣੇ ਜੰਗਲ ਸਨ ਅਤੇ ਇਸ ਦੇ ਪਿਛੋਕੜ ਵਿਚ ਕਿਲ੍ਹਾ ਬਣਾਉਣ ਦਾ ਮਨੋਰਥ ਇਹ ਸੀ ਕਿ ਇਕ ਤਾ ਅੰਮ੍ਰਿਤਸਰ ਦੀ ਰੱਖਿਆ ਕੀਤੀ ਜਾਵੇ ਅਤੇ ਲੋੜ ਪੈਣ ਤੇ ਪਨਾਹ ਲੈਣ ਲਈ ਵੀ ਸਿੰਘ ਪਾਸ ਕੋਈ ਥਾਂ ਹੋਵੇ। ਮੁਗਲ ਸਰਕਾਰ ਲਈ ਵੀ ਇਸ ਰਹੱਸ ਨੂੰ ਸਮਝਣਾ ਕੋਈ ਮੁਸ਼ਕਲ ਗੱਲ ਨਹੀਂ ਸੀ। ਭਾਵੇਂ ਇਹ ਕਿਲ੍ਹਾ ਮੁਗਲ ਕਿਲ੍ਹਿਆਂ ਦੇ ਟਾਕਰੇ ਤੇ ਕੁਝ ਵੀ ਨਹੀਂ ਸੀ, ਪਰੰਤੂਇਸ ਗੱਲ ਦਾ ਸੂਚਿਕ ਸੀ ਕਿ ਸਿਖ ਜਿਹੜੇ ਆਪਣੀ ਰਾਜਨੀਤਕ ਤਾਕਤ ਕਾਇਮ ਕਰਨ ਲਈ ਦ੍ਰਿੜ੍ਹ ਸਨ, ਉਥੇ ਆਪਣੀ ਸਮੂਹਿਕ ਹੋਂਦ ਦੀ ਸੁਰਖਿਆ ਲਈ ਵੀ ਸੁਚੇਤ ਸਨ।

ਭਾਵੇਂ ਜ਼ਕਰੀਆਂ ਖਾਂ ਨੇ ਸਿੰਘਾਂ ਨਾਲ ਅੱਗੇ ਵੀ ਕੋਈ ਘੱਟ ਨਹੀਂ ਕੀਤੀ ਸੀ, ਪਰ ਕੁਝ ਨਾਦਰ ਸ਼ਾਹ ਦੇ ਕਹਿਣ ਤੇ ਹੋਰ ਸੁਚੇਤ ਹੋ ਗਿਆ। ਡਲੇਵਾਲ ਦੇ ਕਿਲ੍ਹੇ ਦੀ ਉਸਾਰੀ ਦੇ ਸਨਮੁਖ ਉਸ ਨੂੰ ਬੋੜੀ ਨਮੋਸ਼ੀ ਆਈ ਤੇ ਹੋਰ ਚਿੜ ਚੜ੍ਹ ਗਈ। ਸੋ ਉਸ ਨੇ ਸਿਖਾਂ ਦਾ ਖੁਰਾ ਖੋਜ ਮਿਟਾਉਣ ਲਈ ਸਖਤ ਕਰਵਾਈਆਂ ਦਾ ਫੈਸਲਾ ਕੀਤਾ। ਉਸਨੇ ਉਨ੍ਹਾਂ ਦੇ ਡੱਲੇਵਾਲ ਦੇ ਅਸਥਾਨ ਅਤੇ ਕਿਲ੍ਹੇ ਦਾ ਮਲੀਆ ਮੇਟ ਕਰ ਦਿੱਤਾ ਅਤੇ ਸਿੱਖਾਂ ਨੂੰ ਮੁਕਾਉਣ ਲਈ ਗਸ਼ਤੀ ਦਸਤੇ ਸੰਗਠਿਤ ਕੀਤੇ। ਇਸ ਤੋਂ ਇਲਾਵਾ ਸਿੱਖ ਲਹਿਰ ਨੂੰ ਖਤਮ ਕਰਨ ਵਾਸਤੇ ਜ਼ਕਰੀਆ ਖਾਂ ਨੇ ਨਿਮਨ ਲਿਖਤ ਆਦੇਸ਼ ਜਾਰੀ ਕੀਤੇ।

(1) ਜੇ ਕੋਈ ਸਿੱਖ ਦੇ ਕੇਸ ਕਤੀਲ ਕਰੇਗਾ, ਉਸ ਨੂੰ ਇਕ ਕੰਬਲ ਅਤੇ ਇਕ ਬਿਸਤਰਾ ਇਨਾਮ ਵਜੋਂ ਦਿਤਾ ਜਾਏਗਾ।

(2) ਜਿਹੜਾ ਸਿੱਖਾਂ ਦੇ ਆਲੇ ਦੁਆਲੇ ਦੀ ਖਬਰ ਦੇਵੇਗਾ, ਉਸ ਨੂੰ ਦਸ ਰੁਪਏ ਇਨਾਮ ਦਿੱਤੇ ਜਾਣਗੇ।

(3) ਜੋ ਕੋਈ ਸਿੱਖਾਂ ਨੂੰ ਕਤਲ ਕਰੇਗਾ, ਉਸ ਨੂੰ 5●●● ਰੁਪਏ ਦਿੱਤੇ ਜਾਣਗੇ।

ਇਸ ਤੋਂ ਇਲਾਵਾ ਸਿੱਖਾਂ ਦੀ ਜਾਇਦਾਦ ਹਰ ਕੋਈ ਲੁਟ ਸਕਦਾ ਸੀ। ਜੋ ਕੋਈ ਉਨ੍ਹਾਂ ਨੂੰ ਓਟ ਦਿੰਦਾ ਸੀ, ਤਾਂ ਉਸ ਨੂੰ ਸਖਤ ਸਜ਼ਾ ਦਿੱਤੀ ਜਾਂਦੀ ਸੀ। ਸਰਕਾਰ ਤੇ ਕਰਮਚਾਰੀਆਂ, ਮੁਸਲਮਾਨਾਂ ਅਤੇ ਚੋਧਰੀਆਂ ਨੇ ਸਿਖਾਂ ਨੂੰ ਖਤਮ ਕਰਨ ਲਈ ਉਕਤ ਇਨਾਮ ਹਾਸਲ ਕੀਤੇ।

ਇਸ ਸਖਤੀ ਦੇ ਕਾਲ ਵਿਚ ਕਈ ਮੁਗਲ-ਹਕੂਮਤ ਨਿਵਾਜ਼ ਹਿੰਦੂਆਂ ਨੇ ਵੀ ਸਿਖਾਂ ਤੇ ਸਖਤੀ ਕੀਤੀ। ਭਗਤ ਨਿਰੰਜਣੀਏ, ਕਰਮੇ ਛੀਨੇ, ਧਰਮ ਦਾਸ, ਜੋਧਾ ਨਗਰੀਏ, ਸਾਹਿਬ ਰਾਏ ਪੰਨੂਸੁਨਿਹਰੀਏ ਅਤੇ ਰਾਮੇ ਰੰਧਾਵੇ ਨੇ ਸਿੰਘਾਂ ਨੂੰ ਫੜਾਉਣ ਅਤੇ ਮਰਵਾਉਣ ਵਿਚ ਵਧ ਚੜ੍ਹ ਕੇ ਕਾਰ-ਗੁਜ਼ਾਰੀ ਕੀਤੀ। ਸ਼ਿਖਾਂ ਨੂੰ ਮਾਰਨ ਲਈ ਅੰਮ੍ਰਿਤਸਰ ਸਰੋਵਰ ਤੇ ਹੀ ਆ ਡੇਰਾ ਲਾਇਆ। ਗੌਰਮਿੰਟ ਨੇ ਅੰਮ੍ਰਿਤਸਰ ਅਤੇ ਅਕਾਲ ਤਖਤ ਤੇ ਸ਼ਰਾਬ ਦੇ ਦੌਰ ਚਲਦੇ, ਹੁਕਾ ਪੀਤਾ ਜਾਂਦਾ, ਸਾਹਮਣੇ ਕੰਜਰੀਆਂ ਦਾ ਮੁਜਰਾ ਹੁੰਦਾ ਅਤੇ ਹੋਰ ਅਨੇਕਾਂ ਤਰ੍ਹਾਂ ਇਸ ਪਵਿੱਤਰ ਧਾਰਮਿਕ ਅਸਥਾਨ ਦੀ ਬੇਅਦਬੀ ਹੁੰਦੀ।

ਸਿਖਾਂ ਉਤੇ ਮੁਗਲਾਂ ਦੇ ਅਤਿਆਚਾਰਾਂ ਦੀ ਪ੍ਰਾਚੀਨ ਪੰਥ ਪ੍ਰਕਾਸ਼ ਦੇ ਲੇਖਕ ਰਤਨ ਸਿੰਘ ਭੰਗੂਨੇ ਇੰਜ ਤਸਵੀਰ ਖਿਚੀ ਹੈ =

**ਕਈ ਚਰਖੀ ਕਈ ਫਾਂਸੀ ਮਾਰੇ**

**ਕਈ ਤੋਪਨ ਕਈ ਛੁਰੀ ਕਟ ਏ**

**ਕਈਅਨ ਕੇ ਸਿਰ ਮੁੰਗਲੀ ਕੁੱਟੇ**

**ਕਈ ਡੱਬੇ ਕਈ ਘਸੀਟ ਸੁ ਸੁੱਟੇ**

**ਦਬੇ ਦੰਗੇ ਬੰਦੂਕਨ ਦਏ ਮਾਰ**

**ਕੌਣ ਗਣੇ ਜੋ ਮਾਰੇ ਹਜ਼ਾਰ**

**ਪਾਂਤ ਪਾਂਤ ਕਈ ਪਕੜ ਬਹਾਏ**

**ਸਾਥ ਤੇਗਾਨ ਕੇ ਸੀਸ ਉਡਵਾਏ**

**ਕਿਸੇ ਹਥ ਕਿਸੇ ਟੰਗ ਕਟਵਾਇ**

**ਅਖ ਕਢ ਕਿਸੇ ਖਲ ਕਢਵਾਇ।**

**ਕੇਸ਼ਨ ਵਾਲੇ ਜੋ ਨਰ ਹੋਈ।**

**ਬਾਲ ਬਿਰਧ ਲਭ, ਛਡੈ ਨ ਕੋਈ**

**ਪ੍ਰਾਚੀਨ ਪੰਥ ਪ੍ਰਕਾਸ਼ ਪੰਨਾ 228**

ਭਾਵੇ ਸਿੰਘਾਂ ਉਤੇ ਇੰਨ੍ਹਾ ਮੁਸੀਬਤਾਂ ਦੇ ਝਖੜ ਝੁਲ ਪਏ, ਪਰ ਉਨ੍ਹਾਂ ਤੇ ਹਿੰਮਤ ਨਾ ਹਾਰੀ। ਉਨ੍ਹਾਂ ਦੀ ਮਾਨਸਿਕ ਅਵਸਥਾ ਸਦਾ ਚੜ੍ਹਦੀਕਲਾ ਵਾਲੀ ਸੀ। ਇਨ੍ਹਾਂ ਕਾਰਵਾਈਆਂ ਦੇ ਹੁੰਦੇ ਹੋਏ ਵੀ, ਮਹਿਤਾਬ ਸਿੰਘ ਮੀਰਾ ਕੋਟੀਆ ਅਤੇ ਸੁਖਾ ਸਿੰਘ ਨਿਵਾਸੀ ਮਾੜੀ ਕੰਬੋ ਦਰਬਰ ਸਾਹਿਬ ਪੁੱਜੇ ਤੇ ਕੰਜਰੀਆਂ ਨਚਾ ਰਹੇ ਮੱਸਾ ਰੰਘੜ ਦਾ ਸਿਰ ਕਲਮ ਕਰ ਦਿੱਤਾ।

ਇਕ ਵਾਰੀ ਅਸ਼ਨਾਨ ਕਰਕੇ ਮੁੜਦੇ ਹੋਏ ਦੋ ਸਿੰਘਾਂ ਬੋਤਾ ਸਿੰਘ ਅਤੇ ਗਰਜਾ ਸਿੰਘ ਨੂੰ ਦੂਰੋਂ ਦੇਖ ਕੇ ਜਦ ਕਿਸੇ ਨੇ ਕਿਹਾ ਕਿ ਉਹ ਸਿੰਘ ਨਹੀਂ ਹੋਣੇ, ਐਵੇਂ ਕੋਈ ਭੇਖੀ ਹੋਣੇ ਨੇ। ਤਾਂ ਉਹ ਇਹ ਬੋਲੀ ਸਹਾਰ ਨਾ ਸਕੇ ਅਤੇ ਉਥੇ ਨਾਲ ਹੀ ਨੂਰ ਦੀਨ ਦੀ ਸਰਾਏ ਪਾਸ ਸੜਕ ਤੇ ਖੜੇ ਹੋ ਗਏ ਅਤੇ ਇਹ ਸਾਬਤ ਕਰਨ ਲਈ ਕਿ ਸਿੰਘ ਮੁੱਕ ਨਹੀਂ ਗਏ, ਅਜੇ ਜਾਗਦੇ ਹਨ, ਸੜਕ ਤੇ ਆਉਂਦੇ ਕਈ ਮਾਲ ਦੇ ਗਡਿਆਂ ਅਤੇ ਖੋਤਿਆਂ ਤੋਂ ਟੈਕਸ ਉਗਰਾਹੁਣ ਲਗ ਪਏ ਅਤੇ ਕੁਝ ਚਿਰ ਪਿਛੋਂ ਬੰਤਾ ਸਿੰਘ ਨੇ ਜ਼ਕਰੀਆਂ ਖਾਂ ਨੂੰ ਇਹ ਦਸ ਦੇਣ ਲਈ ਇਕ ਚਿੱਠੀ ਲਿਖੀ। ਜਿਸ ਦੇ ਸ਼ਬਦ ਸਨ "ਲਿਖੈ ਸਿੰਘ ਬੋਤਾ, ਹਥ ਹੈ ਸੋਟਾ, ਆਨਾ ਲਾਇਆ ਗੱਡੇ ਨੂੰ ਤੇ ਪੈਸਾ ਲਾਇਆ ਖੋਤਾ। ਆਖੋ ਭਾਬੀ ਖਾਨੋ ਨੂੰ ਯੋ ਆਖੈ ਸਿੰਘ ਬੰਤਾ।" ਇਸ ਤੋਂ ਛੇਤੀ ਬਾਅਦ ਜ਼ਕਰੀਆਂ ਖਾਂ ਦੀ ਭੇਜੀ ਹੋਈ ਫੌਜ ਨਾਲ ਸਾਹਮਣੇ ਪਿੱਠਾ ਜੋੜ ਕੇ ਲੜਦੇ ਹੋਏ ਇਹ ਦੋਨੋਂ ਸਿੰਘ ਸ਼ਹੀਦ ਹੋ ਗਏ, ਪਰ ਜਿਉਂਦੇ ਜੀ ਵੈਰੀ ਦੇ ਹੱਥ ਨਾ ਆਏ। ਇਸ ਸਮੇਂ ਭਾਈ ਤਰੂਸਿੰਘ ਦੀ ਰੰਬੀਆਂ ਨਾਲ ਸਿਰ ਦੀ ਖੋਪਰੀ ਇਸ ਕਰਕੇ ਛਿੱਲ ਦਿੱਤੀ ਗਈ ਕਿ ਉਹ ਜੰਗਲਾਂ ਵਿਚ ਛੁਖੇ ਬਾਗੀ ਸਿੰਘਾਂ ਨੂੰ ਖਾਣਾ-ਦਾਣਾ ਪਹੁੰਚਾਉਂਦਾ ਸੀ। ਇਨ੍ਹਾਂ ਦੀ ਸ਼ਹੀਦੀ 1 ਸਾਵਣ ਸੰਮਤ 17●2 ਬਿ. ਅਰਥਾਤ 1 ਜੁਲਾਈ ਸੰਨ 1745 ਨੂੰ ਹੋਈ। ਉਸੇ ਦਿਨ ਪਿਸ਼ਾਬ ਬੰਦ ਹੋ ਜਾਣ ਕਰਕੇ ਪੀੜ ਦੀ ਤੜਫਾਟ ਨਾਲ ਜ਼ਕਰੀਆਂ ਖਾਂ ਵੀ ਚਲਾਣਾ ਕਰ ਗਿਆ।

ਇਸ ਬਿਖੜੇ ਸਮੇਂ ਵਿਚ ਜੱਸਾ-ਸਿੰਘ ਨੇ ਕਈ ਵਾਰੀ ਮੁਗਲ ਗਸ਼ਤੀ ਫੌਜਾਂ ਨਾਲ ਟਾਕਰਾ ਕੀਤਾ, ਕਈ ਨਵਾਬ ਕਪੂਰ ਸਿੰਘ ਜੀ ਨਾਲ ਮਿਲ ਕੇ, ਕਦੀ ਉਨ੍ਹਾਂ ਤੋਂ ਅਲਹਿਦਾ, ਪਰ ਖਾਲਸੇ ਦੀ ਜਨਰਲ ਸਕੀਮ ਅਨੁਸਾਰ ਮੁਗਲ ਪ੍ਰਬੰਧ ਨੂੰ ਹਲੂਣਾ ਦੇਣ ਲਈ ਮੁਹਿੰਮਾਂ ਗਠਿਤ ਕਰਦਾ ਰਿਹਾ ਅਤੇ ਨਾਲ ਹੀ ਸਿਖਾਂ ਦੇ ਹਮਲੇ ਵਧਾਉਂਦਾ ਰਿਹਾ।

ਜ਼ਕਰੀਆ ਖਾਂ ਦੀ ਮੌਤ ਪਿੱਛੋਂ ਉਸ ਦਾ ਪੁੱਤਰ ਯਹੀਆ ਖਾਂ ਤਖਤ ਤੇ ਬੈਠਿਆ। ਉਸ ਨੇ ਵੀ ਆਪਣੇ ਪਿਉ ਵਾਲੀ ਸਿੱਖਾਵਿਰੁਧ ਨੀਤੀ ਜਾਰੀ ਰੱਖੀ। ਜ਼ਕਰੀਆ ਖਾਂ ਦੇ ਵੇਲੇ ਤੋਂ ਹੀ ਲਾਹੋਰ ਦੀ ਹਕੂਮਤ ਵਿਚ ਦੀਵਨ ਲਖਪਤ ਰਾਏ ਅਤੇ ਜਸਪਤ ਰਾਏ ਐਮਨਾਬਾਦੀ ਭਰਾਵਾਂ ਦਾ ਬੜਾ ਜ਼ੋਰ ਸੀ, ਲਖਪਤ ਰਾਏ ਸੂਬਾ ਲਾਹੌਰ ਦਾ ਦੀਵਾਨ ਸੀ ਅਤੇ ਜਸਪਤ ਰਾਏ ਐਮਨਾਬਾਦ ਦਾ ਫੌਜਦਾਰ। ਇਹ ਅਸਲੋਂ ਕਲਾਨੌਰ ਜ਼ਿਲ੍ਹਾਂ ਗੁਰਦਾਸਪੁਰ ਦੇ ਖਤਰੀ ਸਨ ਅਤੇ ਸਰਕਾਰੀ ਨੌਕਰੀ ਵਿਚ ਵਧਦੇ ਵਧਦੇ ਇਨ੍ਹਾਂ ਪਦਵੀਆਂ ਤਕ ਪੁਜੇ ਸਨ। ਇਹ ਦੋਵੇਂ ਭਰਾ ਉਨ੍ਹਾਂ ਵਿਚੋਂ ਸਨ ਜੋ ਮੁਗਲ ਪ੍ਰਬੰਧ ਦੀਆਂ ਸੰਸਥਾਵਾਂ (Structure) ਦੀ ਕਾਇਮੀ ਦੇ ਉਤਸ਼ਾਹਪੂਰਨ ਹਿਤੈਸ਼ੀ ਸਨ ਤੇ ਸਿੰਘ ਸੰਘਰਸ਼ ਨੂੰ ਅਰਥਹੀਣ ਮੰਨਦੇ ਸਨ। ਉਪਰੰਤ ਉਹ ਮੁਗਲ ਸਰਕਾਰ ਦੀਆਂ ਗੈਰ ਮੁਸਲਮਾਨਾਂ ਪ੍ਰਤੀ ਵਧੀਕੀਆਂ ਨੂੰ ਵੀ ਗਲਤ ਨਹੀਂ ਮੰਨਦੇ ਸਨ।

ਹਕੂਮਤ ਦੀ ਨਿਸਚਿਤ ਪਾਲਿਸੀ ਅਨੁਸਾਰ, ਮੁਗਲ ਗਸ਼ਤੀ ਫੌਜਾਂ ਸਿੱਖਾਂ ਦਾ ਕਾਫੀਆ ਤੰਗ ਕਰਨ ਲਗੀਆਂ। ਜੱਸਾ ਸਿੰਘ ਅਤੇ ਸੁਖਾ ਸਿੰਘ ਮਾੜੀ ਕੰਬੋ ਦੇ ਜੱਥੇ ਗਸ਼ਤੀ ਫੋਜ ਦੀ ਧਕੀਂਦੇ ਹੋਏ ਝਲ ਝਲ ਪਹਾੜ ਵਲ ਜਾ ਰਹੇ ਸਨ ਕਿ ਦੀਵਾਨ ਜਸਪਤ ਰਾਏ ਇਨ੍ਹਾਂ ਦੇ ਮਗਰ ਪੈ ਗਿਆ ਅਤੇ ਇਨ੍ਹਾਂ ਨੂੰ ਐਮਨਾਬਾਦ ਵੱਲ ਧੱਕ ਦਿੱਤਾ। ਇਲਾਕੇ ਦੇ ਚੌਧਰੀ ਵੀ ਆਪਣੀਆਂ ਛੇੜਾਂ ਨਾਲ ਲੈ ਕੇ ਜਸਪਤ ਰਾਇ ਨਾਲ ਆ ਮਿਲੇ। ਸਿੱਖ ਜੱਥੇ ਬੱਦੋਕੀ ਵੱਲ ਨੂੰ ਹੋ ਤੁਰੇ। ਇਥੇ ਗੁਸਾਈਆਂ ਦੀ ਝਿੜੀ ਵਿਚ ਸਿਰ ਲੁਕਾ ਕੇ ਲੰਗਰ ਦਾ ਕੁਝ ਪ੍ਰਬੰਧ ਕਰਨ ਲਗੇ ਸਨ ਕਿ ਜਸਪਤ ਰਾਏ ਆ ਪੁੱਜਾ ਅਤੇ ਸਨੇਹਾ ਭੇਜਿਆ ਕਿ ਇਥੋਂ ਇਕ ਦਮ ਕੂਚ ਕਰ ਜਾਉ ਸਿੰਘਾਂ ਨੇ ਬੜੀ ਹਲੀਮੀ ਨਾਲ ਉੱਤਰ ਦਿੱਤਾ ਕਿ ਅਸੀਂ ਤਿੰਨ ਦਿਨਾਂ ਦੇ ਭੁਖੇ ਹਾਂ। ਇਸ ਹਾਲਤ ਵਿਚ ਹੁਣ ਕੂਚ ਕਰਨਾ ਔਖਾ ਹੈ। ਦੂਜੇ ਰਾਤ ਵੀ ਬਾਕੀ ਹੈ, ਅਸੀਂ ਭਲਕੇ ਸਵੇਰੇ ਵਿਸਾਖੀ ਰੋੜੀ ਸਾਹਿਬ ਦੇਖਾ ਕੇ

ਅਸੀਂ ਆਪੇ ਹੀ ਅੱਗੇ ਤੁਰ ਜਾਵਾਂਗੇ। ਜਸਪਤ ਰਾਏ ਨੇ ਮੁੜ ਅਖਵਾ ਕੇ ਭੇਜਿਆ। ਸਿੰਘਾਂ ਦਾ ਜਵਾਬ ਉਹੀ ਸੀ। ਉਨ੍ਹਾਂ ਕਿਹਾ ਕਿ ਸਾਡਾ ਤੇਰੇ ਨਾਲ ਕੋਈ ਵੈਰ ਨਹੀਂ, ਕੇਵਲ ਅੰਨ-ਦਾਣਾ ਇਕਠਾ ਕਰ ਕੇ ਦੂਸਰੇ ਇਲਾਕੇ ਵਿਚ ਜਾ ਵੜਾਂਗੇ। ਜਸਪਤ ਰਾਏ ਇਸ ਉਤਰ ਮਿਲਣ ਤੇ ਗੁੱਸੇ ਨਾਲ ਲੋਹਾਂ ਲਾਖਾਂ ਹੋ ਉਠਿਆ ਅਤੇ ਬੋਲਿਆ "ਖਸਮ ਤਾ ਫਿਰੇ ਸਰ ਕਟਣ ਨੂੰ, ਅਤੇ ਤੀਵੀਂ ਲੋੜੇ ਨੱਥ ਘੜਾਉਣੀ ਨੂੰ। ਮੈਂ ਤਾਂ ਤੁਹਾਡਾ ਖੁਰਾ ਖੋਜ ਮਿਟਾਉਣ ਲਈ ਦ੍ਰਿੜ੍ਹ ਹਾਂ ਅਤੇ ਤੁਸੀਂ ਮੇਰੇ ਇਲਾਕੇ ਵਿਚੋਂ ਰਸਦ ਭਾਲਦੇ ਹੋ।"

ਵਾਸਤਵ ਵਿਚ ਕਈ ਹੋਰ ਹਿੰਦੂਆਂ ਵਾਂਗ ਜਸਪਤ ਰਾਏ ਮੁਗਲ ਹਕੂਮਤ ਦੀਆਂ ਨਜ਼ਰਾਂ ਵਿਚ ਹੋਰ ਉੱਚਾ ਹੋਣਾ ਚਾਹੁੰਦਾ ਸੀ, ਇਸ ਲਈ ਉਹ ਸਿਖਾਂ ਦਾ ਭਾਵੇਂ ਕੋਈ ਕਸੂਰ ਹੋਏ ਜਾਂ ਨਾ ਹੋਵੇ, ਉਨ੍ਹਾਂ ਤੇ ਸਖਤੀ ਕਰਨਾ ਆਪਣਾ ਮੰਤਵ ਦੀ ਪ੍ਰਾਪਤੀ ਲਈ ਇਕ ਸਾਧਨ ਸਮਝਦਾ ਸੀ। ਇਸ ਲਈ ਉਸ ਨੇ ਸਿੰਘਾਂ ਦਾ ਘੇਰਾ ਘੱਤ ਲਿਆ। ਉਸ ਵੇਲੇ ਸਿਖਾਂ ਨੂੰ ਟਿੰਡਾਂ ਵਿਚ ਸਾਗ-ਪਾਤ ਉਬਾਲਣਾਂ ਧਰਿਆ ਸੀ। ਮਜਬੂਰਨ ਅਜਾਈਂ ਮੌਤ ਮਰਨ ਨਾਲੋਂ ਜੂਝ ਕੇ ਮਰਨਾ ਠੀਕ ਸਮਝਿਆਂ। ਜੱਸਾ ਸਿੰਘ ਆਹਲੂਵਾਲੀਆ ਦੀ ਅਗਵਾਈ ਵਿਚ ਉਨ੍ਹਾਂ ਨੇ ਇੰਨੇ ਜ਼ੋਰ ਨਾਲ ਹਮਲਾ ਕੀਤਾ ਕਿ ਦੀਵਾਨ ਦੀ ਫੌਜ ਅਤੇ ਉਸ ਦਾ ਸਹਾਇਕ ਮੁਲਖਈਆ ਭੱਜ ਉਠੇ। ਇਸ ਮੌਕੇ ਤੇ ਨਿਬਾਹੂਸਿੰਘ ਨਾਮੀ ਇਕ ਸਿੰਘ ਦੌੜ ਕੇ ਪੂਛਲ ਰਾਹੀਂ ਜਸਪਤ ਰਾਏ ਦੇ ਹਾਥੀ ਉਤੇ ਚੜ੍ਹ ਗਿਆ ਅਤੇ ਤੇਗੇ ਦੀ ਇਕ ਚੋਟ ਨਾਲ ਉਸ ਦਾ ਸਿਰ ਧੜ ਨਾਲੋਂ ਜੁਦਾ ਕਰ ਦਿੱਤਾ। ਫਿਰ ਉਸ ਸਿਰ ਨੂੰ ਲੈ ਕੇ ਜੱਸਾ ਸਿੰਘ ਆਹਲੂਵਾਲੀਆ ਪਾਸ ਆ ਗਿਆ ਜੋ ਬਾਅਦ ਵਿਚ ਥਾਵਾ ਕਿਰਪਾ ਰਾਮ ਦੀ ਬੇਨਤੀ ਤੇ ਸਿੰਘਾਂ ਨੇ ਉਸ ਨੂੰ ਦੇ ਦਿੱਤਾ। ਇਸ ਅਫਸਰ ਤੇ ਜੱਸਾ ਸਿੰਘ ਆਹਲੂਵਾਲੀਆ ਦੀ ਸੁਯੋਗ ਅਗਵਾਈ ਤੇ ਬਹਾਦਰੀ ਦੀ ਧੁਮ ਦੂਰ ਦੂਰ ਤਕ ਫੈਲ ਗਈ।

ਇਸ ਘਟਨਾ ਨਾਲ ਹੁਕਮਰਾਨ ਜਮਾਤ ਨੂੰ ਹੋਰ ਰੋਹ ਚੜ੍ਹਿਆ। ਦੀਵਾਨ ਲਖਪਤ ਰਾਏ ਨੇ ਜਦੋਂ ਆਪਣੇ ਭਰਾ ਜਸਪਤ ਦੀ ਮੌਤ ਦੀ ਖਬਰ ਸੁਣੀ ਤਾਂ ਉਹ ਕਰੋਧ ਦੀ ਜਵਾਲਾ ਵਿਚ ਭਖਣ ਲੱਗਾ। ਉਹ ਫਟਾਫਟ ਯਹੀਆ ਖਾਂ ਪਾਸ ਪੁਜਿਆ, ਪਗੜੀ ਲਾਹ ਕੇ ਉਸ ਦੇ ਪੈਰਾ ਤੇ ਰਖ ਦਿਤੀ ਤੇ ਮੰਗ ਮੰਗੀ ਕਿ ਉਸ ਨੂੰ ਸਿਖਾਂ ਦਾ ਖੁਰਾ ਖੋਜ ਮਿਟਾਉਣ ਦੀ ਮੁਕੰਮਲ ਖੁਲ੍ਹ ਤੇ ਦਿੱਤੀ ਜਾਏ। ਯਹੀਆ ਖਾਂ ਨੂੰ ਹੋਰ ਕੀ ਚਾਹੀਦਾ ਸੀ। ਉਸ ਨੇ ਉਸ ਦੀ ਬੇਨਤੀ ਪਰਵਾਨ ਕਰ ਲਈ। ਛੇਤੀ ਹੀ ਪਿੱਛੋਂ ਲਖਪਤ ਰਾਏ ਦੀ ਬੇਨਤੀ ਤੇ ਉਸ ਨੇ ਸਿਖਾਂ ਦੀ ਕਤਲਾਮ ਦਾ ਇਕ ਆਮ ਐਲਾਨ ਕਰ ਦਿੱਤਾ ਅਤੇ ਉਨ੍ਹਾਂ ਦੇ ਸਿਰਾਂ ਲਈ ਇਨਾਮ ਰਖ ਦਿੱਤੇ ਅਤੇ ਹੁਕਮ ਦਿੱਤਾ ਕਿ ਜਿਹੜਾ ਵੀ ਕੋਈ ਗੁਰੂਗੋਬਿੰਦ ਸਿੰਘ ਦਾ ਨਾਮ ਲਵੇਗਾ ਉਸ ਦਾ ਪੇਟ ਚਾਕ ਕਰ ਦਿੱਤਾ ਜਾਏਗਾ। ਦੀਵਾਨ ਲਖਪਤ ਰਾਏ ਨੇ ਮਾਰਚ 1745 ਦੇ ਪਹਿਲੇ ਹਫਤੇ ਵਿਚ ਸਭ ਤੋਂ ਪਹਿਲਾਂ ਲਾਹੌਰ ਵਿਚ ਜਿੰਨੇ ਵੀ ਸਿਖ ਦੁਕਾਨਦਾਰ ਅਤੇ ਸਰਕਾਰੀ ਨੌਕਰ ਸਨ, ਫੜ ਕੇ ਜੱਲ੍ਹਾਦਾਂ ਦੇ ਹਵਾਲੇ ਕਰ ਦਿੱਤੇ, ਜਿਨ੍ਹਾਂ ਨੇ 10 ਮਾਰਚ ਸੋਮਵਾਰ ਨੂੰ ਇਨ੍ਹਾਂ ਦੀਆਂ ਕੇਸਾਂ ਵਾਲੀਆਂ ਖੋਪਰੀਆਂ ਉਤਾਰ ਦਿਤੀਆਂ। ਇਸ ਵੇਲੇ ਇਕ ਪਹਾੜੀ ਰਾਜੇ ਪਾਸ ਜੋ ਪੰਦਰਾਂ ਸਿੱਖ ਨੌਕਰ ਸਨ, ਉਹ ਵੀ ਪਕੜ ਕੇ ਲਾਹੌਰ ਲਿਆਂਦੇ ਗਏ ਅਤੇ ਜਲਾਦਾਂ ਦੇ ਹਵਾਲੇ ਕਰ ਦਿੱਤੇ ਗਏ। ਇਸ ਦੌਰਾਨ ਕੁਝ ਕੁ ਸਿਖਾਂ ਨਾਲ ਹਮਦਰਦੀ ਰਖਣ ਵਾਲੇ ਹਿੰਦੂਆਂ ਨੇ ਜਿਨ੍ਹਾਂ ਵਿਚ ਦੀਵਾਨ ਕੋੜਾ ਮਲ ਤੇ ਦੀਵਾਨ ਲੱਛਮੀ ਦਾਸ ਮੁਹਰੀ ਸਨ, ਨੇ ਗੁਰੂਸੰਤ ਭਗਤ ਜਗਤ ਨੂੰ ਨਾਲ ਲੈ ਕੇ ਦੀਵਾਨ ਲਖਪਤ ਰਾਏ ਨੂੰ ਬੇਨਤੀ ਕੀਤੀ ਕਿ ਉਹ ਨਿਰਦੋਸ਼ ਸਿਖਾਂ ਉਪਰ ਸਖਤੀ ਨਾ ਕਰੇ, ਪਰ ਦੀਵਾਨ ਨੇ ਇਕ ਨਾ ਸੁਣੀ ਅਤੇ ਕਹਿਣ ਲੱਗਾ ਕਿ "ਤੁਸੀਂ ਤਾਂ ਕੀ ਜੇ ਰੱਬ ਵੀ ਆਪ

ਚਲ ਕੇ ਆਵੇ, ਤਾਂ ਵੀ ਮੈਂ ਇਨ੍ਹਾਂ ਨੂੰ ਨਹੀਂ ਛਡਾਂਗਾ।" ਸੰਤ ਜਗਤ ਭਗਤ ਨੇ ਵੀ ਬਹੁਤ ਸਮਝਾਇਆ, ਪਰ ਉਸ ਨੂੰ ਇਕ ਨਾ ਲਗੀ, ਸਗੋਂ ਉਸ ਨੇ ਪੂਰੇ ਨਿਰਾਦਰਮਈ ਸਬਦਾਂ ਵਿਚ ਕਿਹਾ, "ਤੁਹਾਨੂੰ ਇਨ੍ਹਾਂ ਗੱਲਾਂ ਦਾ ਕੀ ਪਤਾ ਹੈ, ਤੁਸੀਂ ਡੇਰੇ ਹੀ ਬੈਠਿਆਂ ਕਰੋ।" ਨਿਰਾਸ਼ਾ ਵੱਸ ਗੋਸਾਈਂ ਜੀ ਨੇ ਕਿਹਾ, "ਜਿਸ ਪਾਣੀਉ ਉਗੀ ਹੈਂ, ਉਸੇ ਪਾਣੀ ਮਾਰਾਂਗੇ। ਤਰੀ ਜੜ੍ਹ ਨਾ ਰਹੂਅਤੇ ਪੰਥ ਦਿਨੇ ਦਿਨ ਵਧੂ।"

ਦੀਵਾਨ ਲਖਪਤ ਰਾਏ ਦੇ ਹਿਰਦੇ ਤਾਂ ਠੰਡੇ ਪੈਂਦੀ ਜੇ ਉਹ ਜੱਸਾ ਸਿੰਘ ਆਹਲੂਵਾਲੀਆ, ਸੁਖਾ ਸਿੰਘ ਮਾੜੀ ਕੰਬੋ ਤੋਂ ਅਤੇ ਉਨ੍ਹਾਂ ਦੇ ਨਾਲ ਦੇ ਸਾਥੀਆਂ ਨੂੰ ਸਜ਼ਾ ਦੇਵੇ। ਪਰੰਤੂਉਹ ਇਸ ਵੇਲੇ ਲਾਹੌਰ ਦੇ ਨੇੜੇ ਮੌਜੂਦ ਨਹੀਂ ਸਨ। ਉਹ ਅਤੇ ਹੋਰ ਜਿਨ੍ਹਾਂ ਦੀ ਗਿਣਤੀ 15 ਕੁ ਹਜ਼ਾਰ ਦੇ ਕਰੀਬ ਸੀ, ਕਾਹਨੂਵਾਨ ਦੇ ਛੰਬ ਦੇ ਆਸ ਪਾਸ ਟਿਕੇ ਹੋਏ ਦਿਨ ਕਟੀ ਕਰ ਰਹੇ ਸਨ। ਨਵਾਬ ਕਪੂਰ ਸਿੰਘ, ਗੁਰਦਿਆਲ ਸਿੰਘ ਡਲੇ ਵਾਲੀਆ ਅਤੇ ਕਈ ਹੋਰ ਮਹਾਨ ਜੱਥੇਦਾਰ ਵੀ ਉਥੇ ਮੌਜੂਦ ਸਨ।

ਲਖਪਤ ਰਾਏ ਨੇ ਲਾਉ ਲਸ਼ਕਰ ਸਮੇਤ ਉਨ੍ਹਾਂ ਦਾ ਪਿਛਾ ਕਰਨਾ ਸੁਰੂਕੀਤਾ। ਸਿੰਘਾਂ ਨੂੰ ਬਹੁਤ ਔਂਗਿਆਈ ਦਾ ਸਾਹਮਣਾ ਕਰਨਾ ਪਿਆ। ਉਨ੍ਹਾਂ ਕੋਲ ਨਾ ਤਾਂ ਲੋੜੀਂ ਦੀ ਰਸਦ ਸੀ ਤੇ ਨਾ ਗੋਲਾ ਬਾਰੂਦ ਤੇ ਨਾ ਕੋਈ ਕਿਲ੍ਹਾਂ। ਫਿਰ ਵੀ ਉਹ ਲਖਪਤ ਰਾਏ ਦਾ ਟਾਕਰਾ ਕਰਦੇ ਗਏ ਅਤੇ ਪਹਾੜ ਵਲ ਵਧਦੇ ਗਏ ਕਿਉਂਕਿ ਸਾਰਿਆਂ ਪਾਸਿਆਂ ਤੋਂ ਲਖਪਤ ਰਾਏ ਤੋਪਾਂ ਨਾਲ ਭੁੰਨੀ ਜਾ ਰਿਹਾ ਸੀ। ਇਸ ਵੇਲੇ ਸਿਆਣੇ ਸਿੰਘਾਂ ਨੇ ਕਿਹਾ ਕਿ ਲੜਾਈ ਦੇ ਦੋਂ ਢਾਈ ਫੱਟ ਹੁੰਦੇ ਹਨ। ਇਕ ਈਨ ਮੰਨ ਲੈਣਾ, ਦੂਜਾ ਮੁੜ ਟਾਕਰਾ ਕਰਨ ਦੀ ਆਸ ਨਾਲ ਵੇਖ ਕੇ ਹਰਨ ਹੋਣਾ, ਅਤੇ ਅੱਧਾ ਸਾਹਮਣੇ ਡਟ ਕੇ ਮਰ ਮੁਕਣਾ। ਹੁਣ ਪਹਿਲੀ ਈਨ ਮੰਨਣ ਵਾਲੀ ਗੱਲ ਦਾ ਤਾਂ ਨਾਉਂ ਹੀ ਨਾ ਲਵੇ। ਖਾਲਸਾਂ ਗੁਰੂਤੋਂ ਬਿਨਾਂ ਕਦੀ ਕਿਸੀ ਦੀ ਈਨ ਨਹੀ ਮੰਨਦਾ। ਇਸ ਲਈ ਪਿਛਲਾ ਡੇਢ ਫੱਟ ਹੀ ਅਸੀਂ ਕਰ ਸਕਦੇ ਹਾਂ। ਵੈਰੀ ਪਾਸ ਤੋਪਾ ਅਤੇ ਰਿਸਾਲਾ ਹੈ। ਅਸੀਂ ਬਹੁਤੇ ਪੈਦਲ ਹੀ ਹਾਂ। ਇਸ ਲਈ ਸਾਨੂੰ ਘੋੜਿਆਂ ਦਾ ਪ੍ਰਬੰਧ ਕਰਨਾ ਚਾਹੀਦਾ ਹੈ। ਸੋ ਵੈਰੀ ਨੂੰ ਭੁਚਲਾਉਣ ਲਈ ਇਕ ਦਿਨ ਲੋਢੇ ਵੇਲੇ ਸਿੰਘਾਂ ਭਜ ਨਿਕਲੇ। ਜਦ ਲਖਪਤ ਰਾਏ ਦੀ ਫੌਜ ਰਾਤ ਨੂੰ ਅਵੇਸਲੀ ਹੋ ਗਈ ਤਾਂ ਸਿੰਘਾਂ ਨੇ ਮੁੜ ਕੇ ਇਕ ਦਮ ਆ ਛਾਪਾ ਮਾਰਿਆਂ ਅਤੇ ਬਹੁਤ ਸਾਰੇ ਘੋੜੇ ਅਤੇ ਕੁਝ ਖਾਣਾ-ਦਾਣਾ ਲੈ ਕੇ ਮੁੜ ਝਲਾਂ ਵਿਚ ਜਾ ਵੜੇ।

ਇਹ ਦੇਖ ਕੇ ਲਖਪਤ ਰਾਏ ਬਹੁਤ ਖਿਝਿਆ। ਉਸ ਨੇ ਝਲਾਂ ਨੂੰ ਅਗ ਲਗਵਾ ਦਿੱਤੀ ਤਾਂ ਜੋ ਸਿਖ ਓਟ ਨਾ ਲੈ ਸਕਣ। ਉਪਰੰਤ ਉਸ ਨੇ ਤੋਪਾਂ ਦੀ ਮਾਰ ਤੇਜ਼ ਕਜ ਦਿੱਤੀ। ਸਿੰਘ ਭਜ ਨਿਕਲੇ। ਇਕ ਥਾਂ ਤਾਰੂਵੇਖ ਕੇ ਦਰਿਆ ਰਾਵੀ ਪਾਰ ਹੋਏ ਅਤੇ ਇਹ ਸੋਚ ਕੇ ਕਿ ਸਾਇਦ ਪਹਾੜਾਂ ਵਿਚ ਜਾਣ ਨਾਲ ਬਲਾ ਟਲ ਜਾਏਗੀ। ਬਸੋਹਲੀ ਵਲ ਜਾਣ ਲਈ ਪੜੋਲ ਅਤੇ ਕਠੂਹੇ ਵਲ ਨੂੰ ਹੋ ਪਏ।

ਪਰ ਅਗੋਂ ਪਹਾੜੀਆਂ ਨੇ ਰਾਹ ਰੋਕ ਦਿੱਤੇ ਅਤੇ ਜਿਧਰ ਨੂੰ ਸਿੰਘ ਜਾਣ ਉਧਰੋਂ ਹੀ ਗੋਲੀਆਂ ਦੀ ਵਰਖਾ ਹੋਣ ਲਗ ਪਏ। ਪਿਛੋਂ ਲਖਪਤ ਰਾਏ ਦੱਬੀ ਆ ਰਿਹਾ ਸੀ। ਸਿੰਘ ਕੁਥਾਏ ਫੱਸ ਗਏ। ਨਾ ਅੱਗੇ ਵਧ ਸਕਣ ਤੇ ਨਾ ਪਿਛੇ ਹੱਅ ਸਕਣ। ਕਿਧਰੇ ਘੋੜੀ ਖਲਣ ਦੀ ਥਾਂ ਨਹੀ ਸੀ। ਸਲਾਹ ਹੋਈ ਕਿ ਜਿਵੇ ਹੋ ਸਕੇ, ਰਿਆੜਰੀ ਅਤੇ ਦੁਆਬੇ ਵਲ ਨੂੰ ਖਿਡ ਚਲੋ। ਫਿਰ ਕਦੀ ਇਕੱਠੇ ਹੋ ਕੇ ਲਖਪਤ ਰਾਏ ਨਾਲ ਦੋ ਦੋ ਚੱਥ ਕਰਾਗੇ। ਸੋ ਸਿੰਘ ਪਿਛੇ ਨੂੰ ਮੁੜ ਪਏ ਤੇ ਇਕ ਹੱਲਾ ਕਰਕੇ ਫੋਜ ਉਤੇ ਟੁਟ ਪਏ। ਇਸ ਅਵਸਰ ਤੇ ਉਨ੍ਹਾਂ ਨੇ ਲਖਪਤ ਰਾਏ ਦੀ ਬੜੀ ਭਾਲ ਕੀਤੀ, ਪਰ ਕਿਤੇ ਪਿਛੇ ਹੋਣ ਕਰਕੇ ਹੱਥ ਨਾ ਆਇਆ।

ਸਿੰਘਾਂ ਚਾਲੇ ਪਾਏ। ਪਰ  ਰ ਵੀ ਨੇ ਰੋਕ ਪਾ ਦਿੱਤੀ। ਦਰਿਆ ਦੀ ਰੋੜ੍ਹ ਇੰਨੀ ਤੇਜ਼ ਸੀ ਕਿ ਕੋਈ ਠਿਲ੍ਹ ਨਹੀਂ ਸਕਦਾ ਸੀ। ਡਲੇਵਾਲੀਆ ਸਰਦਾਰ ਗੁਰਦਿਆਲ ਸਿੰਘ ਦੇ ਦੋ ਭਰਾਵਾਂ ਨੇ ਹਿੰਮਤ ਕਰ ਕੇ ਘੋੜੇ ਦਰਿਆ ਵਿਚ ਪਾਏ, ਪਰ ਦਰਿਆ ਦੀਆਂ ਠਾਠਾਂ ਅਗੇ ਕੋਈ ਪੇਸ਼ ਨਾ ਗਈ, ਨਾ ਘੋੜਿਆਂ ਦਾ ਪਤਾ ਲੱਗਾ ਤੇ ਨਾ ਘੋੜਸਵਾਰਾਂ ਦਾ।

ਇਸ ਵਕਤ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਉਨ੍ਹਾਂ ਕੁਝ ਕੁ ਸਰਦਾਰਾਂ ਵਿਚੋਂ ਸੀ, ਜਿਨ੍ਹਾਂ ਨੇ ਕਿਹਾ ਕਿ ਡੁਬ ਕੇ ਮਰਨ ਨਾਲੋਂ ਵੈਰੀ ਨਾਲ ਜੂਝ ਕੇ ਮਰਨਾ ਚੰਗਾ ਹੈ। ਸੋ ਸਿੰਘਾ ਨੇ ਸਰਦਾਰ ਸੁੱਖਾ ਸਿੰਘ ਦੀ ਅਗਵਾਈ ਹੇਠ ਸਿੰਘਾਂ ਕਸੀਸ ਵੱਟ ਕੇ ਸਤਿ ਸ੍ਰੀ ਅਕਾਲ ਦੇ ਜੈਕਾਰੇ ਬੁਲਾਉਂਦੇ ਹੋਏ ਹੱਲਾ ਕਰ ਦਿੱਤਾ। ਬੜੀ ਸਖਤ ਲੜਾਈ ਹੋਈ, ਜਿਸ ਵਿਚ ਜਸਪਤ ਰਾਏ ਦਾ ਪੁਤਰ ਹਰਭਜ ਰਾਏ। ਯਹੀਆ ਖਾਂ ਦਾ ਪੁੱਤਰ ਨਾਹਰ ਖਾਂ, ਫੌਜਦਾਰ ਸੈਫ ਅਲੀ ਖਾਨ, ਕਰਮ ਬਖਸ਼ ਰਸੂਲ ਨਗਰੀਆਂ, ਅਗਰ ਖਾਂ ਆਦਿ ਮਾਰੇ ਗਏ। ਇਸ ਹੱਲੇ ਵਿਚ ਸਿੰਘਾ ਦਾ ਵੀ ਬੜਾ ਨੁਕਸਾਨ ਹੋਇਆ। ਸੁੱਖਾ ਸਿੰਘ ਦੀ ਲੱਤ ਪਰ ਜੰਬੂਰੇ ਦਾ ਗੋਲਾ ਆ ਲੱਗਾ ਅਤੇ ਪੱਟ ਦੀ ਹੱਡੀ ਟੁਟ ਗਈ।

ਇਸ ਨਾਜ਼ਕ ਸਮੇਂ ਸ: ਜੱਸਾ ਸਿੰਘ ਆਹਲੂਵਾਲੀਆ ਨੇ ਹੋਰਨਾਂ ਸਰਦਾਰਾਂ ਸਮੇਤ ਇਕ ਹੋਰ ਭਰਪੂਰ ਹੱਲਾ ਕਰ ਦਿਤਾ। ਵੈਰੀਆਂ ਦੀ ਨਾਕਾ ਬੰਦੀ ਉਥਲ ਪੁਥਲ ਹੋ ਗਈ। ਇਸ ਸਥਿਤੀ ਤੋਂ ਫਾਇਦਾ ਉਠਾ ਕੇ ਸਿੰਘ ਸ੍ਰ: ਸੁੱਖਾ ਸਿੰਘ ਦੇ ਪਿਛੇ ਪਿਛੇ ਸੰਘਣੇ ਬੇਲੇ ਵਿਚ ਜਾ ਵੜੇ। ਇੰਨੇ ਨੂੰ ਰਾਤ ਪੈ ਗਈ। ਸਿਖ ਇਤਿਹਾਸ ਵਿਚ ਇਹ ਪਹਿਲਾ ਦਿਨ ਸੀ ਕਿ ਕਿਸੇ ਇਕ ਦਿਨ ਵਿਚ ਸਿੰਘਾਂ ਦਾ ਇਨ੍ਹਾਂ ਨੁਕਸਾਨ ਹੋਇਆ। ਇਸੇ ਕਰ ਕੇ ਇਸ ਨੂੰ ਘਲੂਘਾਰੇ ਦਾ ਦਿਨ ਆਖਿਆਂ ਜਾਂਦਾ ਹੈ। ਇਹ ਪਹਿਲਾ ਜਾਂ ਛੋਟਾ ਘਨੂਘਾਰਾ ਸੀ। ਦੂਸਰਾ ਵੱਡਾ ਘਲੂਘਾਰਾਂ 5 ਫਰਵਰੀ ਸੰਨ 1762 ਈ. ਨੂੰ ਅਹਿਮਦਸ਼ਾਹ ਦੁਰਾਨੀ ਹੱਥੋਂ ਹੋਇਆ।

ਇਥੋਂ ਨਿਕਲ ਚਲਣ ਦੀ ਵਿਉਂਤ ਬਣਾਈ ਗਈ, ਜਿਸ ਦੇ ਨਿਰਮਾਨ ਤੇ ਸਿਰੇ ਚੜ੍ਹਾਉਣ ਵਿਚ ਜੱਸਾ ਸਿੰਘ ਆਹਲੂਵਾਲੀਆਂ ਨੇ ਨੌੜੀਦਾ ਹਿੱਸਾ ਪਾਇਆ। ਸ. ਜੱਸਾ ਸਿੰਘ ਤੇ ਸ: ਸੁੱਖਾ ਸਿੰਘ ਨੇ ਕਿਹਾ "ਖਾਲਸਾ ਜੀ ਵੈਰੀਆਂ ਨੂੰ ਇਸ ਸੱਟ ਮਾਰਨ ਦਾ ਹੁਣ ਵੇਲਾ ਹੈ। ਸਾਨੂੰ ਹਰਨ ਹੋਇਆਂ ਵੇਖ ਕੇ ਵੈਰੀ ਬੇਖਣਕੇ ਸੌਂ ਗਏ ਹਨ। ਹੁਣ ਉਨ੍ਹਾਂ ਨੂੰ ਨੀਂਦ ਦੇ ਦਬਿਆ ਹੋਇਆਂ ਹੈ। ਇਸ ਲਈ ਹੱਲਾ ਕਰਕੇ ਅਸੀਂ ਉਨ੍ਹਾਂ ਪਾਸੋਂ ਕੁਝ ਘੋੜੇ ਅਤੇ ਸ਼ਸਤਰ ਸੋਖੇ ਹੀ ਲਿਆ ਸਕਾਂਗੇ। ਇਹ ਗੱਲ ਸਿੰਘਾਂ ਨੇ ਪਰਵਾਨ ਕਰ ਲਈ ਅਤੇ ਧਾਵਾ ਕਰ ਕੇ ਜਾ ਪਏ। ਝਟਾ ਪੱਟ ਚੰਗੇ ਚੰਗੇ ਘੋੜੇ ਅਤੇ ਹੱਥਿਆਰ ਲੈ ਕੇ ਵੈਰਿਆਂ ਦੇ ਮੁਸ਼ਾਲਾਂ ਜਗਾਉਣ ਤੋਂ ਪਹਿਲਾਂ ਪਹਿਲਾਂ ਕੰਡਿਆਲੇ ਝਲਾ ਵਿਚ ਵੜ ਗਏ।

ਛੇਤੀ ਹੀ ਮਗਰੋਂ ਲਖਪਤ ਰਾਏ ਵੀ ਸਣੇ ਫੋਜ ਆ ਗਿਆ। ਬੇਸ਼ੁਮਾਰ ਮੁਲਖਈਆਂ ਵੀ ਉਸ ਨਾਲ ਸੀ। ਲਖਪਤ ਰਾਏ ਦੀ ਫੌਜ ਦੇ ਨਾਲ ਮੂਹਰੇ ਮੂਹਰੇ ਢੋਲ ਵਜਦਾ ਜਾ ਰਿਹਾ ਸੀ ਅਤੇ ਪਿੰਡਾਂ ਦੀਆਂ ਬੰਦੂਕਾਂ, ਨੇਜ਼ੇ ਅਤੇ ਛਵੀਆਂ, ਕੁਹਾੜੀਆਂ ਲਈ ਡਕਦੇ ਝੱਲਾ ਨੂੰ ਇਉਂ ਝਾੜ ਰਹੀਆਂ ਸਨ ਜਿਵੇਂ ਸ਼ਿਕਾਰੀ ਕੁੱਤੇ ਝਾੜੀਆਂ ਵਿਚ ਹਰਨਾਂ ਪਿੱਛੇ ਪਏ ਹੋਏ ਹੋਣ। ਇਹ ਵੇਲਾ ਵਹੀਰ ਲਈ ਬੜਾ ਹੀ ਔਖਾ ਸੀ ਪਰ ਸਤਿਗੁਰੂਦੀ ਓਟ ਲੈ ਕੇ ਸਿੰਘਾਂ ਨੇ ਮੁੜ ਕੇ ਉਹ ਹੱਲੇ ਕੀਤੇ ਕਿ ਮੁਲਖਈਆ ਭਜ ਨਿਕਲਿਆ। ਜਾਨਾਂ ਹੀਲ ਕੇ ਲੜਨ ਵਾਲੇ ਸੂਰਮਿਆਂ ਦੇ ਸਾਹਮਣੇ ਮੇਲਾ ਵੇਖਣ ਆਈਆਂ ਧਾੜਾਂ ਨੇ ਕੀ ਖੜ੍ਹਾ ਹੋਣਾ ਹੋਇਆ? ਸਤਿ ਸ੍ਰੀ ਅਕਾਲ ਦੇ ਜੈਕਾਰੇ ਗਜਾਉਂਦੇ ਤਲਵਾਰਾਂ ਸੂਤ ਕੇ ਸਿੰਘਾਂ ਦੇ ਇਨ੍ਹਾਂ ਵਲ ਹੋਣ ਦੀ ਦੇਰ ਸੀ ਕਿ ਸਭ ਨੂੰ ਆਪੋ ਆਪਣੀ ਪੈ ਗਈ ਅਤੇ ਜਾਨ ਬਚਾ ਕੇ ਭਜਣ ਦੀ ਕੀਤੀ।

ਹੁਣ ਸਿੰਘਾਂ ਨੇ ਦਭ ਨੂੰ ਤੁਲੇ ਬਣਾ ਕੇ ਰਾਵੀ ਪਾਰ ਕੀਤੀ ਅਤੇ ਰਿਆੜਕੀ ਵਿਚ ਪੁੱਜੇ। ਇਹ ਰਾਮੇ ਰੰਧਾਵੇ ਦਾ ਇਲਾਕਾ ਸੀ, ਜੋ ਸਿੰਘਾ ਦਾ ਪੱਕਾ ਵੈਰੀ ਸੀ। ਉਸ ਨੇ ਕਈ ਵਾਰੀ ਜ਼ਕਰੀਆਂ ਖਾਂ ਪਾਸ ਮੁਖਬਰੀ ਕਰ ਕੇ ਕਈ ਸਿੰਘ ਫੜਵਾਏ ਤੇ ਮਰਵਾਏ ਸਨ। ਇਸ ਪਾਸੋਂ ਸਿੰਘਾਂ ਨੂੰ ਕੀ ਆਸ ਹੋਣੀ ਸੀ। ਉਸ ਬਾਬਤ ਮਾਝੇ ਦੇ ਸਿੰਘਾਂ ਵਿਚ ਪਹਿਲਾਂ ਹੀ ਪ੍ਰਸਿਧ ਸੀ ਕਿ :

**ਦੇਸ ਨਾ ਰਾਮੇ ਕੇ ਤੁਮ ਜਾਈਓ**

**ਡੇਲਾ ਬਾਟਾ ਮਾਝੇ ਖਾਈਓ**

ਅਰਥਾਤ ਜੋ ਅਤਿ ਦੀ ਭੀੜ ਆ ਬਣੇ ਤਾਂ ਵੀ ਸਾਝੇ ਵਿਚ ਡੇਲੇ, ਬੇਲੇ ਅਤੇ ਕਰੀਰ ਦੇ ਵਲ ਪੱਤੇ ਖਾ ਕੇ ਗੁਜ਼ਾਰਾ ਕਰ ਲੈਣਾ, ਪਰ ਰਾਮੇ ਰੰਧਾਵੇ ਦੇ ਇਲਾਕੇ ਵਿਚ ਨਾ ਜਾਣਾ।

ਇਸ ਲਈ ਸਿੰਘਾਂ ਨੇ ਇਕ ਅੱਧਾ ਦਿਨ ਇਥੇ ਝਲਾਂ ਵਿਚ ਕਟਿਆ ਅਤੇ ਫਿਰ ਸ੍ਰੀ ਹਰਿਗੋਬਿੰਦ ਪੁਰ ਦੇ ਪਤਣੋਂ ਬਿਆਸਾ ਪਾਰ ਕਰਕੇ ਦੁਆਬੇ ਵਿਚ ਦਾਖਲ ਹੋਏ ਅਤੇ ਮੀਰ ਕੋਟ ਦੀ ਝਿੜੀ ਵਿਚ ਜਾ ਡੇਰਾ ਲਾਇਆ। ਸਿੰਘ ਕਈ ਦਿਨਾਂ ਦੇ ਭੁੱਖੇ ਸਨ। ਇਨ੍ਹਾਂ ਪਾਸ ਨਾ ਕੋਈ ਰਸਦ ਸੀ, ਨਾ ਕੋਈ ਭਾਂਡਾ ਟੀਂਡਾ। ਲਾਗਲੇ ਪਿੰਡਾਂ ਤੋਂ ਆਟਾ ਦਾਣਾ ਲਿਆ। ਘੋੜੇ ਚੁਗਣ ਛੱਡ ਦਿੱਤੇ ਅਤਿ ਆਪ ਢਾਲਿਆਂ ਉਪਰ ਪ੍ਰਸਾਦਿ ਤਿਆਰ ਕਰਨ ਲਗ ਪਏ। ਅਜੇ ਪ੍ਰਸਾਦਿ ਸਾਰਿਆਂ ਨੇ ਛਕਿਆ ਨਹੀਂ ਸੀ ਕਿ ਦੁਆਬੇ ਦੇ ਫੋਜਦਾਰ ਅਦੀਨਾ ਬੇਗ ਅਲਾਵਲਪੁਰ ਆਦਿ ਦੇ ਪਠਾਣਾਂ ਨੂੰ ਨਾਲ ਲੈ ਕੇ ਆ ਪੁੱਜਾ। ਇਨ੍ਹਾਂ ਨੂੰ ਤਾਂ ਸਿੰਘ ਸੋਧ ਲੈਂਦੇ, ਪਰ ਪਿਛੋਂ ਖਬਰ ਆ ਪੁੱਜੀ ਕਿ ਜਸਪਤ ਰਾਏ ਵੀ ਤੋਪਾਂ ਸਮੇਤ ਬਿਆਸਾ ਪਾਰ ਕਰ ਆਇਆ ਹੈ। ਇਸ ਲਈ ਸਿੰਘਾਂ ਨੇ ਸਬਰ ਦੇ ਘੁਟ ਪੀ ਕੇ ਵਾਗਾਂ ਫੜ ਲਈਆਂ ਅਤੇ ਵਹੀਰ ਨੂੰ ਨਾਲ ਲੈ ਕੇ ਤੁਰ ਪਏ ਅਤੇ ਅਲੀਵਾਲ ਦੇ ਪਤਣੋਂ ਸਤਲੁਜ ਪਾਰ ਕਰਕੇ ਮਾਲਵੇ ਵਿਚ ਜਾ ਪੁੱਜੇ। ਇਸ ਮੁਹਿੰਮ ਵਿਚ ਕੋਈ ਸੱਤ ਕੁ ਹਜ਼ਾਰ ਸਿੰਘ ਮਾਰੇ ਗਏ ਅਤੇ ਇਨ੍ਹਾਂ ਦਿਨਾਂ ਵਿਚ ਕੋਈ ਤਿੰਨ ਕੁ ਹਜ਼ਾਰ ਫੜੇ ਗਏ। ਇਨ੍ਹਾਂ ਵਿਚ ਉਹ ਵੀ ਸਿੰਘ ਸ਼ਾਮਲ ਸਨ ਜਿਨ੍ਹਾਂ ਨੂੰ ਬਸੋਹਲੀ ਵਾਲੇ ਪਹਾੜੀਆਂ ਅਤੇ ਹੋਰਨਾਂ ਨੇ ਬੰਨ੍ਹ ਕੇ ਲਾਹੌਰ ਭੇਜ ਦਿੱਤਾ ਸੀ। ਇਹ ਸਾਰੇ ਲਾਹੌਰ ਦੇ ਦਿੱਲੀ ਦਰਵਾਜ਼ਿਓਂ ਬਾਹਰ ਬੇਦਰਦੀ ਨਾਲ ਕਤਲ ਕਰ ਦਿੱਤੇ ਗਏ ਸਨ। ਸਿੰਘਾਂ ਵਿਰੁਧ ਲਖਪਤ ਰਾਏ ਦੀ ਮੁਹਿੰਮ ਵਿਚ ਹੋਏ ਇਤਨੇ ਜ਼ਿਆਦਾ ਨੁਕਸਾਨ ਦੇ ਵਾਕਿਆ ਨੂੰ ਵੀ ਪਹਿਲਾਂ ਜਾਂ ਛੋਟੇ ਘਲੂਘਾਰੇ ਦਾ ਨਾਉਂ ਦਿਤਾ ਗਿਆ।

ਇਸ ਵੇਲੇ ਸਰਦਾਰ ਜੱਸਾ ਸਿੰਘ, ਸਰਦਾਰ ਸੁੱਖਾ ਸਿੰਘ ਅਤੇ ਨਵਾਬ ਕਪੂਰ ਸਿੰਘ ਦੇ ਨਾਲ ਹੀ ਮਾਲਵੇ ਵਿਚ ਆਇਆ ਅਤੇ ਬਰਾੜਾਂ ਦੇ ਇਲਾਕੇ ਵਿਚ ਕੋਟਰਪੂਰੇ ਠਹਿਰਿਆ।

## ਲਛਮੀ ਨਾਰਾਇਣ ਨਾਲ ਟਾਕਰਾ

ਭਾਜੜਾ, ਜੰਗਾਂ, ਭੁਖਾਂ ਅਤੇ ਮੁਸੀਬਤਾਂ ਦੇ ਝੰਜੋੜੇ ਹੋਏ ਸਿੰਘ ਛੇ ਕੁ ਮਹੀਨਿਆਂ ਵਿਚ ਮੁੜ ਆਪਣੀ ਪਹਿਲੀ ਲਹਿਰੇ ਆ ਗਏ ਅਤੇ ਸਰਕਾਰ ਦੇ ਵਿਰੁਧ ਥਾਂਉਂ ਥਾਂਈਂ ਉਠ ਖੜੋਏ। ਜਦੋਂ ਸਿੰਘਾਂ ਦੀਆਂ ਸਰਗਰਮੀਆਂ ਦੀਆਂ ਖਬਰਾਂ ਲਾਹੋਰ ਪੁਜੀਆਂ ਤਾਂ ਯਹੀਆਂ ਖਾਂ ਨੇ ਸਰਹਿੰਦ ਦੇ ਦੀਵਾਨ ਲਛਮੀ ਨਾਰਾਇਣ ਨੂੰ ਸਿੰਘਾਂ ਵਿਰੁਧ ਚੜ੍ਹਾਂਹੀ ਕਰਨ ਦਾ

ਦਿੱਲੀ ਸਰਕਾਰ ਪਾਸੋਂ ਹੁਕਮ ਕਰਵਾਇਆ। ਇਸ ਸਮੇਂ ਸਿੰਘਾਂ ਦੇ ਜੱਥੇ ਬਿਖਰੇ ਹੋਏ ਸਨ।

ਸਰਦਾਰ ਜੱਸਾ ਸਿੰਘ ਤੇ ਉਸ ਦੇ ਸਾਥੀ ਇਸ ਸਮੇਂ ਗੁਜਰਵਾਲ ਡੇਰੇ ਲਗਾਈ ਬੈਠੇ ਸਨ। ਦੀਵਾਨ ਲਛਮੀ ਨਾਰਾਇਣ ਤੇ ਉਨ੍ਹਾਂ ਤੇ ਅਚਨਚੇਤ ਹਮਲਾ ਕਰ ਦਿੱਤਾ। ਸ: ਜੱਸਾ ਸਿੰਘ ਦੀ ਅਗਵਾਈ ਹੇਠ ਸਿੰਘਾਂ ਨੇ ਡੱਟਵਾਂ ਮੁਕਾਬਲਾ ਕੀਤਾ। ਪਰ ਲੜਾਈ ਵਿਚ ਲਛਮੀ ਨਾਰਾਇਣ ਦਾ ਪਾਸਾ ਭਾਰੀ ਰਿਹਾ। ਦਿਨ ਢਲਣ ਤੇ ਜੱਸਾ ਸਿੰਘ ਆਹਲੂਵਾਲੀਆਂ ਨੇ ਸਿੰਘਾਂ ਨੂੰ ਵਖੋਂ ਵੱਖ ਪਾਸੇ ਪਿੰਡ ਜਾਣ ਲਈ ਹੁਕਮ ਕੀਤਾ ਜੋ ਸਭ ਨੇ ਪਰਵਾਨ ਕੀਤਾ। ਸ: ਜੱਸਾ ਸਿੰਘ ਲੜਾਈ ਦੇ ਦਾਉਪੇਚ ਤੋਂ ਬਖੂਬੀ ਵਾਕਫ ਸੀ। ਇਸ ਲਈ ਉਸ ਨੇ ਅਜਿਹੇ ਇਲਾਕੇ ਵਿਚ ਲੜਨਾ ਮੁਨਾਸਿਬ ਨਾ ਸਮਝਿਆ ਜਿਥੋਂ ਦੀ ਜਨਤਾ ਅਜੇ ਉਨ੍ਹਾਂ ਦੇ ਇਰਾਦਿਆਂ ਤੋਂ ਜਾਣੂ ਨਹੀਂ ਸੀ। ਵਿਉਂਤ ਅਨੁਸਾਰ, ਲਛਮੀ ਨਾਰਾਇਣ ਦੇ ਦੂਜੇ ਹਮਲੇ ਤੋਂ ਪਹਿਲਾਂ ਹੀ ਸਾਰੇ ਸਿਖ ਇਧਰ-ਉਧਰ ਖਿੰਡ ਗਏ।

ਉਧਰ ਘਲੂਘਾਰੇ ਦੀ ਮੁਹਿੰਮ ਤੋਂ ਮੁੜਦੇ ਹੀ ਲਖਪਤ ਰਾਏ ਨੇ ਲਾਹੌਰ ਪੁਜ ਕੇ ਹੋਰ ਅਤਿ ਚੁਕ ਲਈ। ਸਿਖਾਂ ਦੇ ਗੁਰਦਵਾਰੇ ਬੰਦ ਕਰਵਾ ਦਿੱਤੇ ਅਤੇ ਕਈ ਢੁਹਾ ਦਿਤੇ, ਪਾਵਨ ਗੁਰੂਗ੍ਰੰਧ ਸਾਹਿਬ ਦੀਆਂ ਬੀੜਾਂ ਅਤੇ ਹੋਰ ਪੋਥੀਆਂ ਨੂੰ ਅੱਗ ਲਗਵਾ ਦਿਤੀ ਜਾਂ ਖੂਹਾਂ ਵਿਚ ਸੁਟਵਾ ਦਿੱਤੇ ਅਤੇ ਐਲਾਨ ਕੀਤਾ ਕਿ ਇਕ ਖਤਰੀ ਨੇ ਸਿਖ ਪੰਥ ਨੂੰ ਚਲਾਇਆ ਸੀ, ਹੁਣ ਮੈਂ ਇਕ ਖਤਰੀ ਨੇ ਮਾਰ ਮੁਕਾਇਆ ਹੈ ਅਤੇ ਸਿੰਘ ਖਤਮ ਕਰ ਦਿੱਤੇ ਹਨ। ਜੇ ਕੋਈ ਬਚਿਆ ਸੀ ਉਸ ਨੂੰ ਦੇਸ਼ੋਂ ਕੱਢ ਦਿੱਤਾ ਹੈ। ਅੱਗੇ ਨੂੰ ਕੋਈ ਗੁਰਬਾਣੀ ਨਾ ਪੜ੍ਹੇ ਗੁਰੂਨਾਨਕ ਗੁਰੂਗੋਬਿੰਦ ਸਿੰਘ ਦਾ ਨਾਉਂ ਨਾ ਲਵੇ, ਨਹੀਂ ਤਾਂ ਪੇਟ ਚਾਕ ਕਰ ਦਿੱਤਾ ਜਾਏਗਾ। ਕੋਈ 'ਗੁੜ' ਸ਼ਬਦ ਨਾ ਵਰਤੇ, ਇਸ ਨਾਲ 'ਗੁਰ' ਯਾਦ ਆਉਂਦਾ ਹੈ, ਭੇਲੀ ਕਹੇ, ਇਤਿ ਆਦਿ। ਉਸ ਨੂੰ ਖਿਆਲ ਸੀ ਕਿ ਸ਼ਾਇਣ ਇਸ ਤਰ੍ਹਾਂ ਸਿੰਘਾਂ ਅਤੇ ਸਿਖੀ ਨੂੰ ਉਕਾ ਹੀ ਮਿਟਾਇਆ ਜਾ ਸਕੇਗਾ, ਪਰ

**ਜਾ ਕਉ ਰਾਖੈ ਹਰਿ ਰਾਖਣਹਾਰਾ,**

**ਤਾ ਕਉ ਕੋਇ ਨਾ ਸਾਕਸਿ ਮਾਰਾ**

ਸ: ਜੱਸਾ ਸਿੰਘ ਆਹਲੂਵਾਲੀਆਂ ਅਤੇ ਹੋਰਨਾਂ ਸਰਦਾਰਾਂ ਦੇ ਭਰਪੂਰ ਯਤਨਾਂ ਦੁਆਰਾ ਸਿੱਖਾਂ ਨੂੰ ਸਿੱਖੀ ਆਦਰਸ਼ ਨਾ ਭੁਲੇ ਤੇ ਉਨ੍ਹਾਂ ਦੁਆਰਾ ਸ਼ੁਰੂਕੀਤਾ ਗਿਆ ਸੰਘਰਸ਼ ਹੋਰ ਵੀ ਤਿੱਖਾ ਹੋਗਿਆ। ਨਾ ਯਹੀਆਂ ਖਾਂ ਦੀ ਹਕੂਮਤ ਰਹੀ ਤੇ ਨਾ ਲਖਪਤ ਰਿਹਾ।

## ਕਾਂਡ ਤੀਜਾ

# ਅਹਿਮਦਸ਼ਾਹ ਅਬਦਾਲੀ ਦਾ ਪਹਿਲਾ ਹਮਲਾ ਅਤੇ ਸ. ਜੱਸਾ ਸਿੰਘ

ਅਜੇ ਦੀਵਾਨ ਲਖਪਤ ਤੇ ਯਹੀਆਂ ਖਾਂ ਰਾਹੀਂ ਚਲਾਇਆ ਹੋਇਆ ਸਿਖਾਂ ਪ੍ਰਤੀ ਦਮਨ ਚੱਕਰ ਮੱਠਾ ਨਹੀਂ ਪਿਆ ਸੀ ਕਿ ਯਹੀਆਂ ਖਾਂ ਦੇ ਛੋਟੇ ਭਰਾ ਸ਼ਾਹਨਿਵਾਜ਼ ਖਾਂ ਨੇ ਪਿਤਾ ਦੀ ਜਾਇਦਾਦ ਦਾ ਹਿੱਸਾ ਮੰਗਿਆ। ਨਾਹ ਨੁੱਕ ਕਰਨ ਉਤੇ ਸ਼ਾਹਨਿਵਾਜ਼ ਖਾਂ ਨੇ ਜਲੰਧਰ ਦੇ ਫੌਜਦਾਰ ਅਦੀਨਾਬੇਰਾ ਨੂੰ ਆਪਣੇ ਨਾਲ ਰਲਾਉਣ ਪਿਛੋਂ ਲਾਹੌਰ ਆ ਡੇਰੇ ਲਾਏ। 13

ਮਾਰਚ 1747 ਨੂੰ ਈਦ ਦੇ ਦਿਨ ਨਮਾਜ਼ ਪੜ੍ਹਨ ਗਿਆ ਈਦਗਾਹ ਵਿਚ ਸ਼ਾਹਨਿਵਾਜ਼ਖਾਂ ਨੇ ਯਹੀਆ ਖਾਂ ਨੂੰ ਤੇ ਉਸਦੇ ਸਾਥੀਆ ਨੂੰ ਲਲਕਾਰਿਆ। ਆਪਣੇ ਬਹੁਤ ਸਾਰੇ ਸਾਥੀਆਂ ਨੂੰ ਕਤਲ ਕਰਵਾ ਕੇ ਯਹੀਆਂ ਖਾਂ ਭਜ ਨਿਕਲਿਆ ਅਤੇ ਜਨਾਨਾ ਹਵੇਲੀ ਵਿਚ ਜਾ ਲੁਕਿਆ ਜਿਥੋਂ ਸ਼ਾਹ ਨਿਵਾਜ਼ ਖਾਂ ਨੇ ਗ੍ਰਿਫਤਾਰ ਕਰ ਲਿਆ ਅਤੇ ਲਾਹੌਰ ਉਤੇ ਕਬਜ਼ਾ ਕਰ ਲਿਆ। ਬਾਅਦ ਵਿਚ ਉਹ ਕਸੂਰੀ ਅਫਗਾਨਾਂ ਦੀ ਸਹਾਇਆ ਨਾਲ ਦਿੱਲੀ ਨੱਸ ਗਿਆ ਅਤੇ ਜ਼ਿੰਦਗੀ ਤੋਂ ਇਤਨਾ ਉਪਰਾਮ ਹੋ ਗਿਆ ਕਿ ਦੁਨਿਆਵੀ ਦਾਵਿਆਂ ਨੂੰ ਛੱਡ ਕੇ ਫਰਖਾਬਾਦ ਜਾ ਕੇ ਫਕੀਰ ਹੋ ਗਿਆ ਅਤੇ ਯਹੀਆਂ ਸ਼ਾਹ ਦਰਵੇਸ਼ ਦੇ ਨਾਂ ਨਾਲ ਪਰਸਿੱਧ ਹੋਇਆ। ਅੰਤ ਫਰਖਾਬਾਦ ਵਿਚ ਹੀ ਪ੍ਰਾਣ ਤਿਆਗ ਦਫਨ ਹੋਇਆ। ਇਸ ਤਰ੍ਹਾਂ ਯਹੀਆਂ ਖਾਂ ਵਲੋਂ ਸਿੰਘਾਂ ਦੀ ਕਤਲਾਮ ਦਾ ਸਮਾਂ ਸਮਾਪਤ ਹੋਇਆ ਅਤੇ ਖਾਲਸੇ ਨੂੰ ਜ਼ਰਾਂ ਕੁ ਸੁਖ ਦਾ ਸਾਹ ਆਇਆ।

ਲਾਹੌਰ ਉਤੇ ਕਬਜ਼ਾ ਕਰਨ ਤੋਂ ਜਲਦੀ ਹੀ ਪਿਛੋਂ, ਸ਼ਾਹ ਨਿਵਾਜ਼ ਨੇ ਲਖਪਤ ਰਾਏ ਅਤੇ ਹੋਰ ਕਈ ਅਫਸਰਾਂ ਦੇ ਘਰ ਆਦਿ ਤਬਾਹ ਕਰ ਦਿੱਤੇ। ਦੀਵਾਨੀ ਦਾ ਕਲਮਦਾਨ ਕੋੜਾ ਮਲ ਕੇ ਹਵਾਲੇ ਕਰ ਕੇ ਉਸ ਨੂੰ ਵੱਡਾ ਦੀਵਾਨ ਬਣਾ ਦਿੱਤਾ।

ਸਿੰਘਾਂ ਪ੍ਰਤੀ ਉਸ ਦਾ ਵਤੀਰਾ ਉਤਸ਼ਾਹ ਜਨਕ ਨਹੀਂ ਸੀ, ਪਰ ਕੁਝ ਘਰੇਲੂਝਗੜਿਆਂ ਕਾਰਣ ਤੇ ਕੁਝ ਦੀਵਾਨ ਕੌੜਾ ਮੱਲ ਦੀ ਸਲਾਹ ਸਦਕਾ, ਉਸ ਨੇ ਸਿਖਾਂ ਪ੍ਰਤੀ ਦਮਨਕਾਰੀ ਨੀਤੀ ਦਾ ਸਮਰਥਨ ਨਾ ਕੀਤਾ।

ਇਨੇ ਚਿਰ ਨੂੰ ਪੰਜਾਬ ਦੀ ਰਾਜਨੀਤੀ ਦੇ ਪਿੜ ਵਿਚ ਇਕ ਹੋਰ ਤਾਕਤ ਦਾਖਨ ਹੋਣ ਲਈ ਉਭਰ ਆਈ। ਅਹਿਮਦਸ਼ਾਹ ਅਬਦਾਲੀ ਨੇ ਈਰਾਨ ਦੇ ਬਾਦਸ਼ਾਹ ਨਾਦਰ ਸ਼ਾਹ ਨੂੰ 8-9 ਜੂਨ 1747 ਦੀ ਰਾਤ ਨੂੰ ਕਤਲ ਹੋਣ ਪਿਛੋਂ ਸਮੂਹ ਅਫਗਾਨ ਕਬੀਲਿਆਂ ਨੂੰ ਇਕੱਠਾ ਕਰਕੇ ਅਫਗਾਨ ਨਿਸਤਾਨ ਦੇ ਸਤੰਤਰ ਰਾਜ ਦੀ ਨੀਂਹ ਰਖੀ ਅਤੇ ਫਿਰ ਇਸ ਦੇ ਵਿਸਤਾਰ ਤੇ ਪੀਡੇ ਸੰਗਠਨ ਲਈ ਭਾਰਤ ਉਤੇ ਹਮਲਾ ਕਰਨ ਦੀ ਵਿਓਂਤ ਬਣਾਈ ਅੰਤਰੀਵ ਮੰਤਵ ਇਹ ਸੀ ਕਿ ਭਾਰਤ ਦੇ ਮੁਗਲ ਸਮਰਾਟ ਨੂੰ ਹਰਾ ਕੇ ਅਫਗਾਨ ਕੋਮ ਨੂੰ ਇਕ ਲਿਵੇਕਲਾ ਮਾਣ ਪਰਦਾਨ ਕੀਤਾ ਜਾਵੇ ਅਤੇ ਭਾਰਤ ਦੇ ਸਭ ਤੋਂ ਵੱਧ ਜਰਖੇਜ਼ ਇਲਾਕੇ ਪੰਜਾਬ ਉਤੇ ਕਬਜ਼ਾ ਕਰ ਕੇ ਅਫਗਾਨਿਸਤਾਨ ਦੀ ਆਰਥਿਕਤਾ ਨੂੰ ਮਜ਼ਬੂਤ ਬਣਾਇਆ ਜਾਏ।

ਇਕ ਪਾਸੇ ਅਹਿਮਦਸ਼ਾਹ ਅਬਦਾਲੀ ਆਪਣੀ ਵਿਉਂਤ ਨੂੰ ਸਿਰੇ ਚੜ੍ਹਾਉਣ ਲਈ ਫੌਜ ਇਕੱਠੀ ਕਰ ਰਿਹਾ ਸੀ, ਦੂਜੇ ਪਾਸੇ ਸ਼ਾਹਨਿਵਾਜ਼ ਖਾਂ ਨੇ ਮੁਗਲ ਸਮਰਾਟ ਮੁਹੰਮਦ ਸ਼ਾਹ ਅਤੇ ਉਸ ਦੇ ਵਜ਼ੀਰ ਕਮਰਉਦਦੀਨ ਜੋ ਯਹੀਆਂ ਖਾਂ ਦਾ ਸਹੁਰਾ ਸੀ, ਤੋਂ ਡਰਦੇ ਮਾਰੇ ਕਿ ਕਿਤੇ ਉਹ ਯਹੀਆ ਖਾਂ ਦੇ ਹੱਕ ਵਿਚ ਉਸ ਵਿਰੁੱਧ ਚੜ੍ਹਾਂਈ ਨਾ ਕਰ ਦੇਵੇ, ਅਹਿਮਦ ਸ਼ਾਹ ਅਬਦਾਲੀ ਨੂੰ ਭਾਰਤ ਉੱਤੇ ਆਕਰਮਣ ਕਰਨ ਲਈ ਸੱਦਾ ਭੇਜ ਦਿੱਤਾ। ਇਹ ਖਬਰ ਸੁਣ ਕੇ ਭਾਵੇਂ ਕਮਰਉਦਦੀਨ ਨੇ ਸ਼ਾਹ ਨਿਵਾਜ਼ ਖਾਂ ਨੂੰ ਸਮਝਾ ਬੁਝਾ ਕੇ ਆਪਣੇ ਵੱਲ ਕਰ ਲਿਆ ਪਰ ਅਹਿਮਦ ਸ਼ਾਹ ਅਬਦਾਲੀ ਉਤੇ ਇਸ ਗੱਲ ਦਾ ਕੋਈ ਅਸਰ ਨਾ ਹੋਇਆ ਅਤੇ ਉਸ ਨੇ 12 ਜਨਵਰੀ, 1747 ਨੂੰ ਸਹਿਜੇ ਹੀ ਲਾਹੌਰ ਉਤੇ ਕਬਜ਼ਾ ਕਰ ਲਿਆ। ਅਹਿਮਦਸ਼ਾਹ ਅਬਦਾਲੀ ਲਾਹੌਰ ਵਿਚ ਸਵਾ ਮਹੀਨਾ ਠਹਿਰਿਆ ਅਤੇ ਉਸਨੇ ਆਪਣੀ ਜਿੱਤ ਦੀ ਖੁਸ਼ੀ ਵਿੱਚ ਸਿੱਕਾ ਵੀ ਜਾਰੀ ਕੀਤਾ। ਦਿੱਲੀ ਦੀ ਮੁਗਲ ਹਕੂਮਤ ਨਾਲ ਟੱਕਰ ਲੈਣ ਲਈ ਅਹਿਮਦਸ਼ਾਹ ਦੇ ਜਲੇ ਖਾਂ ਕਸੂਰੀ ਪਠਾਣ ਨੂੰ ਲਾਹੋਰ ਦਾ ਹਾਕਮ ਨੀਅਤ ਕੀਤਾ, ਮੀਰ ਮੋਮਨ ਖਾਨ ਨੂੰ ਉਸ ਦਾ ਨਾਇਬ ਅਤੇ ਲਖਪਤ ਰਾਏ ਨੂੰ ਦੀਵਾਨ ਅਤੇ ਆਪ 19 ਫਰਵਰੀ ਸੰਨ

1748 ਨੂੰ ਲਾਹੌਰ ਦਿੱਲੀ ਵਲ ਨੂੰ ਕੂਚ ਕਰ ਦਿਤਾ। ਗਿਆਰਾਂ ਮਾਰਚੁ ਸੰਨ 1748 ਨੂੰ ਅਹਿਮਦਸ਼ਾਹ ਸਤਲੁਜ ਪਾਰ ਕਰਕੇ ਦੂਸਰੇ ਦਿਨ ਸਰਹਿੰਦ ਆ ਪੁੱਜਾ। ਮੁਗਲ ਸੈਨਾ ਜੋ ਵਜ਼ੀਰ ਕਮਰਉਦਦੀਨ ਦੀ ਮਾਨ ਹੇਠ ਸੀ ਨੇ। ਸਰਹਿੰਦ ਪੰਜ ਕੁ ਮੀਲ ਦੂਰ ਮਨੂਪੁਰ ਦੇ ਅਸਥਾਨ ਤੇ ਅਹਿਮਦਸ਼ਾਹ ਅਬਦਾਲੀ ਨੂੰ ਵੇਗਾਰਿਆ। ਬੜੀ ਘਮਸਾਨ ਦੀ ਲੜਾਈ ਹੋਈ ਜਿਸ ਵਿਚ ਵਜ਼ੀਰ ਕਮਰਉਦਦੀਨ ਗਸਲੀ ਵਜਣ ਨਾਲ ਮਰ ਗਿਆ। ਪਿਉ ਦੀ ਲੋਥ ਨੂੰ ਸਰ੍ਹਾਣਿਆਂ ਦੇ ਸਹਾਰੇ ਬੈਠੇ ਹੋਏ ਹੋਣ ਦੀ ਪੋਜ਼ੀਸ਼ਨ ਵਿਚ ਰਖ ਕੇ ਉਸ ਦੇ ਪੁਤਰ ਮੀਰ ਮੈਨੂੰ ਨੇ ਦੁਰਾਨੀਆਂ ਉਤੇ ਹਲਾ ਕਰ ਦਿੱਤਾ ਅਤੇ ਬੁੜੀ ਬਹਾਦਰੀ ਨਾਲ ਲੜਦੇ ਹੋਈ ਵੈਰੀ ਦੇ ਪੈਰ ਹਿਲਾ ਦਿੱਤੇ। ਇਨੇ ਚਿਰ ਨੂੰਅਹਿਮਦਸ਼ਾਹ ਅਬਦਾਲੀ ਦੇ ਅਸਲੇ ਨੂੰ ਅੱਗ ਲੱਗ ਗਈ ਜਿਸ ਨਾਲ ਬਹੁਤ ਸਾਰੇ ਗੋਲੇ ਆਪਣੇ ਆਪ ਫਟ ਗਏ। ਅਜਿਹੀ ਅਵਸਥਾਂ ਵਿਚ ਭਗਦੜ ਮੱਚ ਗਈ ਅਤੇ ਅਹਿਮਦਸ਼ਾਹ ਅਬਦਾਲੀ ਨੇ ਵਾਪਿਸ ਮੁੜਨਾ ਹੀ ਮੁਨਾਸਿਬ ਸਮਝਿਆਂ। 17 ਮਾਰਚ, 1748 ਨੂੰ ਅਹਿਮਦਸ਼ਾਹ ਨੇ ਸਰਹਿੰਦ ਤੋਂ ਅੰਤਮ ਕੂਚ ਕੀਤਾ ਅਤੇ ਬਿਨਾਂ ਬਹੁਤ ਚਿਰ ਲਾਹੌਰ ਠਹਿਰਣ ਦੇ ਕੰਧਾਰ ਜਾ ਸਾਹ ਲਿਆ।

ਇਸ ਦੌਰਾਨ ਸਿੰਘਾਂ ਨੇ ਇਕ ਪਾਸੇ ਰਹਿਣ ਦੀ ਨੀਤੀ ਅਪਣਾਈ। ਉਨ੍ਹਾਂ ਸਿੰਘਾਂ ਨੇ ਨਾ ਤਾਂ ਮੁਗਲਾਂ ਦਾ ਸਾਥ ਦਿੱਤਾ ਤੇ ਨਾ ਹੀ ਅਫਗਾਨਾਂ ਨਾਲ ਲੜਾਈ ਕੀਤੀ। ਉਹ ਅਫਗਾਨਾਂ ਨੂੰ ਵੀ ਚੰਗਾ ਨਹੀਂ ਸਮਝਦੇ ਸਨ ਕਿਉਂਕਿ ਉਨ੍ਹਾਂ ਅੰਦਰ ਪੰਜਾਬ ਨੂੰ ਆਪਣੇ ਅਧੀਨ ਕਰਨ ਦਾ ਇਰਦਾ ਠਾਠਾਂ ਮਾਰ ਰਿਹਾ ਸੀ। ਜਿਸ ਕਰਕੇ ਉਹ ਅਹਿਮਦਸ਼ਾਹ ਅਬਦਾਲੀ ਨੂੰ ਖਾਲਸਾ ਰਾਜ ਦੀ ਕਾਇਮੀ ਲਈ ਇਕ ਨਵਾਂ ਬੜਾ ਵੱਡਾ ਅੜਿੱਕਾ ਸਮਝਦੇ ਸਨ। ਇਸ ਸੰਧਰਬ ਵਿਚ ਉਹ ਚਾਹੁੰਦੇ ਸਨ ਕਿ ਮੁਗਲ ਅਤੇ ਅਫਗਾਨ ਤਾਕਤਾਂ ਆਪਸ ਵਿਚ ਭਿੜ ਕੇ ਕਮਜ਼ੋਰ ਹੋਣ।

ਫਿਰ ਵੀ ਉਨ੍ਹਾਂ ਨੇ ਅਫਗਾਨਾਂ ਦੀ ਤਾਕਤ ਅਤੇ ਯੁਧ-ਵਿਧੀ ਨੂੰ ਸਮਝਣ ਲਈ ਅਹਿਮਦ ਸ਼ਾਹ ਦੀ ਸੈਨਾ ਨਾਲ ਕੁਝਾਂ ਕੁ ਝੜਪਾ ਲਈਆਂ। ਜਦੋਂ ਅਹਿਮਦਸ਼ਾਹ ਅਬਦਾਨੀ ਨੇ 21-22 ਜਨਵਰੀ ਨੂੰ ਨੂਰ ਦੀ ਸਰਾਇ ਡੇਰਾ ਕੀਤਾ ਤਾਂ ਸਿੰਘਾਂ ਨੇ ਜੱਸਾ ਸਿੰਘ ਆਹਲੂਵਾਲੀਆਂ ਅਤੇ ਨਵਾਬ ਕਪੂਰ ਸਿੰਘ ਦੀ ਅਗਵਾਈ ਹੇਠ ਉਨ੍ਹਾਂ ਤੇ ਧਾਵਾ ਬੋਲ ਦਿੱਤਾ ਅਤੇ ਅੱਖ ਦੇ ਫਰਕਰੇ ਵਿਚ ਜੋ ਕੁਝ ਹੱਥ ਲਗਿਆ ਲੈ ਕੇ ਹਰਨ ਹੋ ਗਏ। ਨੀਤੀ ਅਨੁਸਾਰ ਫਿਰ ਸਿੰਘਾਂ ਨੇ ਕੋਣ ਬੁਢੇ ਪਾਸ ਅਫਗਾਨੀ ਫੋਜ ਜਿਸ ਦੀ ਅਗਵਾਈ ਮੋਮਨ ਖਾਨ ਕਰ ਰਿਹਾ ਸੀ, ਨੂੰ ਵੰਗਾਰਿਆ ਤੇ ਫਿਰ ਛੇਤੀ ਹੀ ਅਲੋਪ ਹੋ ਗਏ। ਉਨ੍ਹਾਂ ਨੇ ਤੁਰੰਤ ਆਪਣੇ ਵਿਰੋਧੀਆਂ ਵਿਰੁੱਧ ਕਾਰਵਾਈ ਅਰੰਭ ਕਰ ਦਿੱਤੀ। ਵਾਸਤਵ ਵਿਚ ਉਹ ਮੁਗਲ ਰਾਜ ਨੂੰ ਖਤਮ ਕਰਨ ਦਾ ਤਹੱਈਆ ਕਰ ਚੁਕੇ ਸਨ ਅਤੇ ਅਹਿਮਦ ਸ਼ਾਹ ਅਬਦਾਲੀ ਦੇ ਜਾਣ ਪਿਛੋਂ ਉਹ ਫਿਰ ਮੁਗਲ ਸਰਦਾਰਾਂ ਦੀ ਵਿਵਸਥਾਂ ਕਮਜੋਰ ਕਰਨ ਲਹੀ ਜੁੱਟ ਗਏ।

## ਕਾਂਡ ਚੌਥਾ

# ਅੰਮ੍ਰਿਤਸਰ ਤੇ ਕਬਜ਼ਾ ਤੇ ਸ. ਜੱਸਾ ਸਿੰਘ ਦੀ ਆਭਾ ਵਿਚ ਹੋਰ ਵਾਧਾ

ਕਲਾਨੌਰ ਕੋਟ ਬੁਢਾ ਪਾਸ ਹੋਈ ਝੜ੍ਹਪ ਤੋਂ ਬਾਅਦ ਸਰਦਾਰ ਜੱਸਾ ਸਿੰਘ ਤੇ ਦੂਸਰੇ ਸਿੰਘ ਸਰਦਾਰ ਚੜ੍ਹਤ ਸਿੰਘ ਸ਼ੁਕਰਚਕੀਆ, ਜੈ ਸਿੰਘ, ਘਨਈਆ ਹਰੀ ਸਿੰਘ ਆਦਿ ਪੂਰਵ-ਉਤਰ ਨੂੰ ਨੂਰਪੁਰ ਜਾ ਪੁਜੇ। ਨੂਰਪੁਰ ਦੇ ਰਾਜੇ ਨੇ ਉਨ੍ਹਾਂ ਦੀ

ਸੌਖੇ ਹੀ ਈਨ ਮੰਨ ਲਈ। ਇਸ ਤੋਂ ਤੁਰੰਤ ਬਾਦ ਉਨ੍ਹਾਂ ਨੇ ਪਹਾੜ ਦੀ ਕੰਢੀ ਤੇ ਫੋਜਦਾਰ ਗੁਰਦਿਤੇ ਮੱਲ ਜੋ ਦੀਵਾਨ ਲਖਪਤ ਰਾਏ ਦਾ ਉਤਸ਼ਾਹ-ਭਰਪੂਰ ਸਮਰਥਕ ਸੀ, ਨੂੰ ਸੋਧਣ ਦਾ ਮੰਨ ਬਣਾ ਕੇ ਉਸ ਉਤੇ ਹੱਲਾ ਕਰ ਦਿੱਤਾ। ਬੜੀ ਘਮਸਾਨ ਦੀ ਲੜਾਈ ਹੋਈ। ਰਾਜਾ ਗੁਦਿਤ ਮੱਲ ਮੁਸ਼ਕਲ ਨਾਲ ਜਾਨ ਬਚਾ ਕੇ ਨਿਕਲ ਸਕਿਆ। ਸਿੰਘਾਂ ਨੇ ਉਸ ਦਾ ਡੇਰਾ ਲੁਟ ਲਿਆ ਅਤੇ ਗੁਰਦਿਤ ਮੱਲ ਬਿਨਾਂ ਅੱਗਾ ਪਿੱਛਾ ਡਿੱਠੇ ਜੰਮੂਜਾ ਵੜਿਆ। (ਮਾਰਚ, 1728)

ਇਸ ਤੋਂ ਤੁਰੰਤ ਬਾਅਦ, ਸਿੰਘ ਪਹਾੜ ਦੀ ਕੱਢੀ ਦੇ ਨਾਲ ਨਾਲ ਅਨੰਦਪੁਰ ਆ ਗਏ। ਗੁਰਅਸਥਾਨਾਂ ਦੇ ਦਰਸ਼ਨ ਕਰਕੇ ਉਹ ਦੁਆਬੇ ਵਿਚ ਆ ਗਏ। ਇਸ ਇਲਾਕੇ ਦੇ ਫੌਜਦਾਰ, ਅਦੀਨਾ ਬੇਗ ਨੂੰ ਪਹਿਲਾਂ ਹੀ ਹੁਕਮ ਪਹੁੰਚ ਚੁਕਿਆ ਸੀ ਕਿ ਉਹ ਸਿੰਘਾਂ ਨੂੰ ਡੱਕੇ। ਪਰ ਉਹ ਇਹ ਹੁਸ਼ਿਆਰ ਸਿਆਸਤਦਾਨ ਹੋਣ ਦੇ ਨਾਤੇ, ਸਮਝਦਾ ਸੀ ਕਿ ਸਿੰਘਾਂ ਨਾਲ ਦੁਸ਼ਮਣੀ ਮੁੱਲ ਲੈਣੀ ਬੜੀ ਮਹਿੰਗੀ ਪਵੇਗੀ। ਕਿਉਂਕਿ ਇਕ ਤਾਂ ਉਨ੍ਹਾਂ ਨੂੰ ਕੁਚਲਣਾ ਬਹੁਤ ਔਖਾ ਹੈ ਅਤੇ ਦੂਜੇ ਜੇ ਉਹ ਕਾਮਯਾਬ ਵੀ ਹੋ ਜਾਵੇ ਤਾਂ ਕੋਈ ਹੋਰ ਦੁਆਬੇ ਦੀ ਫੋਜਦਾਰੀ ਪ੍ਰਾਪਤ ਕਰਨ ਲਈ ਮੈਦਾਨ ਵਿਚ ਆ ਜਾਵੇਗਾ ਅਤੇ ਪ੍ਰਾਂਤਿਕ ਸਰਕਾਰ ਉਸ ਨੂੰ ਇਹ ਸਮਝ ਕੇ ਹਟਾ ਦੇਵੇਗੀ ਕਿ ਕਿਤੇ ਉਹ ਪ੍ਰਾਂਤ ਦੀ ਸੂਬੇਦਾਰੀ ਦਾ ਦਾਵੇਦਾਰ ਨਾ ਬਣ ਜਾਵੇ।

ਇਨ੍ਹਾਂ ਤੱਥਾਂ ਨੂੰ ਮੁਖ ਰਖਦੇ ਹੋਏ ਉਸ ਨੇ ਸਿਖਾਂ ਨਾਲ ਮਾਮੂਲੀ ਝੜ੍ਹਪ ਲੈਣੀ ਹੀ ਮੁਨਸਿਬ ਸਮਝੀ। ਅਦੀਨਾ ਬੇਗ ਆਪਣੇ ਡੇਰੇ ਖਾਨਪੁਰ ਚਲਾ ਗਿਆ ਤੇ ਸਿੰਘ ਰਵਾਂ ਰਵੀਂ ਸ੍ਰੀ ਅਮ੍ਰਿਤਸਰ ਨੂੰ ਚਲੇ ਗਏ।

ਅੰਮ੍ਰਿਤਸਰ ਵਿਚ ਇਸ ਵੇਲੇ ਠਰੁਪਿੰਡ ਦਾ ਰਾਜਪੂਤ ਸਲਾਬਤ ਖਾਂ ਯਹੀਆਂ ਖਾਂ ਦੇ ਹੁਕਮ ਅਨੁਸਾਰ ਸੰਨ 1747 ਤੋਂ ਫੋਜ ਸਮੇਤ ਟਿਕਿਆਂ ਹੋਇਆ ਸੀ। ਉਸ ਨੇ ਦਰਬਾਰ ਸਾਹਿਬ ਅਤੇ ਸਰੋਵਰ ਤੇ ਬੜੇ ਸਖਤ ਪਹਿਰੇ ਲਗਾਏ ਹੋਏ ਸਨ ਅਤੇ ਚੌਹੀਂ ਪਾਸੀਂ ਛੋਟੀਆਂ ਛੋਟੀਆਂ ਗੜ੍ਹੀਆਂ ਅਤੇ ਬੁਰਜ ਬਣਾ ਕੇ ਉਥੇ ਸਿਪਾਹੀ ਬਿਠਾਏ ਹੋਏ ਸਨ ਤਾਂ ਕਿ ਵੇਲੇ ਕੁਵੇਲੇ ਦਰਸ਼ਨ ਅਤੇ ਅਸ਼ਨਾਨ ਕਰਨ ਆਏ ਸਿੰਘਾਂ ਨੂੰ ਦੂਰੋਂ ਹੀ ਗੋਲੀ ਮਾਰ ਦੇਣ।

ਸਿੰਘ ਅੰਮ੍ਰਿਤਸਰ ਉਤੇ ਮੁਗਲਈ ਕਬਜ਼ੇ ਨੂੰ ਆਪਣੀ ਆਜ਼ਾਦ ਹਸਤੀ ਲਈ ਵੰਗਾਰ ਸਮਝਦੇ ਸਨ। ਅਹਿਮਦਸ਼ਾਹ ਅਬਦਾਲੀ ਦੇ ਹਮਲੇ ਕਾਰਣ ਫੈਲੀ ਹੋਈ ਅਸਥਿਰਤਾ ਤੋਂ ਫਾਇਦਾ ਉਠਾਉਂਦੇ ਹੋਏ, ਉਨ੍ਹਾਂ ਨੇ ਅੰਮ੍ਰਿਤਸਰ ਨੂੰ ਆਜ਼ਾਦ ਕਰਾਉਣ ਲਈ ਕਮਰ-ਕਸੇ ਕਰ ਲਏ। ਇਸ ਕੰਮ ਵਿਚ ਸਿੰਘਾਂ ਦੀ ਅਗਵਾਈ ਸ: ਜੱਸਾ ਸਿੰਘ ਆਹਲੂਵਾਲੀਆ ਦੇ ਜਿੰਮੇ ਲਾਈ ਗਈ।

ਸ. ਜੱਸਾ ਸਿੰਘ ਆਹਲੂਵਾਲੀਆ ਨੇ ਵਿਉਂਤ ਬਣਾ ਕੇ ਝਟ ਪੱਟ ਅੰਮ੍ਰਿਤਸਰ ਦਾ ਘੇਰਾ ਪਾ ਲਿਆ। ਸਲਾਬਤ ਖਾਂ ਵੀ ਇਕ ਮੰਨਿਆ ਹੋਇਆ ਸੂਰਮਾ ਸੀ। ਆਪਣੇ ਜਵਾਨ ਲੈ ਕੇ ਸਿੰਘਾਂ ਦੇ ਟਾਕਰੇ ਲਈ ਆ ਨਿਤਰਿਆ। ਪਰ ਸੈਂਕੜੇ ਯੁਧਾਂ ਦੇ ਸੂਰਿਆਂ ਨਾਲ ਲੋਹਾ ਲੈ ਸਕਣਾ ਕੋਈ ਲਲੀ ਛਲੀ ਦਾ ਕੰਮ ਨਹੀਂ ਸੀ। ਜਦ ਸਲਾਬਤ ਖਾਂ ਨੇ ਆਪਣੇ ਜਵਾਨਾਂ ਦੇ ਪੈਰ ਬਿੜਕਦੇ ਵੇਖੇ ਤਾਂ ਉਹ ਹੱਲਾ ਸ਼ੇਰੀ ਦੇਣ ਲਈ ਅੱਗੇ ਵਧਿਆ। ਇਹ ਦੇਖ ਕੇ ਸਰਦਾਰ ਜੱਸਾ ਸਿੰਘ, ਨਵਾਬ ਕਪੂਰ ਸਿੰਘ, ਤਾਰਾ ਸਿੰਘ ਵਾਲੀਆ, ਚੂੜ੍ਹ ਸਿੰਘ ਭਕਣੀਆ ਆਦਿ ਖਾਨ ਦੀ ਗੱਡੀ ਉਤੇ ਜਾ ਪਏ। ਸ: ਜੱਸਾ ਸਿੰਘ ਨੇ ਸਲਾਬਤ ਖਾਂ ਨੂੰ ਲੱਲਕਾਰਾ ਮਾਰਿਆ, ਜਿਸ ਦੇ ਉਤਰ ਵਿਚ ਖਾਂ ਨੇ ਤਲਵਾਰ ਦਾ ਇਕ ਵਾਰ ਕੀਤਾ। ਜੱਸਾ ਸਿੰਘ ਨੇ ਇਹ ਵਾਰ ਆਪਣੀ ਢਾਲ ਨਾਲ ਰੋਕ ਲਿਆ ਅਤੇ ਦੂਸਰਾ ਵਾਰ ਹੋਣ ਤੋਂ ਪਹਿਲਾਂ ਹੀ ਖੰਡੇ ਦਾ ਅਜਿਹਾ ਵਾਰ ਕੀਤਾ ਕਿ ਸਲਾਬਤ ਖਾਂ ਦਾ ਸਿਰ

ਭੁੰਇ ਤੇ ਜਾ ਡਿਰਿਆ। ਇਹ ਵੇਖ ਕੇ ਸਲਾਬਤ ਖਾਂ ਦਾ ਭਤੀਜਾ ਨਜਾਬਤ ਖਾਂ ਸਰਦਾਰ ਜੱਸਾ ਸਿੰਘ ਵਲ ਨੂੰ ਉਲਰਆ ਅਤੇ ਨੇਜ਼ੇ ਦਾ ਵਾਰ ਕਰਨ ਹੀ ਲਗਾ ਸੀ ਕਿ ਨਵਾਬ ਕਪੂਰ ਸਿੰਘ ਨੇ ਇਕ ਅਜਿਹਾ ਤੀਰ ਵਾਹਿਆ ਕਿ ਨਜਾਬਤ ਡਿਗਦੇ ਸਾਰ ਪ੍ਰਾਣ ਛੱਡ ਗਏ। ਇਸ ਤਰ੍ਹਾਂ ਸ੍ਰੀ ਅੰਮ੍ਰਿਤਸਰ ਉਤੇ ਮਾਰਚ 1748 ਦੇ ਤੀਸਰੇ ਹਫਤੇ ਦੇ ਅੰਤ ਅਤੇ ਚੌਥੇ ਹਫਤੇ ਦੇ ਸ਼ੁਰੂਵਿਚ ਸਿੰਘਾਂ ਦਾ ਕਬਜ਼ਾ ਹੋ ਗਿਆ ਅਤੇ ਉਹ ਸਤਿ ਸ੍ਰੀ ਅਕਾਲ ਦੇ ਜੈਕਾਰਿਆਂ ਦੀ ਗੂੰਜ ਵਿਚ ਸ੍ਰੀ ਦਰਬਾਰ ਸਾਹਿਬ ਜਾ ਪੁੱਜੇ, ਜਿਸ ਦੇ ਖੁਲ੍ਹੇ ਦਰਸ਼ਨ ਖਾਲਸੇ ਨੂੰ ਕਈ ਵਰ੍ਹਿਆ ਪਿਛੋਂ ਹੋਏ।

## ਰਾਮ ਰਾਉਣੀ

ਹੁਣ ਵਿਸਾਖੀ ਵਿਚ ਥੋੜ੍ਹੇ ਹੀ ਦਿਨ ਰਹਿੰਦੇ ਸਨ। ਇਸ ਦਿਨ ਖਾਲਸੇ ਦੀ ਸਿਰਜਨਾ ਹੋਈ ਸੀ ਅਤੇ ਇਸ ਲਈ ਸਿਖਾਂ ਵਾਸਤੇ ਇਸ ਦੀ ਖਾਸ ਮਹੱਤਤਾ ਸੀ। ਫਿਰ ਸਰਦਾਰ ਜੱਸਾ ਸਿੰਘ ਇਸ ਦਿਨ ਪੰਥ ਦੇ ਆਗੂਆਂ ਅਤੇ ਸੰਗਤਾਂ ਨਾਲ ਕੁਝ ਸਲਾਹ ਵੀ ਕਰਨਾ ਚਾਹੁੰਦਾ ਸੀ। ਇਸ ਲਈ ਉਸ ਨੇ ਸਿਖ ਸੰਗਤਾਂ ਅਤੇ, ਪੰਥ ਦੇ ਖਿੰਡੇ ਪੁੰਡੇ ਜੱਥਿਆ ਨੂੰ ਪਤਾ ਦੇਣ ਲਈ ਸਾਰੀ ਪਾਸੀਂ ਹਰਕਾਰੇ ਭੇਜ ਦਿੱਤੇ। ਇਹ ਖੁਸ਼ੀ ਭਰੀ ਖੁਰ ਸੁਣਦਿਆਂ ਸਾਰ ਜਿਥੇ ਜਿਥੇ ਵੀ ਕੋਈ ਸਿੰਘ ਸੀ, ਉਸ ਨੇ ਅੰਮ੍ਰਿਤਸਰ ਨੂੰ ਕੂਚ ਕਰ ਦਿੱਤਾ। ਨਵਾਬ ਕਪੂਰ ਸਿੰਘ ਤਾਂ ਨੇੜਿਓ ਹੀ ਦੁਆਂਬਿਉ ਆਏ ਸਨ। ਦੂਸਰੇ ਸਰਦਾਰ ਵੀ ਦੂਰੋਂ ਦੂਰੋਂ ਆਪਣੀਆਂ ਆਪਣੀਆਂ ਵਹੀਰਾਂ ਸਮੇਤ ਆ ਇਕੱਠੇ ਹੋਏ। ਇਥੋਂ ਤਕ ਕਿ ਸਰਦਾਰ ਚੜ੍ਹਤ ਸਿੰਘ ਵੀ ਜੋ ਅਹਿਮਦਸ਼ਾਹ ਦੇ ਮਗਰ ਗਿਆ ਹੋਇਆ ਸੀ, ਧਾਈ ਕਰਕੇ ਆ ਪੁੱਜਾ।

ਚਿਰਾਂ ਪਿਛੋਂ ਆਪਣੀ ਸ਼ਾਨ ਦਾ ਇਹ ਪਹਿਲਾ ਵਿਸਾਖੀ ਦਾ ਮੇਲਾ ਸੀ। ਵਰ੍ਹਿਆਂ ਪਿਛੋਂ ਸਿੰਘਾਂ ਨੇ ਰੱਜ ਰੱਜ ਭਰਾਵਾਂ ਅਤੇ ਗੁਰਧਾਮਾਂ ਦੇ ਦਰਸ਼ਨ ਕੀਤੇ। ਇਸ ਕਰਨ ਨਾਲ ਉਨ੍ਹਾਂ ਦੀ ਸੁਰਤ ਸਿੱਖੀ ਰੰਗਣ ਤੇ ਉਦੇਸ਼ਾਂ ਵਿਚ ਹੋਰ ਭਿੱਜੀ ਅਤੇ ਉਨ੍ਹਾਂ ਨੇ ਇਕ ਅਜੀਬ ਸਰੂਰ ਮਹਿਸੂਸ ਕੀਤਾ।

ਵਿਚਾਰਾ ਵੀ ਹੋਈਆਂ। ਸਿੰਖਾਂ ਅਤੇ ਉਨ੍ਹਾਂ ਦੇ ਆਗੂਆਂ ਨੇ ਸਮਝ ਲਿਆ ਕਿ ਪੰਜਾਬ ਦੇ ਹਿੱਤ ਲਈ ਨਾ ਮੁਗਲ ਚੰਗੇ ਹਨ ਤੇ ਨਾ ਅਫਗਾਨ।

ਇਸ ਗੱਲ-ਬਾਤ ਦੇ ਦੌਰਾਨ ਜੱਸਾ ਸਿੰਘ ਨੇ ਕਿਹਾ ਕਿ ਖਾਲਸਾ ਕਦੋਂ ਤਕ ਨਸ ਭਜ ਕੇ ਜੰਗਲਾਂ ਬੇਲਿਆ ਅਤੇ ਪਹਾੜੀ ਖੱਡਾਂ ਵਿਚ ਲੁਕ ਛੁਪ ਕੇ ਗੁਜ਼ਾਰਾ ਕਰੇਗਾ। ਕੋਈ ਗੜ੍ਹੀ ਜਾ ਕਿਲ੍ਹਾ ਰੱਚ ਕੇ ਪਕੀ ਤਰ੍ਹਾਂ ਪੈਰ ਜਮਾਉਣੇ ਚਾਹੀਦੇ ਹਨ। ਵਾਸਤਵ ਸ: ਜੱਸਾ ਸਿੰਘ ਹੁਣ ਐਲਾਨੀਆਂ ਤੌਰ ਤੇ ਇਕ ਨਵੀਂ ਸਰਦਾਰ ਭਾਵੇ ਖਾਲਸਾ ਸਰਕਾਰ ਦਾ ਸਪਸ਼ਟ ਰੂਪ ਵਿਚ ਬਾਨ੍ਹਣੂਬਲਣਾ ਚਾਹੁੰਦਾ ਸੀ। ਕਿਲ੍ਹਾਂ ਉਸਾਰਣਾਂ ਉਸ ਸਮੇਂ ਦੀ ਰਾਜਨੀਤਕ ਵਿਚਾਰਧਾਰਾ ਅਨੁਸਾਰ ਆਪਣੀ ਨਿਵੇਕਲੀ ਪ੍ਰਭੁਸੱਤਾ ਦਾ ਐਲਾਨ ਕਰਨ ਦੇ ਬਰਾਬਰ ਸੀ ਅਤੇ ਐਨ ਇਹ ਹੀ ਤੱਥ ਉਹ ਮੁਗਲ ਅਤੇ ਅਫਗਾਨ ਸਰਕਾਰਾਂ ਨੂੰ ਦਸਣਾ ਚਾਹੁੰਦਾ ਸੀ।

ਕਿਉਂ ਜੋ ਇਹ ਤਜਵੀਜ਼ ਸਿੱਖਾਂ ਦੇ ਅਚੇਤ ਅਤੇ ਸਚੇਤ ਭਾਵਾਂ ਦੇ ਅਨੁਸਾਰ ਸੀ। ਇਸ ਲਈ ਸਮੂਹ ਸਿੱਖਾਂ ਨੇ ਪਰਵਾਨ ਕਰ ਲਿਆ। ਫਿਰ ਸੋਚ ਹੋਣ ਲਗੀ ਕਿ ਗੜ੍ਹੀ ਕਿਥੇ ਬਣਾਈ ਜਾਏ। ਸਿੱਖ ਜਗਤ ਸ੍ਰੀ ਅੰਮ੍ਰਿਤਸਰ ਦੀ ਸਥਾਪਨਾ ਤੋਂ

ਹੀ ਇਸ ਨਗਰੀ ਨੂੰ ਗੁਰੂਦੀ ਨਗਰੀ ਮੰਨ ਚੁਕਾ ਸੀ। ਸਮਾਂ ਬੀਤਣ ਨਾਲ, ਇਸ ਨੂੰ ਆਪਣੀਆਂ ਸਰਗਰਮੀਆਂ ਦਾ ਕੇਂਦਰ ਆਪਣੇ ਉਤਸ਼ਾਹ ਦਾ ਸਰੋਤ, ਆਪਣੀ ਵਿਖਾਰਧਾਰਾ ਦੀ ਜਨਮ ਭੂਮੀ ਅਤੇ ਪ੍ਰਤੀਕ ਸਮਝਣ ਲਗ ਪਿਆ ਸੀ। ਸਿਖ ਭਾਵਨਾਵਾਂ ਇਸ ਹੱਦ ਤਕ ਜੁੜ ਚੁਕੀਆ ਸਨ ਕਿ ਉਹ ਅੰਮ੍ਰਿਤ ਸਰੋਵਰ ਦੇ ਪਵਿਤਰ ਪਾਣੀਆਂ ਵਿਚ ਅਸ਼ਨਾਨ ਕਰਨਾ ਪੂਰਬਲੇ ਪਾਪਾਂ ਨੂੰ ਧੋਣ ਅਤੇ ਨਵੀਂ ਜੀਵਨ-ਜਾਚ ਨੂੰ ਧਾਰਨ ਕਰਨ ਦੇ ਬਰਾਬਰ ਮੰਨਦਾ ਸੀ। ਅਜਿਹੇ ਤੱਥਾਂ ਦੇ ਸਨਮੁਖ, ਸਿਖਾਂ ਦੇ ਫੈਸਲੇ ਪ੍ਰਤੀ ਅੰਦਾਜ਼ਾ ਲਗਾਉਣਾ ਕੋਈ ਔਖੀ ਗੱਲ ਨਹੀਂ ਸੀ। ਉਨ੍ਹਾਂ ਨੇ ਗੜ੍ਹੀ ਅੰਮ੍ਰਿਤਸਰ ਦੀ ਪਾਵਨ ਭੂਮੀ ਤੇ ਬਣਾਉਣ ਦਾ ਫੈਸਲਾ ਕੀਤਾ। ਉਨ੍ਹਾਂ ਕਿਹਾ ਕਿ ਗੁਰੂਕੀ ਨਗਰੀ ਅੰਮ੍ਰਿਤਸਰ ਨੂੰ ਛੱਡ ਕੇ ਕਿਧਰ ਜਾਣਾ ਹੈ।

## 'ਜੇ ਜੀਵੀਏ ਤਾਂ ਗੁਰੂਦੀ ਗੋਦ, ਜੇ ਮਰੀਏ ਤਾਂ ਗੁਰੂਕੇ ਦੁਆਰੇ।

ਅਪ੍ਰੈਲ 1748 ਨੂੰ ਗੜ੍ਹੀ ਦੀ ਉਸਾਰੀ ਸ਼ੁਰੂਹੋ ਗਈ। ਜਿਸ ਅਸਥਾਨ ਤੇ ਗੁਰੂਸਾਹਿਬ ਨੇ ਖੂਹੀ ਰਚੀ ਸੀ, ਉਥੇ ਨੀਂਹ ਰਖੀ ਗਈ। ਪ੍ਰੇਮ ਭਾਵ ਤੇ ਸੇਵਾ ਦੇ ਚਾਉ ਵਿਚ ਸਿੰਘ ਵਧ ਚੜ੍ਹ ਕੇ ਕੰਮ ਕਰਨ ਲੱਗੇ। ਕਿਸੇ ਦੇ ਸਿਰ ਵਿਚ ਆਗੂਪੁਣੇ ਦੀ ਲਾਲਸਾ ਤੇ ਸਰਦਾਰੀ ਦੀ ਬੋ ਨਹੀਂ ਸੀ। ਆਪੇ ਹੀ ਆਟਾ ਪੀਂਦੇ ਤੇ ਆਪੇ ਹੀ ਪਕਾਉਂਦੇ ਤੇ ਆਪੇ ਹੀ ਚਿਣਾਈ ਦਾ ਅਤੇ ਮਜ਼ਦੂਰਾ ਦਾ ਕੰਮ ਕਰਦੇ। ਰਤਨ ਸਿੰਘ ਭੰਗੂਨੇ ਆਪਣੀ ਪੁਸਤਕ 'ਪ੍ਰਾਚੀਨ ਪੰਥ ਪ੍ਰਕਾਸ਼' ਵਿਚ ਇਸ ਦਾ ਇਉਂ ਜ਼ਿਕਰ ਕੀਤਾ ਹੈ :

**ਹੁਤੀ ਖੂਹੀ ਤਹ ਗੁਰੂਲਵਾਈ**

**ਤਿਹ ਖਾਂ ਲੀਨੀ ਨੀਂਹ ਧਰਾਈ।**

**ਆਪੇ ਰਾਜ ਸਿੰਘ ਆਪ ਮਜੂਰ**

**ਬੜੇ ਭੁਜੰਗੀ ਦਿਲ ਦੇ ਸੂਰ।**

**ਆਪ ਪੀਸੈ ਆਪ ਪਕਾਵੇਂ**

**ਤੇ ਤੋ ਬਡੇ ਸਰਦਾਰ ਕਹਾਵੈ।**

**ਜੋਉਕਰੈ ਸਿੰਘ ਵੱਡੇ ਕੰਮ!**

**ਧੰਨ ਧੰਨ ਕਹੈਂ ਸਿੰਘ ਤਿਸੇ ਜੰਮ**

**ਕੋਈ ਕਰੈ ਨਾ ਕਿਸੀ ਸਰੀਕਾ**

**ਕੋਈ ਨਾ ਸੁਨਾਵੇ ਦੁਖ ਨਿਜ ਜੀ ਕਾ**

**ਕੰਧ ਬਣਾਵੈ ਦੌੜ ਦੌੜ**

**ਜਿੰਮ ਬੰਦਰ ਪੁਛ ਬੰਧਤ ਧੌੜ**

(ਪੰਨਾ 399-4●● ਪ੍ਰਾਚੀਨ ਪੰਥ ਪ੍ਰਕਾਸ਼)

ਰਾਉਣੀ ਕੋਈ ਕਿਲ੍ਹਾ ਨਹੀਂ ਹੁੰਦਾ, ਇਕ ਤਕੜੀ ਮੋਟੀ ਦੀਵਾਰ ਦੀ ਵਲਗਣ ਨੂੰ ਰਾਉਣੀ ਕਹਿੰਦੇ ਹਨ। ਰਾਉਣੀ ਦਾ ਕੰਮ ਖਤਮ ਕਰਕੇ ਟਾਂਗੂਆ ਲਈ ਬੜੇ ਉਚੇ ਉਚੇ ਬੁਰਜ਼ ਬਣਾਏ ਅਤੇ ਫੇਰ ਦਰਵਾਜ਼ੇ ਬਣਾਕੇ ਆਲੇ ਦੁਆਲੇ ਇਕ ਡੂੰਘੀ ਜਿਹੀ ਖਾਈ ਪੁਟ ਲਈ ਅਤੇ ਗੁਰੂਰਾਮ ਦਾਸ ਦੇ ਨਾਮ ਉਤੇ ਇਸ ਦਾ ਨਾਮ ਰਾਮ ਰਾਉਣੀ ਰਖਿਆ ਗਿਆ। ਇਥੇ ਕੇਵਲ ਪੰਜ ਕੁ ਸੌ ਸਿਖ ਸਿਰ ਲੁਕਾ ਸਕਦੇ ਸਨ, ਇਸ ਲਈ ਇੰਨੇ ਕੁ ਸਿੰਘ ਹੀ ਇਥੇ ਟਿਕੇ। 'ਪ੍ਰਾਚੀਨ ਪੰਥ ਪ੍ਰਕਾਸ਼' ਵਿਚ ਇਸ ਦਾ ਇਉਂ ਜ਼ਿਕਰ ਕੀਤਾ ਹੈ :-

**ਸਿੰਘ ਪੰਜ ਸੈ ਭਯੋ ਉਹਾਂ ਸਾਰੇ**

**ਸ਼ਹੀਦ ਹੋਣ ਕੋ ਉਠ ਪ੍ਰਣ ਧਾਰੋ।**

**ਔਰ ਜ਼ਬਾਦ ਦੀ ਜਗਾ ਥੀਂ ਨਾਹੀਂ।**

**ਇਸ ਵਿਧ ਸਿੰਘ ਵੜੇ ਘਣੇ ਨਾਹੀਂ।** (ਪੰਨਾ 399-4●● ਪੰਜ ਪ੍ਰਕਾਸ਼)

ਇਸ ਵੇਲੇ ਦੀ ਸੁਚਜੀ ਅਗਵਾਈ ਸਿਆਣਪ ਅਤੇ ਅਦੁਤੀ ਵੀਰਤਾ ਨੇ ਸਰਦਾਰ ਜੱਸਾ ਸਿੰਘ ਦੀ ਸ਼ਖਸੀਅਤ ਨੂੰ ਹੋਰ ਹਰਮਨ ਪਿਆਰਾ ਤੇ ਸਿਰਕਢਵਾਂ ਬਣਾ ਦਿੱਤਾ। ਨਵਾਬ ਕਪੂਰ ਸਿੰਘ ਨੇ ਅੱਗੇ ਹੀ ਬਹੁਤ ਸਾਰਾ ਕੰਮ ਜੱਸਾ ਸਿੰਘ ਨੂੰ ਸੰਭਾਲ ਰਖਿਆ ਸੀ ਹੁਣ ਬਾਕੀ ਵੀ ਉਸ ਨੂੰ ਦੇਣਾ ਸ਼ੁਰੂਕਰ ਦਿੱਤਾ। ਬੁਢਾ ਦੱਲ ਵਿਚ ਉਸਦੀ ਪ੍ਰਤਿਸ਼ਠਤਾ ਹੋਰ ਵਧ ਗਈ ਅਤੇ ਉਹ ਖਾਲਸਾ ਦਲ ਦੇ ਮੋਹਰੀਆਂ ਵਿਚ ਗਿਣੇ ਜਾਣ ਲਗੇ।

## 'ਰਾਜ ਕਰੇਗਾ ਖਾਲਸਾ'

ਗਿਆਰਾਂ ਅਪਰੈਲ, 1748 ਈ. ਨੂੰ ਮੀਰ ਨੂੰ ਪੰਜਾਬ ਦਾ ਗਵਰਨਰ ਨੀਅਤ ਕੀਤਾ ਗਿਆ। ਉਸ ਨੇ ਲਾਹੌਰ ਪੁਜਦੇ ਸਾਰ ਦੁਰਾਨੀ ਵਲੋਂ ਨਿਯੁਕਤ ਜਲ੍ਹੇ ਖਾਂ ਅਤੇ ਦੀਵਾਨ ਲਖਪਤ ਰਾਏ ਨੂੰ ਕੈਦ ਕਰ ਲਿਆ। ਦੀਵਾਨ ਨੂੰ ਤੀਹ ਲਖ ਰੁਪਏ ਦਾ ਜੁਰਮਾਨਾ ਕਰ ਦਿੱਤਾ ਅਤੇ ਉਸ ਦੀ ਥਾਂ ਦੀਵਾਂਨ ਕੋੜਾ ਮੱਲ ਨੂੰ ਆਪਣਾ ਨਾਇਬ ਅਤੇ ਦੀਵਾਨ-ਏ-ਅਦਾਲਤ ਨੀਅਤ ਕੀਤਾ। ਤੀਹ ਲਖ ਵਿਚ ਅਠਾਰਾਂ ਲੱਖ ਤਾਂ ਲਖਪਤ ਰਾਏ ਨੇ ਭਰ ਦਿੱਤਾ, ਦੋ ਲਖ ਵਿਚ ਉਸ ਦਾ ਘਰ ਆਦਿ ਤੇ ਜਾਇਦਾਦ ਕੁਰੱਕ ਕਰ ਲਏ ਗਏ, ਬਾਕੀ ਦਸ ਲਖ ਰੁਪਈਆਂ ਉਮਰ ਕੈਦ ਬੋਲੀ ਗਈ। ਦੀਵਾਨ ਕੌੜਾ ਮੱਲ ਨੇ ਬਾਕੀ ਦਾ ਦਸ ਲਖ ਰੁਪਈਆਂ ਇਸ ਸ਼ਰਤ ਉਤੇ ਅਦਾ ਕਰਨਾ ਮੰਨ ਲਿਆ ਕਿ ਲਖਪਤ ਰਾਏ ਨੂੰ ਉਸ ਦੇ ਹਵਾਲੇ ਕਰ ਦਿਤਾ ਜਾਵੇ। ਰਕਮ ਤਾਰ ਕੇ ਦੀਵਾਨ ਕੌੜਾ ਮਲ ਨੇ ਸਾਬਕਾ ਦੀਵਾਨ ਲਖਪਤ ਗਏ ਨੂੰ ਆਪਣੇ ਕਬਜ਼ੇ ਵਿਚ ਲੈ ਲਿਆ। ਛੇਤੀ ਹੀ ਪਿਛੋਂ, ਉਸ ਨੇ ਇਸ ਸਿੰਘਾਂ ਦੇ ਹਵਾਲੇ ਕਰ ਦਿੱਤਾ ਜਿਨ੍ਹਾਂ ਨੇ ਉਸ ਦੀਆਂ ਮੁਸ਼ਕਾਂ ਬੰਨ੍ਹ ਕੇ ਇਕ ਕੈਦ ਖਾਨੇ ਵਿਚ ਬੰਦ ਕਰ ਦਿੱਤਾ ਜਿਥੇ ਉਸਨੂੰ ਆਪਣੀਆਂ ਕਰਨੀਆਂ ਭਰਨ ਲਈ ਸਾਖਿਆਤ ਨਰਕ ਭੋਗਣਾ ਪਿਆ। *

ਮੀਰ ਮਨੂੰ ਨੇ ਸੂਬੇਦਾਰੀ ਸੰਭਾਲਦਿਆਂ ਸਾਰ ਇਹ ਮਹਿਸੂਸ ਕੀਤਾ ਕਿ ਸਿਖਾਂ ਦੀ ਵਧ ਰਹੀ ਤਾਕਤ ਤੇ ਲੋਕ ਪ੍ਰਿਯਤਾ ਤੇ ਰੋਕ ਲਾਈ ਜਾਵੇ। ਰਾਮ ਰਾਉਣੀ ਦਾ ਨਿਰਮਾਣ ਉਹ ਇਕ ਇਤਿਹਾਸਕ ਘਟਨਾ ਅਤੇ ਸਿਖ-ਮਨ ਦੀ ਸਿੱਖ

ਰਾਜ ਦੀ ਸਥਾਪਣਾ ਦੀ ਤੀਬਰ ਚਾਹਣਾ ਦਾ ਪ੍ਰਤੀਕ ਸਮਝਦਾ ਸੀ। ਇਸ ਲਈ ਉਸ ਨੇ ਸਿੱਖਾਂ ਨੂੰ ਖਤਕ ਕਰਨ ਲਈ ਦਮਨਕਾਰੀ ਨੀਤੀ ਅਪਣਾਈ। ਗਸ਼ਤੀ ਫੌਜ ਦੇ ਦਸਤੇ ਵਖ ਵਖ ਇਲਾਕਿਆ ਵਿਚ ਭੇਜੇ ਅਤੇ ਉਨ੍ਹਾਂ ਨੂੰ ਤਾਕੀਦ ਕੀਤੀ ਕਿ ਉਹ ਜਿਥੇ ਵੀ ਕੋਈ ਸਿੱਖ ਮਿਲੇ ਉਸ ਨੂੰ ਪਕੜ ਕੇ ਉਸ ਦੇ ਕੇਸ ਅਤੇ ਦਾਹੜਾ ਕਤਲ ਕਰ ਦੇਣ। ਉਪਰੰਤ ਉਸ ਨੇ ਵਖ ਵਖ ਚੌਧਰੀਆਂ, ਸਰਕਾਰੀ ਕਰਮਚਾਰੀਆਂ ਅਤੇ ਪਹਾੜੀ ਰਾਜਿਆਂ ਨੂੰ ਹੁਕਮ ਕੀਤਾ ਕਿ ਉਹ ਸਿੰਘਾਂ ਕਾਰਵਾਈ ਕਰਨ ਵਿਚ ਕੋਈ ਢਿਲਾ ਨਾ ਦਿਖਾਉਣੀ ਸਿਟੇ ਵਜੋਂ ਹਜ਼ਾਰਾਂ ਦੀ ਸੰਖਿਆ ਵਿਚ ਸਿੰਘ ਵਿਰੁਧ ਲਾਹੌਰ ਬੰਨ੍ਹ ਪਹੁੰਚਾਏ ਗਏ। ਜਿਥੇ ਉਹ ਰੋਜ਼ ਸੈਂਕੜਿਆਂ ਦੀ ਗਿਣਤੀ ਵਿਚ ਦਿੱਲੀ ਦਰਾਵਜ਼ ਦੇ ਬਾਹਰ ਘੋੜੀ ਮੰਡੀ (ਬਜ਼ਾਰ ਨਖ਼ਾਸ) ਵਿਚ ਸ਼ਹੀਦਗੰਜ ਦੇ ਅਸਥਾਨ ਤੇ ਬੇਸ਼ੁਮਾਰ ਲੋਕਾਂ ਦੀਆਂ ਅੱਖਾਂ ਦੇ ਸਾਹਮਣੇ ਕੱਤਲ ਕੀਤੇ ਜਾਂਦੇ ਸਨ। ਸਿੰਘਾਂ ਦੇ ਸਿਰਾਂ ਨਾਲ ਖ਼ੂਹ ਭਰੇ ਜਾਂਦੇ ਸਨ ਅਤੇ ਉਨ੍ਹਾਂ ਦੇ ਬੇ-ਸਿਰ ਧੜ ਸ਼ਹੀਦ-ਗੰਜ ਵਾਲੀ ਥਾਂ ਤੇ ਦਬਾ ਦਿਤੇ ਜਾਂਦੇ ਸਨ।

ਇਸੇ ਦੌਰਾਨ ਮੀਰ ਮਨੂੰ ਨੇ ਦੁਆਬੇ ਦੇ ਹਾਕਮ ਅਦੀਨਾ ਬੇਗ ਅਤੇ ਸਦੀਕਬੇਗ ਖ਼ਾਨ ਨੂੰ ਸ਼ਿੰਘਾਂ ਨੂੰ ਕੁਚਲਣ ਅਤੇ ਰਾਮ ਰਾਉਣੀ ਉਤੇ ਹੱਲਾ ਕਰਨ ਲਈ ਫ਼ੁਰਮਾਨ ਭੇਜਿਆ। ਅਦੀਨਾ ਬੇਗ ਇਕ ਹੰਡਿਆ ਹੋਇਆ ਪ੍ਰਬੰਧਕ ਅਤੇ ਸਿਆਸਤਦਾਨ ਸੀ। ਉਸ ਨੇ ਮੀਰ ਮਨੂੰ ਦੇ ਮਨ ਨੂੰ ਜਿਤਣ ਲਈ ਇਹ ਮੁਨਾਸਿਬ ਸਮਝਿਆ ਕਿ ਉਹ ਕਿਸੇ ਨਾ ਕਿਸੇ ਬਹਾਨੇ ਜੱਸਾ ਸਿੰਘ ਆਹਲੂ-ਵਾਲੀਆ ਨੂੰ ਆਪਣੇ ਪਾਸ ਬੁਲਾ ਕੇ ਗ੍ਰਿਫ਼ਤਾਰ ਕਰ ਲਵੇ ਅਤੇ ਫਿਰ ਉਸ ਨੂੰ ਲਾਹੌਰ ਮੀਰ ਮਨੂੰ ਪਾਸ ਭੇਜ ਦੇਵੇ। ਉਪਰੰਤ ਜੇ ਉਹ ਇਸ ਗੱਲ ਵਿਛ ਕਾਮਸਾਬ ਨਾ ਹੋ ਸਕੇ ਤਾਂ ਉਹ ਉਸ ਨੂੰ ਜਾਂ ਉਸ ਦੇ ਸਾਥੀ ਸਰਦਾਰਾਂ ਨੂੰ ਮੁਗ਼ਲਈ ਪ੍ਰਬੰਧ ਵਿਚ ਕੋਈ ਉਚ ਅਸਥਾਨ ਤੇ ਨਿਯੁਕਤ ਕਰ ਕੇ ਸਿਖ ਜਦੋ ਜਹਿਦ ਦਾ ਲੱਕ ਤੋੜੇ।

ਇਸ ਮਨੋਰਥ ਦੀ ਪੂਰਤੀ ਲਈ, ਉਸ ਨੇ ਆਪਣੇ ਆਦਮੀ ਜੱਸਾ ਸਿੰਘ ਆਹਲੂਵਾਲੀਆ ਪਾਸ ਭੇਜ ਕੇ ਮੁਲਾਕਾਤ ਲਈ ਸੱਦਿਆ ਕਿ "ਜੇ ਆਓ ਤਾਂ ਦਿੱਲੀ ਗੱਲਾਂ ਹੋਣਗੀਆਂ, ਜੇ ਸਾਡੇ ਨਾਲ ਰਲ ਕੇ ਦੇਸ਼ ਦਾ ਬੰਦੋਬਸਤ ਕਰੋ ਤਾਂ ਚੰਗਾ, ਪਰ ਜੇ ਮੁਲਖ ਚਾਹੋ ਤਾਂ ਵੀ ਲੈ ਲਵੋ, ਅਸੀਂ ਲਾਹੌਰੋਂ ਲਿਖਵਾ ਭੇਜਾਂਗੇ ਅਤੇ ਪਾਤਸ਼ਾਹ ਵੀ ਇਸ ਗੱਲੋਂ ਖ਼ੁਸ਼ ਹੋਵੇਗਾ, ਐਵੇਂ ਜਵਾਨਾਂ ਦਾ ਨੁਕਸਾਨ, ਰਈਅਤ ਦੀ ਵੀਰਾਨੀ ਵਿਚ ਕੀ ਫ਼ਾਇਦਾ ਹੈ।"

ਅਦੀਨਾ ਬੇਗ ਦੀ ਚਾਲਾਕੀ ਨੂੰ ਜੱਸਾ ਸਿੰਘ ਖ਼ੂਬ ਸਮਝਦਾ ਸੀ। ਮੁਗ਼ਲਾਂ ਪ੍ਰਤੀ ਢਿਲਆਈ ਵਿਖਾਕੇ ਉਹ ਸਿਖ ਜਦੋਜਹਿਦ ਦਾ ਬਲ ਕਿਵੇਂ ਘਟਾ ਸਕਦਾ ਸੀ। ਉਸ ਨੇ ਉੱਤਰ ਦੇ ਘਲਿਆ ਕਿ ਸਾਡੀ ਤੁਹਾਡੀ ਮੁਲਾਕਾਤ ਰਣ-ਖੇਤਰ ਵਿਚ ਹੀ ਹੋਵੇਗੀ ਅਤੇ ਉਸ ਵੇਲੇ ਜੋ ਹਥਿਆਰ ਚਲਣਗੇ ਉਹ ਹੀ ਦਿਲੀ ਗੱਲਾਂ ਹੋਣਗੀਆਂ। ਰਲ ਕੇ ਬੰਦੋਬਸਤ ਕੀ ਕਰਨਾ ਹੋਇਆ। ਤੁਹਾਡੀ ਵਿਚਾਰਧਾਰਾ ਹੋਰ ਸਾਡੀ ਵਿਚਾਰਧਾਰਾ ਹੋਰ। ਤੁਸੀਂ ਮੁਗ਼ਲਈ ਰਾਜ ਪ੍ਰਬੰਧ ਦੇ ਹਾਮੀ, ਅਸੀਂ, ਖਾਲਸਈ ਆਦਰਸ਼ਾਂ ਨੂੰ ਮੂਰਤੀਮਾਨ ਕਰਨ ਵਾਲੇ ਰਾਜ ਪ੍ਰਬੰਧ ਦੇ ਸਮਰਥਕ ਅਸੀਂ ਸੁਚੀ ਕਿਰਤ, ਸਮਾਜਿਕ ਸਮਾਨਤਾ ਦੇ ਆਧਾਰਾਂ ਤੇ ਸਮਾਜ ਦਾ ਨਿਰਮਾਨ ਕਰਨ ਦੇ ਚਾਹਵਾਨ ਅਤੇ ਤੁਸੀਂ ਜਾਗੀਰਦਾਰੀ ਆਧਾਰਿਤ ਅਤੇ ਤੁਅਸਬੀ ਸਰਕਾਰ ਦੇ ਪੱਖੀ ਹੋ। ਤੁਸੀਂ 'ਮਾਨਸ ਕੀ ਜਾਤ ਸਭੈ ਏਕੋ ਪਹਿਚਾਨਬੋ' ਦੇ ਅਸੂਲ ਨੂੰ ਨਹੀਂ ਮੰਨਦੇ, ਅਸੀਂ ਇਸਨੂੰ ਅਮਲ ਵਿਚ ਲਿਆਉਣ ਲਈ ਹਰ ਕੁਰਬਾਨੀ ਦੇਣ ਲਈ ਤੱਤਪਰ ਹਾਂ। ਸਾਡਾ ਤੁਹਾਡਾ ਕੀ ਮੇਲ। ਫਿਰ ਅਸੀਂ ਤੁਹਾਡੇ ਕੋਲੋ ਕਿਉਂ ਕੁਝ ਮੰਗੀਏ । ਜਿਸ ਨੂੰ ਵਾਹਿਗੁਰੂਆਪ ਮੁਲਕ ਦੇਵੇ ਉਹ ਹੋਰਨਾਂ ਪਾਸਿਆਂ ਤੋਂ ਕਿਉਂ ਮੰਗੇ। ਜਿਸ ਤੇ ਉਹ ਦੋ ਜਹਾਨਾਂ ਦਾ ਪਾਤਸ਼ਾਹ ਖ਼ੁਸ਼ ਹੋਵੇ, ਉਸ ਨੂੰ ਹੋਰ ਕੀ ਚਾਹੀਦਾ ਹੈ। ਸਾਡੀ ਜਦੋ ਜਹਿਦ ਇਨਸਾਫ਼, ਸਚਾਈ, ਲੋਕ ਹਿੱਤ ਅਤੇ ਨੈਤਿਕਤਾ ਦੇ ਅਸੂਲਾਂ ਤੇ ਕਾਇਮ ਹੈ।

ਇਸ ਲਈ ਅਸੀਂ ਨਿਵੇਕਲਾ ਰਾਜ ਬਣਾਵਾਂਗੇ। ਤੁਸੀ ਤੇ ਤੁਹਾਡਾ ਸੂਬੇਦਾਰ ਸਾਡਾ ਪੁਰਾ-ਖੋਜ ਮਿਟਾਉਣਾ ਚਾਹੁੰਦੇ ਹਨ ਪਰ ਅਸੀਂ ਅਮਰ ਹਾਂ ਕਿਉਂ ਕਿ ਸਾਡੀ ਵਿਚਾਰਧਾਰਾ ਅਮਰ ਹੈ, ਪ੍ਰਗਤੀਸ਼ੀਲ ਹੈ। ਇਸ ਰਾਹੀਂ ਅਸਾਂ ਮਨੁੱਖ ਦਾ ਨਿਰਮਾਨ ਕਰਨਾ ਹੈ ਅਤੇ ਕਰ ਕੇ ਛੱਡਾਂਗੇ। ਇਸ ਕੰਮ ਲਈ ਖ਼ਾਲਸਾ ਰਾਜ ਵੀ ਕੁਰਬਾਨੀ ਕਰਾਂਗੇ। ਜਾਨ ਦੀ, ਮਾਲ ਦੀ, ਬਾਲ ਬਚਿਆਂ ਦੀ। ਜਦ ਅਸੀਂ ਤਲਵਾਰ ਚੁੱਕੀ ਹੈ, ਤਾਂ ਤੁਸੀਂ ਵੀ ਸੁਲਾਹ ਦਾ ਹੁੰਗਾਰਾ ਭਰਿਆ ਹੈ। ਪਰ ਸੁਲਾਹ ਕਾਹਦੀ, ਅਸੂਲ ਕੁਰਬਾਨ ਨਹੀਂ ਕੀਤੇ ਜਾ ਸਕਦੇ। ਸਿੱਖੀ ਵਿਚਾਰਧਾਰਾ ਤੇ ਆਧਾਰਿਤ ਹਕੂਮਤ, ਸਮਾਜ ਤੇ ਮਨੁੱਖ ਘੜਾਂਗੇ। ਅਦੀਨਾ ਬੇਗ ਨੇ ਦੋ-ਤਿੰਨ ਵਾਰੀ ਇਸੇ ਤਰ੍ਹਾਂ ਸੁਨੇਹੇ ਭੇਜੇ, ਪਰ ਸਰਦਾਰ ਜੱਸਾ ਸਿੰਘ ਦਾ ਇਕੋ ਉੱਤਰ ਸੀ ਕਿ

**"ਰਾਜ ਕਰੇਗਾ ਖਾਲਸਾ ਆਕੀ ਰਹੇ ਨਾ ਕੋਇ।**

**ਖਵਾਰ ਹੋਏ ਸਭ ਮਿਲੇਂਗੇ ਬਚੇ ਸ਼ਰਨ ਜੋ ਹੋਇ।"**

ਸ: ਜੱਸਾ ਸਿੰਘ ਆਹਲੂਵਾਲੀਆ ਦਾ ਇਹ ਉਤਰ ਨਿਰਸੰਦੇਹ ਸਿਖਾਂ ਲਈ ਚੜ੍ਹਦੀਕਲਾ ਦਾ ਪ੍ਰੋਗ੍ਰਾਮ ਸੀ। ਇਸ ਸਦਕਾ ਮੀਰ ਮਨੂੰ ਦੀ ਦਮਨਕਾਰੀ ਨੀਤੀ ਸਿਖਾਂ ਦੇ ਹੋਸਲੇ ਨਾ ਡੁਲਾ ਸਕੀ।

ਅਦੀਨਾ ਬੇਗ ਨੇ ਲੁਕਵੇਂ ਤੌਰ ਤੇ ਹੋਰ ਸਰਦਾਰਾਂ ਨੂੰ ਵੀ ਇਹ ਗੱਲ ਅਖਵਾ ਭੇਜੀ ਜਿਨ੍ਹਾਂ ਵਿਚ ਕੁਝ ਕੁ ਸਰਦਾਰ ਇਸਦੀਆਂ ਗੱਲਾਂ ਵਿਚ ਆ ਗਏ ਅਤੇ ਸਰਦਾਰ ਜੱਸਾ ਸਿੰਘ ਇਛੋਗਲੀਆ ਜੋ ਬਾਅਦ ਵਿਚ ਰਾਮਗੜ੍ਹੀਆ ਦੇ ਨਾ ਨਾਲ ਪਰਸਿੱਧ ਹੋਇਆ, ਮਾਲੀ ਸਿੰਘ ਅਤੇ ਹੋਰ ਸਾਥੀਆਂ ਸਮੇਤ ਅਦੀਨਾ ਬੇਗ ਪਾਸ ਜਾ ਨੌਕਰ ਹੋਇਆ।

ਜਦ ਅਦੀਨਾ ਬੇਗ ਦੀ ਗੱਲ-ਬਾਤ ਸਿਰੇ ਨਾ ਚੜ੍ਹੀ ਤਾਂ ਮੁਗ਼ਲਾਂ ਨੇ ਰਾਮ ਰਾਉਣੀ ਨੂੰ ਘੇਰ ਲਿਆ। ਮੀਰ ਮਨੂੰ ਦੇ ਹੁਕਮ ਨਾਲ ਦੀਵਾਨ ਕੌੜਾ ਮੱਲ, ਮਿਰਜ਼ਾ ਅਜ਼ੀਜ਼ ਖ਼ਾਨ ਬਖ਼ਸ਼ੀ, ਨਾਸਰ ਅਲੀ ਜਲੰਧਰੀ ਅਤੇ ਪਹਾੜੀ ਰਾਜਿਆਂ ਦੀਆਂ ਫ਼ੌਜਾਂ ਨੇ ਮਿਲਕੇ ਹੱਲਾ ਕਰ ਦਿੱਤਾ। ਰਾਮ ਰਾਉਣੀ ਤੇ ਬੁਰਜਾਂ ਤੋਂ ਸਿੰਘਾਂ ਨੇ ਨਗਾਰਿਆਂ ਦੀ ਆਵਾਜ਼ ਸੁਣ ਕੇ ਨੇੜੇ-ਨੇੜੇ ਤੋਂ ਖ਼ਾਲਸਿਆਂ ਦੇ ਕੁਝ ਜੱਥੇ ਵੀ ਆ ਪਹੁੰਚੇ ਅਤੇ ਰਾਮਸਰ ਦੀਆਂ ਝਾੜੀਆਂ ਵਿਚ ਮੋਰਜਾ ਲਾ ਕੇ ਬੈਠ ਗਏ।

ਸ: ਜੱਸਾ ਸਿੰਘ ਦੀ ਅਗਵਾਈ ਹੇਠ ਸਿੰਘਾਂ ਨੇ ਡਟਵਾਂ ਮੁਕਾਬਲਾ ਕੀਤਾ। ਪਰ ਕੋਈ ਖ਼ਾਸ ਪੇਸ ਜਾਂਦੀ ਨਾ ਜਾਪੀ । ਆਟਾ ਦਾਣਾ ਖ਼ਤਮ ਹੋ ਗਿਆ ਤੇ ਸਿਖਾਂ ਕੋਲ ਬਰੂਦ ਪਹਿਲਾਂ ਹੀ ਬਹੁਤ ਨਹੀਂ ਸੀ। ਉਧਰੋਂ ਲਾਹੌਰ ਦੀ ਫ਼ੌਜ ਪਾਸ ਬੇਸ਼ੁਮਾਰ ਤੋਪਾਂ ਅਤੇ ਕਾਫ਼ੀ ਫ਼ੌਜੀ ਸਾਮਾਨ ਸੀ।

ਇਸ ਮੌਕੇ ਤੇ ਸ: ਜੱਸਾ ਸਿੰਘ ਆਹਲੂਵਾਲੀਆ ਨੇ ਜੱਸਾ ਸਿੰਘ ਇਛੋਗਲੀਆ ਨੂੰ ਸੁਨੇਹਾ ਭੇਜਿਆ ਕਿ ਉਹ ਉਨ੍ਹਾਂ ਦੀ ਮਦੱਦ ਕਰੇ ਅਤੇ ਜੇ ਉਸ ਨੇ ਹੀਲ ਹੁੱਜਤ ਕੀਤੀ ਤਾਂ ਪੰਥ ਉਸ ਨੂੰ ਸਦਾ ਲਈ ਛੇਕ ਦੇਵੇਗਾ। ਦੂਜੇ ਪਾਸੇ ਉਸ ਨੇ ਦੀਵਾਨ ਕੌੜਾ ਮੱਲ ਜਿਸ ਨੂੰ ਗੁਰੂਘਰ ਤੇ ਵਿਸ਼ਵਾਸ ਸੀ, ਕਹਿਲਾ ਭੇਜਿਆ ਕਿ ਉਹ ਫਸੇ ਹੋਏ ਸਿੰਘਾਂ ਦੀ ਸਹਾਇਤਾ ਕਰੇ। ਪੰਥ ਦਾ ਨਾਮ ਸੁਣਦੇ ਸਾਰ, ਜੱਸਾ ਸਿੰਘ ਇਛੋਗਲੀਆ ਹਿੱਲ ਗਿਆ, ਉਸ ਦੀ ਆਤਮਾ ਲਾਅਨਤਾਂ ਪਾਉਣ ਲਗ ਪਈ। ਉਹ ਫ਼ੌਰਨ ਆਪਣੇ ਜਥੇ ਨੂੰ ਨਾਲ ਲੈ ਕੇ ਰਾਮ ਰਾਉਣੀ ਵਿਚ ਆ ਗਿਆ ਅਤੇ ਭਰਾਵਾਂ ਨੂੰ ਜਾ ਮਿਲਿਆ। ਸਿੰਘਾਂ ਦੇ ਹੌਂਸਲੇ ਵਧੇ। ਇਨੇ ਚਿਰ ਨੂੰ ਦੀਵਾਨ ਕੌੜਾ ਮੱਲ ਨੂੰ ਵੀ ਸਿਖਾਂ ਦੀ ਸਹਾਇਤਾ ਕਰਨ ਦਾ ਅਵਸਰ

ਪ੍ਰਾਪਤ ਹੋ ਗਿਆ। ਦੇਵਨੇਤ ਨਾਲ ਇਨ੍ਹੀ ਦਿਨੀਂ ਮੀਰ ਮਨੂੰ ਦੇ ਔਕੜਾਂ ਵਿਚਾਲੇ ਘਿਰ ਗਿਆ। ਇਕ ਤਾਂ ਇਹ ਕਿ ਦਿੱਲੀ ਦੀ ਸਰਦਾਰ ਦੀ ਸ਼ਹਿ ਅਤੇ ਸਹਾਇਤਾ ਨਾਲ ਲਾਹੌਰ ਦੇ ਪੁਰਾਣੇ ਸੂਬੇਦਾਰ ਸ਼ਾਹਨਿਵਾਜ਼ ਖ਼ਾਨ ਦੇ ਮੁਲਤਾਨ ਤੇ ਕਬਜ਼ਾ ਕਰਕੇ ਮੰਨੂੰ ਨੂੰ ਉਥੋਂ ਬੇ-ਦਖ਼ਲ ਕਰ ਦਿੱਤਾ ਅਤੇ ਲਾਹੌਰ ਵੱਲ ਵਧਣ ਦੀਆਂ ਤਿਆਰੀਆਂ ਕਰਨ ਲਗ ਪਿਆ। ਦੂਜੇ, ਅਹਿਮਦਸ਼ਾਹ ਦੁਰਾਨੀ ਵਲੋਂ ਹਿੰਦੁਸਤਾਨ ਉਤੇ ਮੁੜ ਹਮਲਾ ਕਰਨ ਲਈ ਤੁਰ ਪੈਣ ਦੀਆਂ ਖ਼ਬਰਾਂ ਆਉਣ ਲਗ ਪਈਆਂ। ਅਜਿਹੇ ਸਮੇਂ ਤੇ ਮੀਰ ਮੰਨੂੰ ਨੇ ਦੀਵਾਨ ਕੌੜਾ ਮੱਲ ਅਤੇ ਦੂਜੇ ਸਾਥੀਆਂ ਨਾਲ ਸਲਾਹ ਕੀਤੀ। ਕੌੜਾ ਮੱਲ ਦੇ ਮਸ਼ਵਰੇ ਤੇ ਉਸ ਨੇ ਫ਼ੈਸਲਾ ਕੀਤਾ ਕਿ ਉਹ ਆਪ ਅਹਿਮਦਸ਼ਾਹ ਅਬਦਾਲੀ ਦੀ ਟਾਕਰਾ ਕਰੇ। ਕੌੜਾ ਮੱਲ ਨੂੰ ਸ਼ਾਹ ਨਿਵਾਜ਼ ਖ਼ਾਂ ਦੇ ਵਿਰੁਧ ਕਾਰਵਾਈ ਕਰਨ ਲਈ ਮੁਲਤਾਨ ਭੇਜੇ ਅਤੇ ਸਿਖਾਂ ਨੂੰ ਚੁਪ ਕਰਾਉਣ ਲਈ ਰਾਮ ਰਾਉਣੀ ਦਾ ਘੇਰਾ ਉਠਾ ਲਿਆ ਜਾਵੇ ਅਤੇ ਉਨ੍ਹਾਂ ਨੂੰ ਜਾਗੀਰ ਦੇ ਕੇ ਮੁਗ਼ਲਈ ਸਰਕਾਰ ਦਾ ਅੰਗ ਬਣਾ ਲਿਆ ਜਾਵੇ।

ਫ਼ੈਸਲੇ ਅਨੁਸਾਰ ਸਘਰ 18●5 ਬਿ. ਨਵੰਬਰ ਸੰਨ 1748 ਈ. ਨੂੰ ਰਾਮ ਰਾਉਣੀ ਦਾ ਘੇਰਾ ਉਠਾਇਆ ਗਿਆ, ਸਿਖਾਂ ਨੂੰ ਪਰਗਣਾ ਪੱਟੀ ਦੇ ਮਾਮਲੇ ਦਾ ਚੌਥਾਂ ਹਿੱਸਾ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਨਾਮ ਜਾਗੀਰ ਲਿਖਵਾ ਦਿਤੀ ਅਤੇ ਗੁਰੂਚਕ ਵਾਲੇ 12 ਪਿੰਡਾਂ ਦਾ ਜ਼ਬਤ ਹੋ ਚੁੱਕਾ ਮਾਮਲਾ ਵੀ ਮੁੜ ਜਾਰੀ ਕਰਵਾ ਦਿੱਤਾ। ਮੀਰ ਮੰਨੂੰ ਨੇ ਅਹਿਮਦਸ਼ਾਹ ਅਬਦਾਲੀ ਦੇ ਦੂਜੇ ਹਮਲੇ ਦਾ ਟਾਕਰਾ ਕੀਤਾ (ਨਵੰਬਰ, 1748) ਦਿਲੀਓਂ ਇਮਦਾਦ ਨਾ ਆਉਣ ਕਰਕੇ ਉਹ ਤਕੜਾ ਟਾਕਰਾ ਨਾ ਕਰ ਸਕਿਆ ਅਤੇ ਉਸ ਨੇ ਛੇਤੀ ਹੀ ਇਕ ਸੰਧੀ ਦੁਆਰਾ ਉਸ ਦੀ ਈਨ ਕਬੂਲ ਕਰ ਲਈ। ਸੰਧੀ ਅਨੁਸਾਰ ਬਾਦਸ਼ਾਹ ਮੁਹੰਮਦ ਸ਼ਾਹ ਵਲੋਂ ਸੰਨ 1739 ਨੂੰ ਨਾਦਰ ਸ਼ਾਰ ਈਰਾਨੀ ਨੂੰ ਦਿੱਤੇ ਗਏ ਚਾਰ ਮਹਾਲ ਸਿਆਲਕੋਟ, ਔਰੰਗਾਬਾਦ, ਗੁਜਰਾਤ ਅਤੇ ਪਸਰੂਰ ਦਾ ਮਾਮਲਾ ਦੇਣਾ ਕੀਤਾ। ਤਾਰੀਖ ਅਹਿਮਦ-ਸ਼ਾਹੀ ਵਿਚ ਲਿਖਿਆ ਹੋਇਆ ਹੈ ਕਿ ਇਹ ਸੰਧੀ ਦਿਲੀ ਦੇ ਮੁਗ਼ਲ ਬਾਦਸ਼ਾਹ ਅਹਿਮਦਸ਼ਾਹ ਦੀ ਮਨਜ਼ੂਰੀ ਨਾਲ ਹੋਈ ਸੀ। ਇਸ ਸੰਧੀ ਦੇ ਸਿਟੇ ਵਜੋਂ ਪੰਜਾਬ ਵਿਚ ਪਹਿਲੀ ਵਾਰ ਅਫ਼ਗਾਨਾਂ ਦੀ ਪ੍ਰਮੁਖਤਾ ਸਵੀਕਾਰ ਕੀਤੀ ਗਈ। ਹੁਣ ਸਪੱਸ਼ਟ ਹੋ ਗਿਆ ਕਿ ਪੰਜਾਬ ਉਤੇ ਅਧਿਕਾਰ ਜਮਾਉਣ ਲਈ ਸਿਖਾਂ ਨੂੰ ਆਉਣ ਵਾਲੇ ਸਮੇਂ ਵਿਚ ਅਫ਼ਗਾਨਾਂ ਨਾਲ ਲੋਹਾ ਲੈਣਾ ਪਵੇਗਾ। ਅਜਿਹੇ ਸਮੇਂ ਵਿਚ ਸਿਖ ਸਰਦਾਰਾਂ ਜਿਨ੍ਹਾਂ ਵਿਚ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਵੀ ਸ਼ਾਮਲ ਸੀ, ਦੀਵਾਨ ਕੌੜਾ ਮੱਲ ਦੀ ਸਹਾਇਤਾ ਕਰਨ ਦਾ ਫ਼ੈਸਲਾ ਕੀਤਾ।

### ਸਰਦਾਰ ਜੱਸਾ ਸਿੰਘ ਆਹਲੂਵਾਲੀਆ ਵਲੋਂ ਦੀਵਾਨ ਕੌੜਾ ਮੱਲ ਦੀ ਸਹਾਇਤਾ

ਦੁਰਾਨੀ ਨਾਲ ਛੇਤੀ ਹੀ ਸੁਲਾਹ ਸੰਧੀ ਪਿਛੋਂ ਮੀਰ ਮੰਨੂੰ ਨੇ ਦੀਵਾਨ ਕੋੜਾ ਮੱਲ ਨੂੰ ਮੁਲਤਾਨ ਵਿਖੇ ਸ਼ਾਹ ਨਿਵਾਜ਼ ਖ਼ਾਂ ਵਿਰੁਧ ਭੇਜਿਆ। ਇਸ ਸਮੇਂ ਸ਼ਾਹਨਿਵਾਜ਼ ਖ਼ਾਂ ਦੀ ਪੋਜ਼ੀਸ਼ਨ ਬੜੀ ਮਜ਼ਬੂਤ ਸੀ। ਇਸ ਦੇ ਕਈ ਕਾਰਣ ਸਨ। ਇਕ ਤਾਂ ਉਹ ਦਿੱਲੀ ਦੀ ਹਕੂਮਤ ਦੀ ਸਹਾਇਤਾ ਨਾਲ ਮੁਲਤਾਨ ਆਇਆ ਸੀ ਅਤੇ ਦੂਜੇ ਉਹ ਇਥੇ ਆਪ ਹਾਕਮ ਰਹਿ ਚੁਕਿਆ ਸੀ। ਉਧਰੋਂ ਦੀਵਾਨ ਕੌੜਾ ਮੱਲ ਪਾਸ ਇੰਨੀ ਜ਼ਿਆਦਾ ਫ਼ੌਜ ਨਹੀਂ ਸੀ ਕਿ ਮੁਲਤਾਨ ਉਪਰ ਕਬਜ਼ਾ ਕਰ ਸਕਦਾ। ਇਸ ਦੇ ਉਲਟ, ਦਖਣ ਲਹਿੰਦੇ ਦੇ ਬਲੋਚ, ਬਹਾਵਲਪੁਰੀਏ, ਮਨਕੇਰੀਏ ਅਤੇ ਸਿਆਲ ਆਪਣੀਆਂ ਵਹੀਰਾਂ ਲੈ ਕੇ ਸ਼ਾਹਨਿਵਾਜ਼ ਖ਼ਾਨ ਦੀ ਮਦਦ ਤੇ ਆ ਪੁਜੇ ਸਨ।

ਅਜਿਹੀ ਜੋਖਮ-ਭਰੀ ਅਵਸਥਾ ਵਿਚ ਦੀਵਾਨ ਕੌੜਾ ਮੱਲ ਨੇ ਮੀਰ ਮੰਨੂੰ ਨਾਲ ਸਲਾਹ ਕਰਕੇ ਸ. ਜੱਸਾ ਸਿੰਘ ਆਹਲੂਵਾਲੀਆ ਦੀ ਸਹਾਇਤਾ ਮੰਗਣੀ ਮੁਨਾਸਬ ਸਮਝੀ। ਸਰਦਾਰ ਸਾਹਿਬ ਦੀਵਾਨ ਕੌੜਾ ਮੱਲ ਨਾਲ ਬਹੁਤ ਪਿਆਰ ਕਰਦੇ ਸਨ। ਕਿਉਂਕਿ ਮੁਗ਼ਲ ਸਰਕਾਰ ਦਾ ਖ਼ਾਦਮ ਹੋਣ ਦੇ ਬਾਵਜੂਦ ਵੀ ਉਸ ਵਿਚ ਸਿਖਾਂ ਅਤੇ ਸਿਖੀ ਲਈ ਬਹੁਤ ਸਤਿਕਾਰ ਸੀ। ਇਸ ਲਈ ਜਦ ਕੌੜਾ ਮੱਲ ਦੇ ਮੁਹਤਬਰ ਅੰਮ੍ਰਿਤਸਰ ਪੁਜੇ ਤਾਂ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਉਨ੍ਹਾਂ ਦੀ ਬੇਨਤੀ ਪਰਵਾਨ ਕਰ ਲਈ ਅਤੇ ਦਸ ਹਜ਼ਾਰ ਸਿੰਘਾਂ ਨੇ ਸਰਦਾਰ ਆਹਲੂਵਾਲੀਆ ਦੀ ਅਗਵਾਈ ਹੇਠ ਤਿਆਰੇ ਕਸ ਦਿੱਤੇ। ਅੱਠ ਆਨੇ ਰੋਜ਼ ਪਿਆਦਾ, ਇਕ ਰੁਪਈਆ ਘੋੜ ਸਵਾਰ ਅਤੇ ਪੰਜ ਰੁਪਏ ਰੋਜ਼ ਸਰਦਾਰ ਦੇ ਹਿਸਾਬ ਖ਼ਰਚ-ਪੱਠੇ ਲਈ ਨੀਅਤ ਹੋਏ ਅਤੇ ਦੀਵਾਨ ਕੌੜਾ ਮੱਲ ਨੇ ਦੋ ਮਹੀਨੇ ਦਾ ਖ਼ਰਚ ਪੇਸ਼ਗੀ ਦੇ ਦਿੱਤਾ। ਨਾਲ ਹੀ ਉਸ ਸਮੇਂ ਦੇ ਰਵਾਜ ਅਨੁਸਾਰ ਫ਼ੈਸਲਾ ਹੋਇਆ ਕਿ ਮੁਹਿੰਮ ਵਿਚ ਜੋ ਲੁਟ ਜਿਸ ਦੇ ਹੱਥ ਵਿਚ ਆਵੇਗੀ ਉਸ ਦੀ ਹੋਵੇਗੀ। ਸਰਦਾਰ ਜੱਸਾ ਸਿੰਘ ਇਛੋਗਲੀਆ (ਰਾਮਗੜ੍ਹੀਏ) ਨੂੰ ਜੋ ਉਸ ਵੇਲੇ ਬੀਮਾਰ ਸੀ, ਰਾਮ ਰਾਉਣੀ ਦੀ ਰਾਖੀ ਲਈ ਛਡ ਕੇ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਨੇ ਖ਼ਾਲਸਾ ਦਲ ਨਾਲ ਮੁਲਤਾਨ ਨੂੰ ਚਾਲੇ ਪਾਏ ਅਤੇ ਰਵਾਂ ਰਵੀਂ ਚਿਨਿਓਟ ਜਾ ਪੁੱਜਾ। ਕੌੜਾ ਮੱਲ ਖ਼ਾਲਸਾ ਦਲ ਨੂੰ ਲੈਣ ਲਈ ਅੱਗੇ ਆ ਮਿਲਿਆ ਅਤੇ ਨਕਦੀ ਤੇ ਮੇਜ਼ਬਾਨੀ ਦੀਆਂ ਚੀਜ਼ਾਂ ਨਜ਼ਰ ਕੀਤੀਆਂ। ਅਗੇ ਇਕ ਪੜਾਉ ਹੋਰ ਕਰਕੇ ਉਚੇ ਨਗਰ ਵਿਖੇ ਡੇਰਾ ਕੀਤਾ। ਇਥੋਂ ਦੇ ਅਰੋੜਿਆਂ ਅਤੇ ਖਤਰੀਆਂ ਪਾਸੋਂ ਕੌੜਾ ਮੱਲ ਨੇ ਇਕ ਲਖ ਰੁਪਈਆ ਲਿਆ। ਦੀਵਾਨ ਕੌੜਾ ਮੱਲ ਇਸ ਸਫ਼ਰ ਵਿਚ ਹਰ ਰੋਜ਼ ਕੜਾਹ ਪ੍ਰਸ਼ਾਦ ਦੇ ਬਾਟੇ ਲੈ ਕੇ ਖ਼ਾਲਸੇ ਦੇ ਦੀਵਾਨ ਵਿਚ ਹਾਜ਼ਰ ਹੁੰਦਾ ਸੀ। ਹੁੱਕਾ ਮੁਆਫ਼ ਕਰਾਉਣ ਲਈ ਨਿਹੰਗ ਸਿੰਘਾਂ ਨੇ ਕੌੜਾ ਮੱਲ ਨੂੰ ਪੰਜ ਰੁਪਏ ਰੋਜ਼ ਤਨਖ਼ਾਹ ਲਗਾ ਦਿੱਤੀ। ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੇ ਕਹਿਣ ਤੇ ਦੀਵਾਨ ਨੇ ਨਨਕਾਣਾ ਸਾਹਿਬ ਦਾ ਬਾਲ ਲੀਲ੍ਹਾ ਗੁਰਦੁਆਰਾ ਬਣਾਉਣ ਪਰਵਾਨ ਕਰ ਲਿਆ। ਕੌੜਾ ਮੱਲ ਨਿਹੰਗ ਸਿੰਘ ਨੂੰ ਹਰ ਰੋਜ਼ ਮਿੱਠੀਆਂ ਸ਼ਰਦਾਈਆਂ ਦੇ ਖ਼ੂਬ ਗਹਿਰੇ ਗੱਫ਼ੇ ਛਕਾਉਂਦਾ ਅਤੇ ਸਿੰਘ ਪ੍ਰਸੰਨ ਹੋ ਕੇ 'ਮਿੱਠਾ ਮੱਲ' ਦੇ ਨਾਮ ਨਾਲ ਬੁਲਾਉਂਦੇ।

ਮੁਲਤਾਨੋਂ ਉਰੇ ਹੀ ਕੁਝ ਫ਼ਾਸਲੇ ਤੇ ਸ਼ਾਹਨਿਵਾਜ਼ ਨੇ ਆ ਰਾਹ ਰੋਕਿਆ ਅਤੇ ਦੌਰਾਣਾ ਲਗਾਣਾ ਪਿੰਡਾਂ ਪਾਸ ਲੜਾਈ ਸ਼ੁਰੂ ਹੋ ਗਈ। ਇਸ ਵੇਲੇ ਜਦ ਲੜਾਈ ਹੋ ਰਹੀ ਸੀ ਅਤੇ ਅਦੀਨਾ ਬੇਗ਼ ਦੇ ਸਿਪਾਹੀ ਦੁਸ਼ਮਣ ਨਾਲ ਰਲਦੇ ਨਜ਼ਰ ਆਉਂਦੇ ਸਨ ਤਾਂ ਇਕ ਪਾਸਿਉਂ ਜੱਸਾ ਸਿੰਘ ਆਹਲੂਵਾਲੀਆ ਅਤੇ ਦੂਜੇ ਪਾਸਿਉਂ ਸ: ਸੁੱਖਾ ਸਿੰਘ ਮਾੜੀ-ਕੰਬੋ ਨੇ ਜ਼ੋਰ ਦਾ ਹੱਲਾ ਬੋਲ ਦਿੱਤਾ। ਹੁਣ ਸ਼ਾਹ ਨਿਵਾਜ਼ ਖ਼ਾਂ ਆਪਣੀ ਥਿੜਕ ਰਹੀ ਫ਼ੌਜ ਨੂੰ ਹੌਸਲਾ ਦੇਣ ਲਈ ਝੁੰਜਲਾ ਕੇ ਅਗੇ ਵਧਿਆ ਅਤੇ ਸਿਧਾ ਕੌੜਾ ਮੱਲ ਵੱਲ ਆਇਆ। ਇਸ ਵੇਲੇ ਖ਼ੁਆਜਾ ਸ਼ਾਹ ਬੜੀ ਫੁਰਤੀ ਨਾਲ ਦੀਵਾਨ ਕੌੜਾ ਮੱਲ ਨੂੰ ਕਤਲ ਕਰਨ ਲਈ ਅਗੇ ਵਧਿਆ। ਐਨ ਇਸ ਮੌਕੇ ਤੇ ਖ਼ਾਲਸੇ ਨੇ ਉਸ ਨੂੰ ਬੰਦੂਕ ਦਾ ਨਿਸ਼ਾਨ ਬਣਾ ਦਿੱਤਾ। ਇਸ ਭਗਦੜ ਵਿਚ ਭੀਮ ਸਿੰਘ ਨਾਮਕ ਇਕ ਸਿੰਘ ਨੇ ਸ਼ਾਹ ਨਿਵਾਜ਼ ਖ਼ਾਂ ਦਾ ਸਿਰ ਜਾ ਕਟਿਆ। ਇਸ ਬਹਾਦਰੀ ਲਈ ਭੀਮ ਸਿੰਘ ਨੂੰ ਕੜਿਆਂ ਦੀ ਜੋੜੀ, ਸ਼ਸਤਰ, ਬਸਤਰ, ਸੰਜੋ ਅਤੇ ਇਕ ਚੰਗਾ ਘੋੜਾ ਇਨਾਮ ਵਜੋਂ ਦਿੱਤਾ ਗਿਆ।

ਸ਼ਾਹ ਨਿਵਾਜ਼ ਦੇ ਪ੍ਰਾਣ ਤਿਗਾਦਿਆਂ ਸਾਰ, ਉਸ ਦੇ ਹਮਾਇਤੀ ਭਜ ਨਿਕਲੇ। ਸ਼ਾਹ ਨਿਵਾਜ਼ ਖ਼ਾਂ ਦਾ ਸਭ ਤੋਂ ਵੱਡਾ ਹਮਾਇਤੀ ਜਾਹਦ ਖ਼ਾਂ ਹਾਰ ਦੀ ਖ਼ਬਰ ਸੁਣਦੇ ਸਾਰ ਦਮ ਤੋੜ ਗਿਆ। ਸਿੰਘਾਂ ਨੇ ਭਜਦੇ ਹੋਏ ਦੁਸ਼ਮਣ ਦਾ ਪਿੱਛਾ ਕੀਤਾ ਅਤੇ ਉਨ੍ਹਾਂ ਦਾ ਬਹੁਤ ਸਾਰਾ ਮਾਲ-ਅਸਬਾਬ ਆਪਣੇ ਕਬਜ਼ੇ ਵਿਚ ਕਰ ਲਿਆ। ਮੀਰ ਮੰਨੂੰ ਨੇ ਕੌੜਾ ਮੱਲ ਨੂੰ ਮੁਲਤਾਨ ਦੀ

ਸੂਬੇਦਾਰੀ ਦੇ ਕੇ ਅਤੇ 'ਮਹਾਰਾਜਾ ਬਹਾਦਰ, ਦੀ ਉਪਾਧੀ ਦੇ ਕੇ ਸਤਿਕਾਰਿਆ। ਦੀਵਾਨ ਕੌੜਾ ਮਲ ਨੇ ਜਾਹਦ ਖ਼ਾਂ ਦੇ ਪੁੱਤਰ ਸ਼ਾਕਿਰ ਖ਼ਾਂ ਨੂੰ ਜੋ ਪਹਿਲਾਂ ਤੋਂ ਹੀ ਆਪਣੇ ਪਿਤਾ ਨਾਲ ਨਾਚਾਕੀ ਦੇ ਕਾਰਣ ਉਸ ਪਾਸ ਲਾਹੌਰ ਰਿਹਾ ਕਰਦਾ ਸੀ, ਨੂੰ ਆਪਣਾ ਨਾਇਬ ਮੁਕੱਰਰ ਕਰ ਲਿਆ।

ਵਾਹਿਦੇ ਅਨੁਸਾਰ ਦੀਵਾਨ ਕੌੜਾ ਮੱਲ ਨੇ ਗੁਰਦੁਆਰਾ ਬਾਲ ਲੀਲ੍ਹਾ ਦਾ ਗੁਰਦੁਆਰਾ ਅਤੇ ਉਸ ਦੇ ਨਾਲ ਇਕ ਵੱਡਾ ਸਰੋਵਰ ਬਣਾਇਆ[1]। ਉਪਰੰਤ ਗਿਆ੍ਰਾਂ ਹਜ਼ਾਰ ਰੁਪਏ ਜੱਸਾ ਸਿੰਘ ਨੂੰ ਦਿਤੇ ਤਾਂ ਜੋ ਅੰਮ੍ਰਿਤਸਰ ਸ੍ਰੀ ਦਰਬਾਰ ਸਾਹਿਬ ਅਤੇ ਸਰੋਵਰ ਦੀ ਸੇਵਾ ਕੀਤੀ ਜਾ ਸਕੇ। ਕਿਉਂ- ਜੋ ਯਹੀਆ ਖ਼ਾਂ ਦੇ ਜ਼ਮਾਨੇ ਵਿਚ ਲਖਪਤ ਰਾਏ ਨੇ ਸਰੋਵਰ ਨੂੰ ਮਿੱਟੀ ਨਾਲ ਭਰਵਾ ਦਿੱਤਾ ਸੀ, ਇਸ ਲਈ ਇਸ ਰੁਪਏ ਨਾਲ ਮਿੱਟੀ ਕਢਵਾ ਕੇ ਸਾਫ਼ ਕਰਵਾਇਆ ਅਤੇ ਖੂਹਾਂ ਦਾ ਜਲ ਇਸ ਵਿਚ ਪਾਇਆ ਚੂੰਕਿ ਦੀਵਾਲੀ ਸਿਰ ਤੇ ਆ ਰਹੀ ਸੀ। ਇਸ ਕੰਮ ਵਿਚ ਸਿਖਾਂ ਨੇ ਵੀ ਵਧ ਚੜ੍ਹ ਕੇ ਹਿੱਸਾ ਪਾਇਆ ਅਤੇ 1749 ਈ ਨੂੰ ਦੀਪਮਾਲਾ ਦਾ ਮੇਲਾ ਬੜੀ ਸੱਜ-ਧਜ ਨਾਲ ਆਯੋਜਿਤ ਕੀਤਾ ਗਿਆ।[1]

ਡਾਕਟਰ ਗੰਡਾ ਸਿੰਘ ਅਨੁਸਾਰ 'ਇਸ ਵੇਲੇ ਸਿਖਾਂ ਉਤੇ ਜ਼ਰਾ ਮੱਠੀ ਪਈ ਅਤੇ ਉਨ੍ਹਾਂ ਨੂੰ ਕਈ ਚਿਰ ਪਿਛੋਂ ਜ਼ਰਾ ਕੁ ਮੁਖ ਸ਼ਾਂਤੀ ਮਿਲੀ। ਸਿਖ ਵਧਣ ਫੁਲਣ ਲਗੇ। ਕੋਈ ਅਜਿਹ ਪਿੰਡ ਹੋਵੇਗਾ ਜਿਥੇ ਦੋ ਚਾਰ ਸਿੰਘ ਨਾ ਮਿਲਦੇ ਹੋਣ। ਇਸ ਦੌਰਾਨ ਬਹੁਤ ਸਾਰੇ ਸਿੰਘਾਂ ਨੇ ਅੰਮ੍ਰਿਤ ਪਾਨ ਕੀਤਾ।[2]

## ਕਾਂਡ ਪਜਵਾਂ

# ਸਤਵੀਂ ਕਤਲਾਮ

ਮੀਰ ਮੰਨੂੰ ਨੇ ਨਵੰਬਰ 1748 ਦੀ ਸੰਧੀ ਤੇ ਉੱਕਾ ਹੀ ਅਮਲ ਨਾ ਕੀਤਾ । ਉਸ ਸੰਧੀ ਦੀ ਸ਼ਰਤ ਸੀ ਕਿ ਉਹ ਹਰ ਸਾਲ ਚਾਰ ਮਹਾਲ ਦਾ ਮਾਲੀਆ ਅਹਿਮਦਸ਼ਾਹ ਨੂੰ ਪਹੁੰਚਾਇਆ ਕਰੇਗਾ, ਪਰ ਉਸ ਨੇ ਤਿੰਨ ਸਾਲ ਤਕ ਉਸ ਨੂੰ ਕੁਝ ਵੀ ਨਾ ਭੇਜਿਆ। ਉਧਰੋਂ ਅਹਿਮਦਸ਼ਾਹ ਦੁਰਾਨੀ ਦਾ ਅਸਲੀ ਮੰਤਵ ਪੰਜਾਬ ਨੂੰ ਆਪਣੀ ਸਲਤਨਤ ਦਾ ਹਿੱਸਾ ਬਣਾਉਣਾ ਸੀ। ਉਸ ਨੇ ਮੀਰ ਮੰਨੂੰ ਦੇ ਇਸ ਕਾਰਜ ਨੂੰ ਚਨੌਤੀ ਸਮਝਿਆ ਅਤੇ ਪੰਜਾਬ ਉਤੇ ਤੀਜੀ ਵਾਰੀ ਜਨਵਰੀ ਸੰਨ 1752 ਈ. ਵਿਚ ਹਮਲਾ ਕਰ ਦਿੱਤਾ। ਮੀਰ ਮੰਨੂੰ ਨੇ ਮਹਿਮੂਦ ਬੂਟੀ ਦੇ ਸਥਾਨ ਤੇ ਅਹਿਮਦਸ਼ਾਹ ਦਾ ਭਰਪੂਰ ਟਾਕਰਾ ਕੀਤਾ, ਪਰੰਤੂਅਖ਼ੀਰ ਦੀਵਾਨ ਕੌੜਾ ਮੱਲ ਦੀ ਮ੍ਰਿਤੂਤੋਂ ਬਾਅਦ ਹਥਿਆਰ ਸੁਟ ਦਿੱਤੇ। ਸੁਲਾਹਨਾਮੇ ਅਨੁਸਾਰ ਲਾਹੌਰ ਅਤੇ ਮੁਲਤਾਨ ਦੇ ਸੂਬੇ ਅਹਿਮਦਸ਼ਾਹ ਦੁਰਾਨੀ ਦੇ ਰਾਜ ਦਾ ਭਾਗ ਪਰਵਾਨ ਕਰ ਲਏ ਗਏ ਅਤੇ ਮੀਰ ਮੰਨੂੰ ਨੇ ਸ਼ਾਹ ਵਲੋਂ ਇਥੋਂ ਦਾ ਹੁਕਮਰਾਨ ਬਣਨਾ ਸਵੀਕਾਰ ਕਰ ਲਿਆ।

ਸਿਧਾਂਤਕ ਤੌਰ ਤੇ ਹੁਣ ਪੰਜਾਬ ਉਤੇ ਦੁਰਾਨੀਆਂ ਦੀ ਹਕੂਮਤ ਸ਼ੁਰੂਹੋਈ। ਪਰੰਤੂਮੀਰ ਮੰਨੂੰ ਦੇ ਮਨ ਵਿਚ ਸੁਤੰਤਰ ਰਾਜ ਸਥਾਪਿਤ ਕਰਨ ਦੀ ਇੱਛਾ ਸੀ। ਇਸ ਕੰਮ ਵਿਚ ਕਈ ਕਟੜ ਮੁਸਲਮਾਨ ਤੇ ਪੁਰਾਤਨਵਾਦੀ ਹਿੰਦੂਵੀ ਉਸ ਦਾ ਸਾਥ ਦੇਣ ਲਈ ਤਿਆਰ ਸਨ।ਆਪਣੇ ਮੰਤਵ ਦੀ ਪ੍ਰਾਪਤੀ ਦੇ ਰਾਹ ਵਿਚ ਉਸ ਨੂੰ ਇਕੋ ਇਕ ਰੋੜਾ ਸਿਖ ਜਾਪਦੇ ਸਨ।ਸੋ ਉਸ ਨੇ

ਇਨ੍ਹਾਂ ਨੂੰ ਸੋਧਣ ਦਾ ਫ਼ੈਸਲਾ ਕੀਤਾ। ਉਸ ਨੇ ਉਨ੍ਹਾਂ ਨੂੰ ਦਿੱਤੀ ਹੋਈ ਜਗੀਰ ਜ਼ਬਤ ਕਰ ਲਈ। 1748 ਦੀਆਂ ਗਰਮੀਆਂ ਵਾਲੇ ਹੁਕਮ ਫੇਰ ਜਾਰੀ ਕਰ ਦਿੱਤੇ, ਜਿਨ੍ਹਾਂ ਅਨੁਸਾਰ ਸਿਖ ਜਿਥੇ ਵੀ ਮਿਲਣ, ਉਨ੍ਹਾਂ ਨੂੰ ਪਕੜ ਕੇ ਲਾਹੌਰ ਭੇਜਣ ਦੀ ਤਾਕੀਦ ਕੀਤੀ ਗਈ ਸੀ। ਪਿੰਡਾਂ ਦੇ ਚੌਧਰੀਆਂ ਅਤੇ ਪਹਾੜੀ ਰਾਜਿਆਂ ਦੇ ਨਾਮ ਇਸ ਪ੍ਰਕਾਰ ਦੇ ਬੜੇ ਸਖ਼ਤ ਤਾਕੀਦੀ ਪਰਵਾਨੇ ਭੇਜੇ ਗਏ ਅਤੇ ਸਿਖਾਂ ਦੇ ਕਤਲਾਮ ਲਈ ਗਸਤੀ ਫ਼ੌਜ ਦੇ ਦਸਤੇ ਹਰ ਪਾਸੇ ਨੂੰ ਫਿਰਨ ਲਗੇ।

ਇਹ ਸਿੰਘਾਂ ਦੀ ਸਤਵੀਂ ਕਤਲਾਮ ਸੀ। ਪਹਿਲੀ ਬਾਦਸ਼ਾਹ ਬਹਾਦਰ ਸ਼ਾਹ ਦੇ ਵੇਲੇ ਸੰਨ 171● ਤੋਂ 1712 ਤਕ, ਦੂਸਰੀ ਫ਼ਰਖ਼ਸੀਅਰ ਖ਼ਾਂ ਨਵਾਬ ਅਬਦੁ ਸਮਦ ਖ਼ਾਨ ਦੇ ਸਮੇਂ 1715-19 ਤਕ, ਤੀਜੀ ਨਵਾਬ ਜ਼ਕਰੀਆ ਖ਼ਾਂ ਬਹਾਦਰ ਦੇ ਵੇਲੇ 1728-35 ਤਕ, ਚੌਥੀ ਵੀ ਜ਼ਕਰੀਆਂ ਖ਼ਾਂ ਦੇ ਹੀ ਸਮੇਂ ਸੰਨ 1739 ਤੋਂ 1745 ਈ: ਤਕ, ਪੰਜਵੀਂ ਯਹੀਆ ਖ਼ਾਂ ਦੇ ਸਮੇਂ ਸੰਨ 1745 ਈ. ਤੋਂ 1746 ਈ. ਤਕ, ਛੇਵੀਂ ਪਹਿਲੀ ਵਾਰੀ ਮੰਨੂੰ ਦੇ ਵੇਲੇ 1748 ਵਿਚ ਅਤੇ ਸਤਵੀਂ ਦੂਜੀ ਵਾਰੀ ਫੇਰ ਮੀਰ ਮੰਨੂੰ ਵਲੋਂ ਹੀ ਮਾਰਚ, 1752 ਤੋਂ ਨਵੰਬਰ, 1753 ਈ. ਤਕ।

ਇਹ ਸਤਵੀਂ ਕਤਲਾਮ ਬੜੀ ਭਿਆਨਕ ਸੀ। ਪਹਿਲੀਆਂ ਕਤਲਾਮਾਂ ਵਿਚ ਤਾਂ ਉਹੋ ਰਾਠ ਸਿੰਘ ਹੀ ਫੜੇ ਅਤੇ ਕਤਲ ਕੀਤੇ ਜਾਂਦੇ ਸਨ ਜੋ ਸਿਧੇ ਸਰਕਾਰ ਨਾਲ ਟੱਕਰ ਲੈਂਦੇ ਸਨ ਅਤੇ ਆਪਣੇ ਨਿਸ਼ਚੇ ਅਨੁਸਾਰ ਮੁਗ਼ਲ ਰਾਜ ਦੀ ਬਜਾਏ ਖ਼ਾਲਸਾ ਰਾਜ ਬਣਾਉਣ ਲਈ ਯਤਨਸ਼ੀਲ ਸਨ। ਪਿਛੋਂ ਯਹੀਆ ਖ਼ਾਂ ਦੇ ਸਮੇਂ ਉਹ ਗੁਰਮੁਖ ਸਿੰਘ ਵੀ ਫੜੇ ਜਾਣ ਲਗੇ ਜੋ ਬੇਲਿਆਂ ਅਤੇ ਪਹਾੜਾਂ ਦੀਆਂ ਕੁੰਦਰਾਂ ਵਿਚ ਛੁਪੇ ਸਿਖਾਂ ਨੂੰ ਭੋਜਨ ਪਹੁੰਚਾਉਂਦੇ ਸਨ। ਹੁਣ ਮੰਨੂੰ ਦੇ ਹੁਕਮ ਨਾਲ ਕੀਤੀ ਜਾ ਰਹੀ ਕਤਲਾਮ ਵਿਚ ਰਾਠ, ਚਕਰੋਲ, ਬੁਢੇ ਅਤੇ ਬੱਚੇ ਤਾਂ ਇਕ ਪਾਸੇ ਰਹੇ, ਬੇਦੋਸ਼ੀਆਂ ਇਸਤਰੀਆਂ ਅਤੇ ਦੁੱਧ ਚੁੰਘਦੇ ਬੱਚੇ ਵੀ ਨਾ ਬੱਚ ਸਕੇ, ਜਿਨ੍ਹਾਂ ਦਾ ਜ਼ਿਕਰ ਅਜ ਤਕ ਪੰਥ ਦੀ ਅਰਦਾਸ ਦਾ ਅਟੁੱਟਵਾਂ ਹਿੱਸਾ ਬਣਿਆ ਹੋਇਆ ਚਲਿਆ ਆ ਰਿਹਾ ਹੈ ਅਤੇ ਜਿਨ੍ਹਾਂ ਦੀ ਜੀਉਂਦੀ ਜਾਗਦੀ ਯਾਦਗਾਰ ਲਾਹੌਰ ਵਿਚ ਭਾਈ ਤਾਰੂਸਿੰਘ ਦੇ ਸ਼ਹੀਦ ਗੰਜ ਦੇ ਨਾਲ ਹੀ ਸ਼ਹੀਦ ਗੰਗ ਸਿੰਘਣੀਆਂ ਦੇ ਭੋਰੇ ਅਜ ਤਕ ਮੌਜੂਦ ਹਨ।

ਮੁਫ਼ਤੀ ਅਲੀ-ਉ-ਦੀਨ ਆਪਣੀ ਪੁਸਤਕ 'ਇਬਰਤਨਾਮਾ' ਵਿਚ ਲਿਖਦਾ ਹੈ ਕਿ ਨਵਾਬ ਮੁਈਨੁਲ-ਮਲਕ (ਮੀਰ ਮੰਨੂੰ) ਨੇ ਇਸ ਫ਼ਿਰਕੇ ਨੂੰ ਜੜ੍ਹੋਂ ਪੁਟਣ ਲਈ ਬੜੇ ਯਤਨ ਕੀਤੇ, ਸੈਂਕੜੇ ਹੀ ਸਿਖ ਕਤਲ ਕੀਤੇ ਅਤੇ ਉਨ੍ਹਾਂ ਦੀਆਂ ਖੋਪਰੀਆਂ ਨਾਲ ਖੂਹ ਭਰ ਦਿੱਤੇ। ਸਿੰਘਾਂ ਵਿਚ ਇਹ ਮਸ਼ਹੂਰ ਹੋ ਗਿਆ ਸੀ ਕਿ:

"ਮੀਰ ਮੰਨੂੰ ਅਸਾਡੀ ਦਾਤਰੀ ਅਸੀਂ ਮੰਨੂੰ ਦੇ ਸੋਏ।
ਜਿਉਂ ਜਿਉਂ ਸਾਨੂੰ ਵਢਦਾ ਅਸੀਂ ਦੂਣ ਸਵਾਏ ਹੋਏ।"

ਇਹ ਸੀ ਚੜ੍ਹਦੀ ਕਲਾ ਦਾ ਅਮੁਕ ਤੇ ਅਮਿੱਟ ਜਜ਼ਬਾ ਜਿਸ ਵਿਚ ਮੰਨੂੰ ਵਲੋਂ ਕੀਤੀ ਜਾ ਰਹੀ ਕਤਲਾਮ ਦੇ ਵੇਲੇ ਸਿੰਘ ਵਿਚਰ ਰਹੇ ਸਨ। ਉਹ ਪੜ੍ਹਦੇ ਸਨ ਗੁਰੂ ਦੇ ਇਹ ਵਾਕ:

ਜੇ ਸੁਖੁ ਦੇਹਿ ਤ ਤੁਝਹਿ ਅਰਾਧੀ ਦੁਖਿ ਭੀ ਤੁਝੈ ਧਿਆਈ।
ਜੇ ਭੁਖ ਦੇਹਿ ਤ ਇਤ ਹੀ ਰਾਜਾ ਦੁਖ ਵਿਚਿ ਸੂਖ ਮਨਾਈ।

ਤਨੁ ਮਨੁ ਕਾਟਿ ਕਾਟਿ ਸਭੁ ਅਰਪੀ ਵਿਚਿ ਅਗਨੀ ਆਪੁ ਜਲਾਈ।

ਪਖਾ ਫੇਰੀ ਪਾਣੀ ਢੋਵਾ ਜੋ ਦੇਵਹਿ ਸੋ ਖਾਈ।

ਨਾਨਕੁ ਗਰੀਬੁ ਢਹਿ ਪਇਆ, ਦੁਆਰੈ, ਹਰੁ ਮੇਲਿ ਲੈਹੁ ਵਡਿਆਏ।।

(ਸੂਹੀ ਅਸਟਪਦੀਆਂ ਮ: 5)

ਆਪਣੀ ਵਿਚਾਰਧਾਰਾ ਦੀ ਸਚਿਆਈ ਵਿਚ ਅਟਲ ਵਿਸ਼ਵਾਸ ਰਖਣ ਵਾਲੇ ਘਬਰਾਏ ਨਹੀਂ ਪੂਰੇ ਜੋਸ਼ ਤੇ ਵਿਸ਼ਵਾਸ ਨਾਲ ਅਗੇ ਵਧਦੇ ਹੀ ਗਏ।

ਉਂਜ ਤਾਂ ਖ਼ਾਲਸੇ ਦੀ ਚੜ੍ਹਦੀ ਕਲਾ ਦਾ ਕਾਰਣ ਗੁਰੂਸਾਹਿਬਾਨ ਦੇ ਉਪਦੇਸ਼ ਸਨ ਤੇ ਉਨ੍ਹਾਂ ਦੁਆਰਾ ਦਿੱਤੀ ਗਈ ਜਨ ਕਲਿਆਣ ਕਰਨ ਵਾਲੀ ਵਿਚਾਰਧਾਰਾ, ਪਰ ਇਸ ਮਾਨਸਿਕ ਅਵਸਥਾ ਨੂੰ ਕਾਇਮ ਰਖਣ ਵਿਚ ਜੱਸਾ ਸਿੰਘ ਆਹਲੂਵਾਲੀਆ ਦੀ ਵੀ ਵਿਸ਼ੇਸ਼ ਹਿੱਸਾ ਸੀ। ਜੁਲਾਈ-ਅਗੱਸਤ ਸੰਨ 1752 ਦੀ ਬਰਸਾਤ ਤੋਂ ਪਿਛੋਂ ਜਦੋਂ ਮੀਰ ਮੰਨੂੰ ਦਾ ਇਕ ਕਾਰਦਾਰ ਚੜ੍ਹਦੇ ਪਹਾੜਾ ਦੀਆਂ ਰਿਆਸਤਾਂ ਦਾ ਮਾਮਲਾ ਉਗਰਾਹੁਣ ਗਿਆ ਤਾਂ ਉਸ ਨੇ ਪਹਾੜੀ ਰਾਜਿਆਂ ਨੂੰ ਬਹੁਤ ਤੰਗ ਕੀਤਾ। ਸਰਦਾਰ ਜੱਸਾ ਸਿੰਘ ਉਸ ਵੇਲੇ ਆਪਣੇ ਸਾਥੀਆਂ ਸਮੇਤ ਅਨੰਦਪੁਰ ਟਿਕਿਆ ਹੋਇਆ ਸੀ। ਇਥੇ ਰਾਜਾ ਕਟੋਚ ਹਰੀਪੁਰ ਤੇ ਮੰਡੀ ਦੇ ਵਕੀਲਾਂ ਨੇ ਆ ਕੇ ਬੇਨਤੀ ਕੀਤੀ ਕਿ ਉਹ ਉਨ੍ਹਾਂ ਦੀ ਸਹਾਇਤਾ ਕਰੇ। ਸ. ਜੱਸਾ ਸਿੰਘ ਨੇ ਝਟ ਕੂਚ ਬੋਲ ਦਿੱਤਾ ਅਤੇ ਸਿੰਘ ਰਵਾਂ ਰਵੀਂ ਨਦੌਣ ਉਸ ਥਾਂ ਜਾ ਪੁਜੇ ਜਿਥੇ ਕਲਗੀਧਰ ਪਾਤਸ਼ਾਹ ਦੀ ਯਾਦ ਵਿਚ ਬਣੇ ਗੁਰਦੁਵਾਰਾ ਸਾਹਿਬ ਦੇ ਨੇੜੇ ਕਾਰਦਾਰ ਉਤਰਿਆ ਹੋਇਆ ਸੀ। ਅਗੋਂ ਕਾਰਦਾਰ ਵੀ ਤਿਆਰ ਸੀ। ਪਹਿਲੇ ਦਿਨ ਦੀ ਲੜਾਈ ਵਿਚ ਕੋਈ ਫ਼ੈਸਲਾ ਨਾ ਹੋ ਸਕਿਆ, ਪਰ ਦੂਜੇ ਦਿਨ ਸਿੰਘਾਂ ਨੇ ਕਾਰ-ਦਾਰ ਨੂੰ ਗੋਲੀ ਦਾ ਨਿਸ਼ਾਨਾ ਬਣਾ ਦਿੱਤਾ। ਸਿੱਟੇ ਵਜੋਂ ਮੁਗ਼ਲ ਸੈਨਾਂ ਨੂੰ ਭਾਂਜ ਹੋਈ। ਖ਼ਾਲਸੇ ਦੀ ਜਿਤ ਹੋਈ।

ਜਦ ਲਾਹੌਰੀ ਕਾਰਦਾਰ ਦੀ ਮੌਤ ਦੀ ਖ਼ਬਰ ਮੀਰ ਮੰਨੂੰ ਨੂੰ ਪੁਜੀ ਤਾਂ ਉਹ ਬਹੁਤ ਤਿਲਮਿਲਾਇਆ। ਉਸ ਨੇ ਅਦੀਨਾ ਬੇਗ ਨੂੰ ਚਿੱਠੀ ਲਿਖੀ ਕਿ ਉਹ ਤੁਰੰਤ ਸਿੰਘਾਂ ਵਿਰੁਧ ਕਾਰਵਾਈ ਕਰੇ। ਕੰਢੀ ਦੇ ਇਲਾਕੇ ਵਿਚ ਸਿੰਘਾਂ ਦੀ ਤਾਕਤ ਦਾ ਵਧਣਾ ਅਦੀਨਾ ਬੇਗ ਲਈ ਵੀ ਖ਼ਤਰਨਾਕ ਸੀ, ਇਸ ਲਈ ਉਸ ਨੇ ਚੁਪ ਚੁਪਾਤੇ ਬੜੀ ਚਲਾਕੀ ਨਾਲ ਅਨੰਦਪੁਰ ਸਾਹਿਬ ਤੇ ਉਦੋਂ ਹਮਲਾ ਕੀਤਾ ਜਦੋਂ ਸਿਖ ਹੋਲੀ ਦਾ ਤਿਉਹਾਰ 18-19 ਫ਼ਰਵਰੀ, 1753 ਈ. ਨੂੰ ਮਨਾ ਰਹੇ ਸਨ। ਬਹੁਤ ਸਾਰੇ ਨਿਹੱਥੇ ਸਿਖ ਬਚੇ, ਬੁਢੇ ਅਤੇ ਇਸਤਰੀਆਂ ਸ਼ਹੀਦ ਹੋ ਗਈਆਂ। ਸ: ਜੱਸਾ ਸਿੰਘ ਆਹਲੂਵਾਲੀਆ ਤੇ ਚੜ੍ਹਤ ਸਿੰਘ ਸ਼ੁਕਰਚਕੀਆ ਨੂੰ ਜਦੋਂ ਪਤਾ ਲਗਾ, ਉਹ ਤੁਰੰਤ ਟਾਕਰੇ ਲਈ ਅੱਗੇ ਵਧੇ। ਪਰੰਤੂ ਇਸ ਵੇਲੇ ਤਕ ਵੈਰੀਆਂ ਨੇ ਮੇਲਾ ਤਿਤਰ ਬਿਤਰ ਕਰ ਛਡਿਆ ਸੀ ਅਤੇ ਬਹੁਤ ਸਾਰੇ ਸਿਖ ਇਧਰ ਉਧਰ ਖਿਲਰ ਗਏ ਸਨ ਅਤੇ ਮੁੜ ਉਨ੍ਹਾਂ ਨੂੰ ਲੜਾਈ ਲਈ ਤਿਆਰ ਕਰਨਾ ਕੋਈ ਸੌਖਾ ਕੰਮ ਨਹੀਂ ਸੀ। ਇਸ ਅਫ਼ਰਾਤਫ਼ਰੀ ਵਿਚ ਚੜ੍ਹਤ ਸਿੰਘ ਸ਼ੁਕਰਚਕੀਆ ਨੂੰ ਇਕ ਗੋਲੀ ਵੀ ਲਗੀ, ਪਰ ਉਹ ਛੇਤੀ ਹੀ ਰਾਜ਼ੀ ਹੋ ਗਿਆ।

ਭਾਵੇਂ ਜੱਸਾ ਸਿੰਘ ਆਹਲੂਵਾਲੀਆ ਅਤੇ ਉਸ ਦੇ ਸਾਥੀਆਂ ਨੂੰ ਅਦੀਨਾ ਬੇਗ ਵਿਰੁਧ ਕਾਮਯਾਬੀ ਪ੍ਰਾਪਤ ਨਹੀਂ

ਹੋਈ ਸੀ, ਪਰ ਫਿਰ ਵੀ ਉਨ੍ਹਾਂ ਦੀ ਦ੍ਰਿੜ੍ਹਤਾ, ਚੜ੍ਹਦੀ ਕਲਾ ਅਤੇ ਆਪਣੇ ਨਿਸ਼ਾਨਿਆਂ ਵੱਲ ਨਿਡਰਤਾ ਸਹਿਤ ਅੱਗੇ ਵਧਣ ਦੀ ਅਮੁਕ ਚਾਹਣਾ ਨੇ ਅਦੀਨਾ ਬੇਗ ਦੇ ਮਨ ਤੇ ਬੜਾ ਡੂੰਘਾ ਅਸਰ ਕੀਤਾ। ਉਸ ਨੇ ਅਦੀਨਾ ਬੇਗ ਨੂੰ ਸਰਦਾਰ ਜੱਸਾ ਸਿੰਘ ਵਲ ਇਹ ਕਹਿ ਕੇ ਭੇਜਿਆ ਕਿ ਜੋ ਕੁਝ ਹੋਣਾ ਸੀ, ਉਹ ਤਾਂ ਹੋ ਗਿਆ। ਹੁਣ ਸਾਨੂੰ ਸੁਲਾਹ ਕਰ ਲੈਣੀ ਚਾਹੀਦੀ ਹੈ। ਸ. ਜੱਸਾ ਸਿੰਘ ਨੇ ਇਹ ਗੱਲ ਪਰਵਾਨ ਕਰ ਲਈ। ਉਸ ਨੇ ਅਜਿਹਾ ਤਾਂ ਕੀਤਾ ਕਿਉਂਕਿ ਉਹ ਚਾਹੁੰਦਾ ਸੀ ਕਿ ਮੀਰ ਮੰਨੂੰ ਵਲੋਂ ਹੋ ਰਹੀ ਕਤਲਾਮ ਵੇਲੇ ਖ਼ਾਲਸਾ ਆਪਣੇ ਟਬਰਾਂ ਸਮੇਤ ਅਨੰਦਪੁਰ-ਕੀਰਤਪੁਰ ਦੀਆਂ ਪਹਾੜੀਆਂ ਵਿਚ ਰਹਿ ਕੇ ਦਿਨ ਕਟੀ ਕਰ ਸਕੇ। ਇਹ ਸਥਾਨਕ ਪੱਧਰ ਦਾ ਸਮਝੌਤਾ ਸੀ, ਜਿਸ ਦਾ ਮਨੋਰਥ ਸੀਮਤ ਸੀ। ਇਸ ਨਾਲ ਸਿਖ-ਸੰਘਰਸ਼ ਦੀ ਰੂਪ ਰੇਖਾ ਤੇ ਰਫ਼ਤਾਰ ਨਾਲ ਕੋਈ ਸਬੰਧ ਨਹੀਂ ਸੀ।

ਉਪਰੋਕਤ ਸੁਲਾਹ ਦਾ ਮੀਰ ਮੰਨੂੰ ਦੀ ਸਿਖਾਂ ਪ੍ਰਤੀ ਦਮਨਕਾਰੀ ਨੀਤੀ ਤੇ ਕੋਈ ਅਸਰ ਨਾ ਪਿਆ। ਜਦੋਂ ਬਹੁਤ ਸਾਰੇ ਸਿਖ ਮੀਰ ਮੰਨੂੰ ਦੀ ਮਾਰ ਤੋਂ ਬਾਹਰ ਚਲੇ ਗਏ ਤਾਂ ਉਸ ਦੀਆਂ ਗਸ਼ਤੀ ਫ਼ੌਜਾਂ ਦਾ ਗੁਸਾ ਹੋਰ ਵੀ ਵਧ ਗਿਆ। ਬਹੁਤ ਸਾਰੇ ਚੌਧਰੀਆਂ ਨੇ ਇਨਾਮਾਂ ਦੇ ਲਾਲਚ ਵਿਚ ਸਿਖਾਂ ਦੀਆਂ ਇਸਤਰੀਆਂ ਤੇ ਬੱਚੇ ਵੀ ਫੜ ਕੇ ਲਾਹੌਰ ਪਹੁੰਚਾ ਦਿੱਤੇ। ਇਨ੍ਹਾਂ ਵਿਚਾਰੀਆਂ ਨੂੰ ਘੋੜ ਮੰਡੀ ਵਿਚ ਬੰਦ ਕਰ ਦਿਤਾ ਗਿਆ ਅਤੇ ਇਕੱਲੀ-ਇਕੱਲੀ ਨੂੰ ਸਵਾ-ਸਵਾ ਮਣ ਦਾਣੇ ਰੋਜ਼ ਪੀਸਣ ਨੂੰ ਦਿੱਤੇ ਜਾਂਦੇ ਅਤੇ ਖਾਣ ਨੂੰ ਕੇਵਲ ਖੰਨੀ-ਖੰਨੀ ਰੋਟੀ ਦਿੱਤੀ ਜਾਂਦੀ। ਜ਼ਾਲਮ ਸਿਪਾਹੀ ਕਈ ਵਾਰੀ ਇਨ੍ਹਾਂ ਦੇ ਦੁੱਧ ਪੀਂਦੇ ਬਚਿਆਂ ਦੇ ਟੋਟੇ ਕਰ ਕੇ ਇਨ੍ਹਾਂ ਦੀਆਂ ਝੋਲੀਆਂ ਵਿਚ ਪਾ ਦਿੰਦੇ। ਪਰ ਧੰਨ ਸੀ ਉਨ੍ਹਾਂ ਸਿੰਘਣੀਆਂ ਦਾ ਜਿਗਰਾ, ਜਿਨ੍ਹਾਂ ਨੇ ਇਹ ਅਸਹਿ ਕਸ਼ਟ ਖਿੜੇ ਮੱਥੇ ਰਹੇ ਸਹੇ ਅਤੇ ਆਪਣੇ ਨਿਸ਼ਚੇ ਵਿਚ ਅਡੋਲ ਰਹੀਆਂ।

26 ਅਕਤੂਬਰ 1753 ਨੂੰ ਦੀਵਾਲੀ ਵਾਲੇ ਦਿਨ ਸਰਕਾਰ ਵਲੋਂ ਲਾਈਆਂ ਗਈਆਂ ਰੋਕਾਂ ਦੀ ਪਰਵਾਹ ਨਾ ਕਰਦੇ ਹੋਏ ਪਹਿਰੇ ਦੀਆਂ ਨਜ਼ਰਾਂ ਤੋਂ ਬਚਦੇ ਹੋਏ ਸਿੰਘ ਅੰਮ੍ਰਿਤਸਰ ਪੁੱਜ ਗਏ ਅਤੇ ਅਸ਼ਨਾਨ ਕਰਕੇ ਹਰਨ ਹੋ ਗਏ। ਇੰਨੀ ਦਿਨੀਂ ਮੀਰ ਮੰਨੂੰ ਲਾਹੌਰੋਂ ਕੁਝ ਦੂਰੀ ਤੇ ਪਿੰਡ ਮਲਕਪੁਰ ਪਾਸ ਡੇਰਾ ਲਾਈ ਬੈਠਾ ਸੀ। ਉਸ ਨੂੰ ਹਰਕਾਰਿਆਂ ਨੇ ਦੱਸਿਆ ਕਿ ਕੁਝ ਸਿੰਘ ਲਾਗਲੇ ਕਮਾਦਾਂ ਦੇ ਖੇਤਾਂ ਵਿਚ ਲੁਕੇ ਹੋਏ ਹਨ। ਮੀਰ ਮੰਨੂੰ ਨੇ ਝਟ ਉਨ੍ਹਾਂ ਦਾ ਘੇਰਾ ਘੱਤ ਲਿਆ। ਉਥੇ ਸਿੰਘ ਚੌਖੀ ਗਿਣਤੀ ਵਿਚ ਸਨ, ਪਰ ਬਹੁਤੇ ਬਿਰਧ, ਬਚੇ ਅਤੇ ਇਸਤਰੀਆਂ ਹੀ ਸਨ। ਮੰਨੂੰ ਦੇ ਘੇਰੇ ਵਿਚ ਫਸੇ ਸਿੰਘਾ ਨੇ ਅੰਦਰੋਂ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿਤੀਆਂ। ਮੰਨੂੰ ਦਾ ਘੋੜਾ ਤ੍ਰਭਕ ਗਿਆ ਅਤੇ ਮੰਨੂੰ ਡਿਗ ਪਿਆ। ਉਸ ਦਾ ਇਕ ਪੈਰ ਰਕਾਬ ਵਿਚ ਫਸਿਆ ਰਹਿ ਗਿਆ। ਭੂਤਰਿਆ ਹੋਇਆ ਘੋੜਾ ਬੇ-ਕਾਬੂ ਹੋ ਕੇ ਭਜ ਨਿਕਲਿਆ। ਇਸ ਨਾਲ ਮੰਨੂੰ ਵੀ ਘਸੀਟੀਂਦਾ ਗਿਆ ਅਤੇ ਝਾੜੀਆਂ, ਕੰਡਿਆਂ ਅਤੇ ਜ਼ਮੀਨ ਦੀਆਂ ਰਗੜਾਂ ਨਾਲ ਵਲੂੰਧਰਿਆ, ਅਤੇ ਬ-ਹੋਸ਼ ਹੋ ਗਿਆ। ਇਸ ਗੱਲ 2 ਨਵੰਬਰ 1753 ਈ. ਦੀ ਹੈ। ਪਰ ਮੀਰ ਮੰਨੂੰ ਨੂੰ ਹੋਸ਼ ਨਾ ਆਈ ਅਤੇ ਉਹ ਤੀਸਰੇ ਦਿਨ ਅਰਥਾਤ 4 ਨਵੰਬਰ 1753 ਨੂੰ ਰੱਬ ਨੂੰ ਪਿਆਰਾ ਹੋ ਗਿਆ।

ਮੀਰ ਮੰਨੂੰ ਦੇ ਮਰਨ ਦੀ ਖ਼ਬਰ ਨਾਲ ਅਫ਼ਰਾਤਫ਼ਰੀ ਫੈਲ ਗਈ, ਜਿਸ ਤੋਂ ਫ਼ਾਇਦਾ ਉਠਾ ਦੇ ਸਿੰਘਾਂ ਦਾ ਇਕ ਜੱਥਾ ਮਾਰੋ-ਮਾਰ ਕਰਦਾ ਹੋਇਆ ਲਾਹੌਰ ਵਿਖੇ ਘੋੜਾ ਮੰਡੀ ਲੰਡਾ ਬਾਜ਼ਾਰ ਜਾ ਪੁੱਜਾ। ਇਥੋਂ ਦੇ ਭੋਰਿਆਂ ਵਿਚ ਮੀਰ ਮੰਨੂੰ ਦੇ ਹੁਕਮ ਨਾਲ ਕੈਦ ਕੀਤੀਆਂ ਹੋਈਆਂ ਬਹਾਦਰ ਸਿੰਘਣੀਆਂ ਇਸ ਵੇਲੇ ਭੁਖਣ-ਭਾਣੀਆਂ ਖੰਨੀ ਖੰਨੀ ਰੋਟੀ ਤੇ ਗੁਜ਼ਾਰਾ ਕਰ ਕੇ ਸਵਾ-ਸਵਾ ਮਣ ਪੀਸਣ ਪੀਸਦੀਆਂ ਸਨ ਅਤੇ ਹੋਰ ਅਸਹਿ ਤੇ ਅਕਹਿ ਕਸ਼ਟ ਸਹਾਰ ਰਹੀਆਂ ਸਨ। ਸਿੰਘਾਂ ਨੇ ਅਚਨਚੇਤ ਹਮਲਾ ਕਰ ਦਿੱਤਾ ਅਤੇ ਉਨ੍ਹਾਂ ਨੂੰ ਘੋੜਿਆਂ ਤੇ ਬਿਠਾ ਕੇ ਲੈ ਨਿਕਲੇ।

ਇਸ ਤਰ੍ਹਾਂ ਮੀਰ ਮੰਨੂੰ ਵਲੋਂ ਸਿਖ ਸੰਘਰਸ਼ ਨੂੰ ਖ਼ਤਮ ਕਰਨ ਵਾਲਾ ਦਮਨ ਚੱਕਰ ਸਮਾਪਤ ਹੋ ਗਿਆ।

ਐਨ ਇਸ ਮੌਕੇ ਤੇ ਸਰਦਾਰ ਜੱਸਾ ਸਿੰਘ ਨੇ ਬਿਆਸ ਨਦੀ ਦੇ ਸੱਜੇ ਕੰਢੇ ਖਵਾਸਪੁਰ ਅਤੇ ਉਸ ਦੇ ਨਿਕਟ ਫ਼ਤਹਿਬਾਦ ਦੇ ਕਿਲ੍ਹੇ ਸਰ ਕਰ ਲਏ ਤਾਂਕਿ ਅੱਗੇ ਨੂੰ ਇਥੋਂ ਬਿਆਸਾ ਪਾਰ ਕਰਨ ਲਗਿਆ ਕੋਈ ਤਕਲੀਫ਼ ਜਾਂ ਰੁਕਾਵਟ ਨਾ ਹੋਇਆ ਕਰੇ। ਫ਼ਤਹਿਬਾਦ ਦਾ ਪਿੰਡ ਤਾਂ ਤੁਰੰਤ ਕਬਜ਼ੇ ਵਿਚ ਕਰ ਲਿਆ ਗਿਆ, ਪਰ ਉਥੋਂ ਦਾ ਸਰਦਾਰ ਫੂਲੇ ਖ਼ਾਨ ਕਿਲ੍ਹੇ ਵਿਚ ਦਾਖ਼ਲ ਹੋ ਕੇ ਆਕੀ ਬਣ ਬੈਠਾ। ਉਸ ਲਾਹੌਰੋਂ ਅਤੇ ਜਲੰਧਰੋਂ ਅਦੀਨਾ ਬੇਗ ਪਾਸੋਂ ਫ਼ੌਜ ਮੰਗਾ ਭੇਜੀ। ਇਹ ਵੇਖ ਕੇ ਸਰਦਾਰ ਜੱਸਾ ਸਿੰਘ ਨੇ ਆਪਣੇ ਬਖ਼ਸ਼ੀ ਸਰਦਾਰ ਨੱਥਾ ਸਿੰਘ ਤੁਰੰਤ ਫ਼ਸੀਲ ਟੱਪ ਕੇ ਕਿਲ੍ਹੇ ਦੇ ਅੰਦਰ ਜਾ ਵੜਿਆ। ਫੂਲ ਖ਼ਾਂ ਨੇ ਮਜਬੂਰ ਹੋਕੇ ਨੱਥਾ ਸਿੰਘ ਰਾਹੀਂ ਸ: ਜੱਸਾ ਸਿੰਘ ਨੂੰ ਸ਼ਾਲ ਭੇਟ ਕਰਨ ਲਈ ਬੇਨਤੀ ਕੀਤੀ ਜੋ ਪਰਵਾਨ ਹੋ ਗਈ। ਫੂਲ ਖ਼ਾਂ ਨੇ ਮਾਮਲਾ ਅਦਾ ਕਰਨਾ ਮੰਨ ਲਿਆ ਅਤੇ ਸ. ਜੱਸਾ ਸਿੰਘ ਨੇ ਕਿਲ੍ਹਾ ਆਪਣੇ ਵਲੋਂ ਮੁੜ ਉਸ ਨੂੰ ਦੇ ਦਿਤਾ।

ਇਨ੍ਹੀ-ਦਿਨੀ ਲਾਹੌਰ ਦੇ ਹਿੰਦੂਆਂ ਨੇ ਫ਼ਰਿਆਦ ਭੇਜੀ ਕਿ ਲਾਹੌਰ ਸ਼ਹਿਰ ਵਿਚ ਉਨ੍ਹਾਂ ਨੂੰ ਬਹੁਤ ਤੰਗ ਕੀਤਾ ਜਾ ਰਿਹਾ ਹੈ, ਗਊਆਂ ਖੁਲ੍ਹਮ ਖੁਲ੍ਹਾ ਮਾਰੀਆਂ ਜਾ ਰਹੀਆਂ ਹਨ ਅਤੇ ਹਿੰਦੂਆਂ ਦੀ ਬੇਇਜ਼ਤੀ ਕੀਤੀ ਜਾਂਦੀ ਹੈ। ਸਿੰਘ ਭਾਵੇਂ ਆਪ ਕੁੜਿਕੀ ਵਿਚ ਸਨ ਫਿਰ ਵੀ ਉਨ੍ਹਾਂ ਨੇ ਫ਼ਰਿਆਦੀਆਂ ਦੀ ਫ਼ਰਿਆਦ ਵੱਲ ਧਿਆਨ ਦੇਣਾ ਮੁਨਾਸਿਬ ਸਮਝਿਆ। ਕੁਝ ਚੋਣਵੇਂ ਜੁਆਨਾਂ ਨੇ ਸ਼ਾਇਦ ਸ੍: ਜੱਸਾ ਸਿੰਘ ਅਤੇ ਨਵਾਬ ਕਪੂਰ ਸਿੰਘ ਦੀ ਸਲਾਹ ਨਾਲ ਲਾਹੌਰ ਸ਼ਹਿਰ ਦੇ ਕਸਾਈਪੁਰ ਮੁਹੱਲੇ ਤੇ ਜਾ ਆਕਰਮਣ ਕੀਤਾ। ਇਸ ਮਾਰ ਨਾਲ ਸ਼ਹਿਰ ਵਿਚ ਰੌਲਾ ਪੈਂਦੇ ਸਾਰ ਹੀ ਉਹ ਉਡੰਤ ਹੋ ਗਏ ਅਤੇ ਇਥੋਂ ਸਿੱਧੇ ਗੋਇੰਦਵਾਲ ਦੇ ਦਖਣ ਨੂੰ ਹੋ ਪਏ। ਦਰਿਆਉਂ ਦੱਖਣ ਨੂੰ ਪਾਰਲੇ ਤਲਵੰਡੀ ਪਿੰਡ ਦੇ ਸ਼ੇਰ ਖ਼ਾਨ (ਜਿਸ ਨਾਲ ਸਰਦਾਰ ਜੱਸਾ ਸਿੰਘ ਦੀ ਸਾਂਝ ਸੀ) ਨੇ ਆਪਣੇ ਪਿੰਡ ਦੇ ਬਰਾਬਰ ਇਕ ਸੌਖੇ ਰਾਹ ਦਾ ਪਤਾ ਦੇ ਦਿਤਾ ਜਿਥੋਂ ਬਿਆਸਾ ਪਾਰ ਕਰਕੇ ਮਸੀਤਾਂ ਕੋਲੋਂ ਦੀ ਸਤਲੁਜ ਜਾ ਟੱਪੇ ਅਤੇ ਸੱਭੇ ਸਰਦਾਰ ਡਰੋਲੀ ਪਿੰਡ ਮਾਤਾ ਜੀਤੋ ਦੇ ਡੇਰੇ ਜਾ ਉਤਰੇ।

## ਕਾਂਡ ਛੇਵਾ

# ਪੰਥ ਦਾ ਜੱਥੇਦਾਰ ਨਵਾਬ ਜੱਸਾ ਸਿੰਘ

ਮੀਰ ਮੰਨੂੰ ਦੀ ਮੌਤ ਪਿਛੋਂ ਪੰਜਾਬ ਦਾ ਪ੍ਰਬੰਧਕੀ ਢਾਂਚਾ ਵਿਗੜ ਗਿਆ। ਸਰਕਾਰੀ ਕਰਮਚਾਰੀ ਆਪਹੁਦਰੇ ਹੋ ਗਏ। ਸਰਦਾਰਾਂ ਦੀ ਆਪਸੀ ਫੁੱਟ ਅਤੇ ਸੱਤਾ ਲਈ ਖਿਚੋਤਾਣ ਸ਼ੁਰੂ ਹੋ ਗਈ। ਉਪਰੰਤ ਦਿੱਲੀ ਦੇ ਸਮਰਾਟ ਵਲੋਂ ਵੀ ਮੁੜ ਕੋਸ਼ਿਸ਼ ਅਰੰਭ ਕੀਤੀ ਗਈ ਤਾਂਜੋ ਪੰਜਾਬ ਨੂੰ ਫਿਰ ਮੁਗ਼ਲ ਸਾਮਰਾਜ ਦੇ ਅਧੀਨ ਕੀਤਾ ਜਾਏ। ਉਧਰੋਂ ਅਹਿਮਦਸ਼ਾਹ ਅਬਦਾਲੀ ਵੀ ਇਨ੍ਹਾਂ ਰੁਜਹਾਨਾਂ ਦੇ ਸਨਮੁਖ ਪੰਜਾਬ ਉਤੇ ਆਪਣੇ ਨਿਯੰਤਰਨ ਨੂੰ ਹੋਰ ਮਜ਼ਬੂਤ ਕਰਨ ਲਈ ਹਰ ਸੰਭਵ ਯਤਨ ਲਈ ਤਤਪਰ ਹੋ ਗਿਆ। ਮੀਰ ਮੰਨੂੰ ਦੇ ਕਾਲਵਾਸ ਹੋਣ ਪਿਛੋਂ ਉਸ ਦੀ ਵਿਧਵਾ ਮੁਰਾਦ ਬੇਗਮ (ਮੁਗ਼ਲਾਨੀ ਬੇਗ਼ਮ) ਨੇ ਆਪਣੇ ਤਿੰਨ ਸਾਲਾ ਪੁੱਤਰ ਮੁੰਹਮਦ ਅਮੀਨ ਖਾਂ ਨੂੰ ਲਾਹੌਰ ਦਾ ਹਾਕਮ ਬਣਾ ਦਿੱਤਾ ਅਤੇ ਇਸ ਦੀ ਮਨਜ਼ੂਰੀ ਅਹਿਮਦਸ਼ਾਹ ਅਬਦਾਲੀ ਅਤੇ ਆਲਮਗੀਰ ਦੂਜੇ ਪਾਸੋਂ ਮੰਗਵਾ ਲਈ। ਮਈ 1754 ਈ. ਵਿਚ ਮੁਹੰਮਦ ਅਮੀਨ ਖਾਂ ਦੀ ਮ੍ਰਿਤੂਹੋ ਗਈ। ਇਸ ਤੋਂ ਪਿਛੋਂ ਮੋਮਿਨ ਖਾਂ ਨੂੰ ਦਿੱਲੀ ਦੇ ਨਵੇਂ ਬਾਦਸ਼ਾਹ ਆਲਮਗੀਰ ਨੇ ਪੰਜਾਬ ਦਾ ਗਵਰਨਰ ਬਣਾ ਦਿੱਤਾ। ਪਰ

ਮੁਗਲਾਨੀ ਬੇਗ਼ਮ ਨੇ ਉਸ ਦੀ ਇਕ ਨਾ ਚਲਣ ਦਿੱਤੀ ਅਤੇ ਛੇਤੀ ਹੀ ਗਵਰਨਰ ਪਦ ਤੇ ਆਪਣੀ ਨਿਯੁਕਤੀ ਕਰਵਾ ਲਈ। ਪਰ ਉਹ ਛੇਤੀ ਹੀ ਐਸ਼ਾਂ ਵਿਚ ਪੈ ਗਈ। ਉਹ ਬਦਚਲਣ ਇਸਤਰੀ ਸੀ। ਸਰ. ਜੇ.ਐਮ ਸਰਕਾਰ ਲਿਖਦਾ ਹੈ" ਉਸ ਦਾ ਆਪਹੁਦਰਾਪਨ ਤੇ ਵਹਿਮੀ ਸੁਭਾ ਸਰਕਾਰੀ ਪ੍ਰਬੰਧ ਦੀ ਬਦਨਾਮੀ ਦੇ ਜ਼ੁੰਮੇਵਾਰ ਸਨ। ਉਸਦੇ ਵੈਲਾਂ ਅਤੇ ਵਿਭਚਾਰ ਨਾਲ ਫੋਜੀ ਅਫਸਰਾਂ, ਜੋ ਉਸਦੇ ਪਿਤਾ ਅਤੇ ਪਤੀ ਵਾਂਗ ਮੱਧ ਏਸ਼ੀਆਂ ਤੋਂ ਆਏ ਸਨ, ਵਿਚ ਨਾਰਾਜ਼ਗੀ ਅਤੇ ਗੁਸੇ ਦੀ ਲਹਿਰ ਦੋੜ ਗਈ। ਤੁਰਕੀ ਸਰਦਾਰਾਂ ਲਈ ਇਸ ਗਿਰੀ ਹੋਈ ਹਕੂਮਤ ਦੇ ਵਿਰੁਧ ਬਗਾਵਤ ਕਰਨਾ, ਜਿਥੇ ਸੁਵਾਰਥ-ਪੂਰਤੀ ਸੀ, ਉਥੇ ਸਵੈਮਾਨ ਦਾ ਸਵਾਲ ਬਣ ਗਿਆ। ਬਹੁਤ ਸਾਰੇ ਸਰਦਾਰਾਂ ਦੇ ਮਨਾਂ ਵਿਚ ਇਹ ਖਿਆਲ ਉਤਪੰਨ ਰੋ ਗਿਆ ਕਿ ਪੰਜਾਬ ਦੀ ਪਰਜਾ ਦੀ ਖੁਸ਼ੀ ਅਤੇ ਸੁਰਖਿਆ ਲਈ ਮੁਗਲਾਨੀ ਬੇਗ਼ਮ ਦੇ ਰਾਜ ਨਾਲੋਂ ਜਿਸ ਵਿਚ ਫ਼ਸਾਦ ਹੋ ਰਹੇ ਸਨ, ਉਨ੍ਹਾਂ ਦਾ ਆਪਣਾ ਰਾਜ ਚੰਗਾ ਸਾਬਤ ਹੋਵੇਗਾ। ਸੋ ਸਰਦਾਰਾਂ ਨੇ ਆਪਣੀਆਂ ਆਪਣੀਆਂ ਸੁਤੰਤਰ ਹਕੂਮਤਾਂ ਕਾਇਮ ਕਰਨੀਆਂ ਸ਼ੁਰੂਕਰ ਦਿਤੀਆਂ ਸਭ ਤੋਂ ਪਹਿਲਾਂ ਭਿਖਾਰੀ ਖਾਂ ਨੇ ਆਪਣਾ ਸੁਤੰਤਰ ਰਾਜ ਕਾਇਮ ਕਰਨ ਵਾਸਤੇ ਬਗ਼ਾਵਤ ਕੀਤੀ, ਪਰ ਉਹ ਅਸਫ਼ਲ ਰਿਹਾ ਅਤੇ ਗ੍ਰਿਫ਼ਤਾਰ ਕਰ ਲਿਆ ਗਿਆ। ਫਿਰ ਪੱਟੀ ਦੇ ਫ਼ੌਜਦਾਰ ਕਾਸਿਮ ਖਾਂ ਨੇ ਵਿਦਰੋਹ ਕਰ ਦਿੱਤਾ। ਆਪਣੇ ਮੰਤਵ ਦੀ ਪ੍ਰਾਪਤੀ ਲਈ ਉਸ ਨੇ ਅੱਠ ਹਜ਼ਾਰ ਦੇ ਕਰੀਬ ਸਿਖਾਂ ਨੂੰ ਵੀ ਆਪਣੀ ਫ਼ੌਜ ਵਿਚ ਭਰਤੀ ਕਰ ਲਿਆ। ਪਰ ਅੰਤ ਉਹ ਵੀ ਨਾਕਾਮਯਾਬ ਰਿਹਾ ਅਤੇ ਉਸ ਦੇ ਆਪਣੇ ਹੀ ਸਿਪਾਹੀਆਂ ਨੇ ਉਸ ਨੂੰ ਗ੍ਰਿਫ਼ਤਾਰ ਕਰ ਕੇ ਮੁਗਲਾਨੀ ਬੇਗ਼ਮ ਪਾਸ ਭੇਜ ਦਿੱਤਾ। ਇਹ ਘਟਨਾ ਮਾਰਚ- ਅਪਰੈਲ, 1754 ਨੂੰ ਵਾਪਰੀ ਸੀ। ਇਸ ਤੋਂ ਪਿਛੋਂ ਖਵਾਜਾ ਮਿਰਜ਼ ਖਾਂ ਨੇ ਮੁਗਲਾਨੀ ਬੇਗ਼ਮ ਨੂੰ ਗ੍ਰਿਫ਼ਤਾਰ ਕਰਕੇ ਉਸ ਦੀ ਮਾਂ ਦੇ ਘਰ ਵਿਚ ਨਜ਼ਰਬੰਦ ਕਰ ਦਿੱਤਾ ਅਤੇ ਆਪ ਗਵਰਨਰੀ ਦਾ ਪਦ ਸੰਭਾਲ ਲਿਆ। ਪਰੰਤੂਮੁਗਲਾਨੀ ਬੇਗ਼ਮ ਜੋ ਸਿਆਸਤ ਵਿਚ ਨਿਪੁੰਨ ਸੀ, ਨੇ ਉਬੈਦੁਲਾ ਖਾਂ ਨੂੰ ਅਹਿਮਦ ਸ਼ਾਹ ਦੁਰਾਨੀ ਕੋਲ ਸਹਾਇਤਾ ਲਈ ਭੇਜਿਆ। ਅਪਰੈਲ 1755 ਈ: ਨੂੰ ਦੁਰਾਨੀਆਂ ਨੇ ਮੁਗਲਾਨੀ ਬੇਗਮ ਨੂੰ ਮੁੜ ਗਵਰਨਰ ਬਣਾ ਦਿੱਤਾ ਅਤੇ ਸੂਬੇਦਾਰ ਜ਼ਕਰੀਆਂ ਖਾਂ ਦਾ ਛੋਟਾ ਭਰਾ ਖ਼ਵਾਜਾ ਨੇ ਉਬੈਦੁੱਲਾ ਨੂੰ ਉਸ ਦਾ ਨਾਇਬ ਨਿਯੁਕਤ ਕਰ ਦਿੱਤਾ। ਥੋੜ੍ਹੇ ਹੀ ਸਮੇਂ ਵਿਚ ਖਵਾਜਾ ਉਬੈਦੁਲਾ ਨੇ ਸਾਰੀ ਤਾਕਤ ਆਪਣੇ ਹੱਥ ਵਿਚ ਲੈ ਲਈ । ਖਵਾਜਾ ਉਬੈਦੁਲਾ ਦੇ ਕਾਲ ਵਿਚ ਜਨਤਾ ਬਹੁਤ ਦੁਖੀ ਸੀ ਕਿਉਂਕਿ ਉਹ ਉਨ੍ਹਾਂ ਪਾਸੋਂ ਬਹੁਤ ਜ਼ਿਆਦਾ ਪੈਸਾ ਬਟੋਰਦਾ ਸੀ ਅਤੇ ਉਨ੍ਹਾਂ ਦੇ ਹਿੱਤਾਂ ਵੱਲ ਉੱਕਾ ਹੀ ਖਿਆਲ ਨਹੀਂ ਕਰਦਾ ਸੀ। ਇਸ ਬੇਚੈਨੀ ਤੋਂ ਫਾਇਦਾ ਉਠਾਉਂਦੇ ਹੋਏ ਜਲੰਧਰ ਦੁਆਬੇ ਦੇ ਫ਼ੌਜਦਾਰ ਅਦੀਨਾਬੇਗ ਨੇ ਸਤੰਬਰ 1755 ਈ: ਨੂੰ ਲਾਹੌਰ ਉਤੇ ਹਮਲਾ ਕਰਕੇ ਉਬੈਦੁੱਲਾ ਨੂੰ ਨਠਾ ਦਿੱਤਾ। ਇਸੇ ਦੌਰਾਨ ਮੁਗਲਾਨੀ ਬੇਗਮ ਨੇ ਮੁੜ ਅਹਿਮਦ ਸ਼ਾਹ ਦੁਰਾਨੀ ਨੂੰ ਸੁਨੇਹਾ ਭੇਜਿਆ ਕਿ ਉਹ ਉਸ ਦੀ ਸਹਾਇਤਾ ਕਰੇ। ਅਹਿਮਦਸ਼ਾਹ ਨੇ ਆਪਣੇ ਜਰਨੈਲ ਜਹਾਨ ਖਾਂ ਨੂੰ ਫ਼ੌਜ ਸਮੇਤ ਭੇਜਿਆ ਅਤੇ ਲਾਹੌਰ ਉਤੇ ਕਬਜ਼ਾ ਕਰ ਲਿਆ ਗਿਆ। ਮੁਗਲਾਨੀ ਬੇਗਮ ਨੂੰ ਸੂਬੇਦਾਰ ਤੇ ਉਬੈਦੁਲਾ ਨੂੰ ਉਸ ਦਾ ਨਾਇਬ ਨਿਯੁਕਤ ਕਰ ਦਿੱਤਾ ਗਿਆ।

(ਦਸੰਬਰ 1755 ਈ.)

ਦੁਰਾਨੀ ਫੌਜਾਂ ਦੇ ਪੰਜਾਬ ਛੱਡਣ ਦੀ ਢਿਲ ਸੀ ਕਿ ਅਦੀਨਾ ਬੇਗ ਮੁੜ ਪੰਜਾਬ ਤੇ ਹਮਲਾ ਕਰਨ ਦੀਆਂ ਤਿਆਰੀਆਂ ਵਿਚ ਰੁਝ ਗਿਆ। ਇਸ ਬਿਪਤਾ ਦਾ ਮੁਕਾਬਲਾ ਕਰਨ ਲਈ ਇਸਵਾਰੀ ਮੁਗਲਾਨੀ ਬੇਗਮ ਨੇ ਮੁਗਲ ਸਾਮਰਾਟ ਦੇ ਵਜ਼ੀਰ ਗਾਜ਼ੀਉਦੀਨ ਨੂੰ ਇਮਦਾਦ ਦੇਣ ਲਈ ਬੇਨਤੀ ਕੀਤੀ। ਇਹ ਵਜ਼ੀਰ ਮੁਗਲਾਨੀ ਬੇਗਮ ਦੇ ਪੁੱਤਰੀ ਉਮਦਾ ਬੇਗਮ ਦਾ ਮੰਗੇਤਰ ਵੀ ਸੀ।

ਗਾਜ਼ੀਉਦੀਨ 7 ਫਰਵਰੀ 1756 ਨੂੰ ਸਰਹਿੰਦ ਪਹੁੰਚਿਆ। ਅਦੀਨਾ ਬੇਗ ਨੇ ਝਟ ਉਸ ਦੀ ਤਾਬੇਦਾਰੀ ਕਬੂਲ ਕਰ ਲਈ ਅਤੇ ਮੁਗਲਾਨੀ ਬੇਗਮ ਫਿਰ ਇਕਲਿਆਂ ਹੀ ਪ੍ਰਭੁਸੱਤਾ ਦੀ ਧਾਰਨੀ ਬਣ ਗਈ। ਇਸ ਤੋਂ ਛੇਤੀ ਹੀ ਪਿਛੋਂ ਗਾਜ਼ੀਉਦੀਨ ਉਸ ਨੂੰ ਆਪਣੇ ਨਾਲ ਦਿੱਲੀ ਲੈ ਗਿਆ ਅਤੇ ਅਦੀਨਾ ਬੇਗ ਨੂੰ ਲਾਹੌਰ ਅਤੇ ਮੁਲਤਾਨ ਦੀ ਸੂਬੈਦਾਰੀ ਦੇ ਦਿੱਤੀ। ਉਸਨੇ ਅਗੋਂ ਜ਼ਮੀਲ-ਉਦੀਨ ਨੂੰ ਲਾਹੌਰ ਦਾ ਇੰਚਾਰਜ ਬਣਾਇਆ ਅਤੇ ਆਪ ਆਪਣੇ ਹੈਡਕੁਆਰਟਰ ਬਟਾਲਾ ਚਲਾ ਗਿਆ।

ਇਸ ਤੋਂ ਪਿਛੋਂ ਖ਼ਵਾਜਾ ਅਬਦੁਲਾ ਅਹਿਮਦ ਸ਼ਾਹ ਦੁਰਾਨੀ ਦੀ ਸਹਾਇਤਾ ਨਾਲ ਲਾਹੌਰ ਦੀ ਸੂਬੇਦਾਰੀ ਲੈਣ ਵਿਚ ਕਾਮਯਾਬ ਹੋ ਗਿਆ ਅਤੇ ਜ਼ਮੀਲ ਉਦੀਨ ਨੱਸ ਗਿਆ। ਇਹ ਘਟਨਾ 25 ਨਵੰਬਰ, 1756 ਈ. ਦੀ ਸੀ।

ਉਪਰੋਕਤ ਵਰਣਨ ਤੋਂ ਇਹ ਤੱਥ ਉਭਰ ਕੇ ਸਾਹਮਣੇ ਆ ਜ਼ਾਦਾ ਹੈ ਕਿ ਪੰਜਾਬ ਦਾ ਸੂਬਾ ਬਦਅਮਨੀ ਅਤੇ ਬੇਚੈਨੀ ਦਾ ਕੇਂਦਰ ਬਣ ਗਿਆ ਸੀ। ਹੁਕਮਰਾਨ ਜਮਾਤ ਵਿਚ ਨਾ ਕੋਈ ਏਕਾ ਸੀ ਤੇ ਨਾ ਉਸ ਦੇ ਸਾਹਮਣੇ ਕੋਈ ਨਿਸ਼ਾਨਾ। ਕਿਰਸਾਨਾਂ ਵਾਹੀਕਾਰਾਂ ਅਤੇ ਕਾਮਿਆਂ ਦਾ ਬਹੁਤ ਬੁਰਾ ਹਾਲ ਸੀ। ਲਗਾਤਾਰ ਆਪਣੀਆਂ ਲੜਾਈਆਂ ਅਤੇ ਵਿਦੇਸ਼ੀ ਫੌਜ਼ਾਂ ਦੀਆਂ ਚੜ੍ਹਾਈ ਕਾਰਣ ਖੇਤਾਂ ਦਾ ਵੱਡੇ ਪੈਮਾਨੇ ਤੇ ਉਜਾੜਾ ਹੁੰਦਾ ਸੀ ਜਿਸਦੇ ਸਿੱਟੇ ਵਜੋਂ ਕਿਰਸਾਨੀ ਦਾ ਉਜੜਨਾ ਇਕ ਕੁਦਰਤੀ ਗਲ ਸੀ। 1755 ਤੋਂ 1756 ਈ. ਤਕ ਪੰਜਾਬ ਦੇ ਨੌਂ ਗਵਰਨਰ ਬਣੇ। ਸੁਭਾਵਿਕ ਹੀ ਸੀ ਕਿ ਕੋਈ ਢੁਕਵੀਂ ਪਾਲਿਸੀ ਧਾਰਨ ਨਾ ਕੀਤੀ ਗਈ ਅਤੇ ਹਰ ਤਰਫ਼ ਆਪੋਧਾਪੀ ਪੈ ਗਈ। ਲਾਹੌਰ ਦੇ ਸੂਬੇਦਾਰ ਦੀ ਪ੍ਰਭੁਤਾ ਸ਼ਾਹਦਰਾਂ, ਐਮਨਾਬਾਦ, ਦੀਨਾ ਅਤੇ ਗਖੜ ਤਕ ਸੀਮਤ ਹੋ ਗਈ। ਸਿਆਲਕੋਟ, ਗੁਜਰਾਤ, ਪਸਰੂਰ ਅਤੇ ਔਰੰਗਾਬਾਦ ਰੁਸਤਮ ਖਾਂ ਦੇ ਅਧੀਨ ਸਨ। ਸਰਹਿੰਦ ਅਤੇ ਜਲੰਧਰ-ਦੁਆਬ ਅਦੀਨਾ ਬੇਗ ਦੀ ਅਧੀਨਗੀ ਵਿਸ ਸਨ। ਸਿੰਧ ਸਾਗਰ ਵਿਚ ਗੱਖੜ ਤੇ ਟਿਵਾਣੇ, ਦੁਆਬਾ ਰਚਨਾ ਵਿਚ ਵੜੈਚ ਸਰਦਾਰ ਅਤੇ ਦੁਆਬਾ ਰਚਨਾ ਵਿਚ ਬਾਜਵੇ ਆਪਣੀ ਤਾਕਤ ਵਧਾ ਰਹੇ ਸਨ। ਦੁਆਬਾ ਬਾਰੀ ਵਿਚ ਬਟਾਲਾ ਦੇ ਰੰਧਾਵੇ ਤੇ ਕਸੂਰ ਦੇ ਅਫ਼ਗਾਨ ਤਾਕਤ ਪਕੜ ਚੁਕੇ ਸਨ। ਜਲੰਧਰ-ਦੁਆਬ ਵਿਚ ਅਲਾਵਲਪੁਰ ਦੇ ਅਫ਼ਗਾਨ ਅਤੇ ਫਗਵਾੜਾ ਅਤੇ ਕਪੂਰਥਲਾ ਦੇ ਰਾਜਪੂਤ ਆਪਣੀ ਸੁਤੰਤਰ ਹਕੂਮਤ ਸਥਾਪਿਤ ਕਰਨ ਦਾ ਯਤਨ ਕਰ ਰਹੇ ਸਨ। ਮੁਕਦੀ ਗਲ ਕਿ ਲਾਹੌਰ ਸਰਕਾਰ ਬਹੁਤ ਕਮਜ਼ੋਰ ਹੋ ਚੁਕੀ ਸੀ ਅਤੇ ਇਸ ਦੀ ਮਾਇਕ ਅਵੱਸਥਾ ਇੰਨੀ ਖਰਾਬ ਸੀ ਕਿ ਫ਼ੌਜੀਆਂ ਨੂੰ ਤਨਖ਼ਾਹ ਵੀ ਵਕਤ ਸਿਰ ਦੇਣ ਦੇ ਅਸਮਰਥ ਸੀ।

ਅਜਿਹੀ ਅਸਥਿਰ ਰਾਜਨੀਤਕ ਅਵਸਥਾ ਦਾ ਸਿਖਾਂ ਨੇ ਪੂਰਾ-ਪੂਰਾ ਫਾਇਦਾ ਉਠਾਇਆ ਜਦੋਂ ਸਰਕਾਰੀ ਕਰਮਚਾਰੀ ਆਪਣੇ ਆਪਣੇ ਸੁਆਰਥਾਂ ਦੀ ਪਰਾਪਤੀ ਵਿਚ ਰੁਝੇ ਹੋਏ ਸਨ, ਖਾਲਸੇ ਨੇ ਇਕ ਪਾਸੇ ਜੋ ਥੋੜੇ ਬਹੁਤ ਉਨ੍ਹਾਂ ਨੂੰ ਖਤਮ ਕਰਨ ਹਿੱਤ ਫ਼ੌਜੀ ਦਸਤੇ ਭੇਜੇ ਜਾਦੇ ਸਨ, ਉਨ੍ਹਾਂ ਦਾ ਟਾਕਰਾ ਕੀਤਾ, ਦੂਜੇ ਪਾਸੇ ਆਪਣੇ ਜਥੇਬੰਧੀ ਨੂੰ ਮਜ਼ਬੂਤ ਕੀਤਾ।

7 ਅਕਤੂਬਰ ਸੰਨ 1753 ਈ: ਨੂੰ ਨਵਾਬ ਕਪੂਰ ਸਿੰਘ ਬੰਦੂਕ ਦੇ ਇਕ ਪੁਰਾਣੇ ਜਖਮ ਕਾਰਣ ਸ੍ਰੀ ਅੰਮ੍ਰਿਤਸਰ ਵਿਚ ਚਲਾਣਾ ਕਰ ਗਏ। ਜਦੋਂ ਉਹ ਆਖਰੀ ਸਵਾਸਾਂ ਤੇ ਸਨ ਉਨ੍ਹਾਂ ਨੇ ਸ: ਜੱਸਾ ਸਿੰਘ ਆਹਲੂਵਾਲੀਆ ਨੂੰ, ਜੋ ਉਸ ਵੇਲੇ ਸ੍ਰੀ ਅੰਮ੍ਰਿਤਸਰ ਵਿਖੇ ਸੀ, ਆਪਣੇ ਪਾਸ ਬੁਲਾਇਆ ਅਤੇ ਦਸਮ ਪਾਤਸ਼ਾਹ ਸ੍ਰੀ ਗੁਰੂਗੋਬਿੰਦ ਸਿੰਘ ਜੀ ਦੀ ਫੌਲਾਦੀ ਚੋਬ ਦੇ ਕੇ ਖਾਲਸੇ ਦੀ ਸੇਵਾ ਕਰਨ ਦਾ ਬਚਨ ਕੀਤਾ। ਨਵਾਬ ਕਪੂਰ ਸਿੰਘ ਭਾਈ ਮਨੀ ਸਿੰਘ ਤੋਂ ਬਾਦ ਧਾਰਮਿਕ ਆਗੂ ਵੀ ਮੰਨੇ ਜਾਦੇ

ਸਨ, ਉਨ੍ਹਾਂ ਦੇ ਜੋਤੀ ਜੋਤ ਸਮਾਉਣ ਪਿਛੋਂ ਸ: ਜੱਸਾ ਸਿੰਘ ਆਹਲੂਵਾਲੀਆ ਨੂੰ ਸਿਖਾਂ ਵਿਚ ਇਹੋ ਹੀ ਅਸਥਾਨ ਪ੍ਰਾਪਤ ਹੋ ਗਿਆ। ਖਾਲਸੇ ਨੇ 1754 ਈ. ਨੂੰ ਅੰਮ੍ਰਿਤਸਰ ਅਕਾਲ ਤਖਤ ਦੇ ਸਾਹਮਣੇ ਵਿਸਾਖੀ ਦੇ ਦੀਵਾਨ ਵਿਚ ਖਾਲਸੇ ਨੇ ਇਸ ਗੱਲ ਦਾ ਖੁਲ੍ਹਮ ਖੁਲ੍ਹਾ ਐਲਾਨ ਕਰ ਦਿੱਤਾ। 'ਨਵਾਬ' ਦਾ ਖ਼ਿਤਾਬ ਬਖਸ਼ ਕੇ ਸ: ਜੱਸਾ ਸਿੰਘ ਨੂੰ ਸਤਿਕਾਰਿਆ। ਇਸ ਤਰ੍ਹਾਂ ਮਾਤਾ ਸੁੰਦਰੀ ਅਤੇ ਨਵਾਬ ਕਪੂਰ ਸਿੰਘ ਜੀ ਦੇ ਬਚਨ ਅਤੇ ਆਸ਼ੇ ਪੂਰੇ ਹੋ ਗਏ ਜਿਨ੍ਹਾਂ ਤੇ ਸਰਦਾਰ ਜੱਸਾ ਸਿੰਘ ਨੇ ਪੂਰੀ ਸ਼ਰਧਾ ਅਤੇ ਸੇਵਾ-ਭਾਵ ਨਾਲ ਫੁੱਲ ਚੜ੍ਹਏ।

ਸਿਖਾਂ ਨੇ ਰਾਮ ਰਾਉਣੀ ਦੀ ਨਿੱਕੀ ਜਿਹੀ ਗੜ੍ਹੀ ਜੋ ਮੀਰ ਮੰਨੂੰ ਨੇ ਤਬਾਹ ਕਰ ਦਿੱਤੀ ਸੀ, ਮੁੜ ਉਸਾਰੀ ਤੇ ਹੁਣ ਉਸ ਦਾ ਨਾਮ ਰਾਮਗੜ੍ਹ ਰਖਿਆ ਗਿਆ। ਇਹ ਸਾਰਾ ਕੰਮ ਜੱਸਾ ਸਿੰਘ ਇਛੋਗਲੀਏ ਦੀ ਰੇਖ-ਦੇਖ ਥਲੇ ਨੇਪਰੇ ਚਾੜ੍ਹਿਆ ਗਿਆ। ਸ: ਜੱਸਾ ਸਿੰਘ ਨੇ ਵੀ ਯਥਾ ਸ਼ਕਤੀ ਇਸ ਕੰਮ ਵਿਚ ਹਿੱਸਾ ਪਾਇਆ। ਰਾਮਗੜ੍ਹ ਦੀ ਨਵਉਸਾਰੀ ਸਿਖਾਂ ਦੇ ਅਜ਼ਮ ਦਾ ਇਕ ਤਰ੍ਹਾਂ ਨਾਲ ਉਚਚਾ ਐਲਾਨ ਸੀ ਕਿ ਉਹ ਖਾਲਸਾ ਰਾਜ ਸਥਾਪਿਤ ਕਰਨ ਤੋਂ ਬਿਨਾਂ ਦਮ ਨਹੀਂ ਲੈਣਗੇ।

## ਕਾਂਡ ਸਤਵਾਂ

# ਰਾਖੀ ਪ੍ਰਥਾ

ਇਸ ਮੌਕੇ ਤੇ ਅਜ਼ੀਜ਼ਬੇਗ ਬੇਗ ਨੇ ਮੁਗਲਾਨੀ ਬੇਗਮ ਦੇ ਕਹਿਣ ਤੇ ਸਿਖਾਂ ਉਤੇ ਹੱਲਾ ਬੋਲ ਦਿੱਤਾ। ਰਹੱਸ ਇਹ ਸੀ ਕਿ ਵਿਸਾਖੀ ਵਾਲੇ ਦਿਹਾੜੇ ਤੇ ਇਕਠੇ ਹੋਏ ਸਿਖਾਂ ਦਾ ਚੋਖਾ ਨੁਕਸਾਨ ਕੀਤਾ ਜਾਏ। ਪਰ ਸਰਦਾਰ ਜੱਸਾ ਸਿੰਘ ਨੇ ਇਕ ਅਜਿਹਾ ਜ਼ੋਰਦਾਰ ਅਤੇ ਅਚਨਚੇਤ ਹਲਾ ਕੀਤਾ ਕਿ ਲਾਹੌਰੀ ਫ਼ੌਜ ਸਿੰਘਾਂ ਦਾ ਟਾਕਰਾ ਨਾ ਕਰ ਸਕੀ ਅਤੇ ਭਜ ਨਿਕਲੀ। ਅਜ਼ੀਜ਼ ਬੇਗ ਨੂੰ ਹੋਈ ਇਸ ਹਾਰ ਨਾਲ ਜਿਥੇ ਲਾਹੌਰ ਦੀ ਹਕੂਮਤ ਨੂੰ ਇਕ ਤਕੜੀ ਸੱਟ ਵੱਜੀ, ਉਥੇ ਸਿਖ ਸਰਦਾਰਾਂ ਦੇ ਹੌਂਸਲੇ ਦੂਣੇ ਚੌਣੇ ਹੋ ਗਏ ਅਤੇ ਉਹ ਅਗਲੀਆਂ ਮੱਲਾਂ ਮਾਰਨ ਲਈ ਸ਼ੇਰ ਹੋ ਗਏ।

ਜੱਥੇਬੰਦਕ ਤੌਰ ਤੇ ਵੀ ਸਿਖਾਂ ਨੇ ਕਈ ਅਹਿਮ ਕਦਮ ਚੁਕੇ। ਜਿਸ ਤਰ੍ਹਾਂ ਕਿ ਪਹਿਲਾਂ ਦਸਿਆ ਜਾ ਚੁਕਿਆ ਹੈ ਕਿ ਪੰਜਾਬ ਵਿਚ ਕੋਈ ਸਥਿਰ ਹਕੂਮਤ ਨਹੀਂ ਸੀ। ਕਿਸੇ ਨੂੰ ਪਤਾ ਨਹੀਂ ਸੀ ਕਿ ਅੱਜ ਜੋ ਗਵਰਨਰ ਹੈ, ਕਲ ਰਹੇਗਾ ਜਾਂ ਨਹੀਂ। ਜਾਗੀਰਦਾਰ, ਸਰਕਾਰੀ ਕਰਮਚਾਰੀ ਆਪਣੇ ਹਿੱਤਾ ਦਾ ਬਹੁਤ ਖਿਆਲ ਰਖਦੇ ਸਨ ਅਤੇ ਪਰਜਾ ਦੀ ਦੇਖਭਾਲ ਕੋਈ ਨਹੀਂ ਕਰਦਾ ਸੀ ਕਿਸਾਨਾਂ ਦੀ ਹਾਲਤ ਬਹੁਤ ਖਰਾਬ ਸੀ। ਹਰ ਕੋਈ ਉਹਨਾਂ ਪਾਸੋਂ ਵਧ ਮਾਮਲਾ ਲੈਣ ਲਈ ਕਸਰ ਨਹੀਂ ਛਡਦਾ ਸੀ। ਪਰ ਉਨ੍ਹਾਂ ਦੀ ਰਖਿਆ ਦਾ ਜਿਥੋਂ ਤੀਕ ਸਵਾਲ ਸੀ, ਉਨ੍ਹਾਂ ਦਾ ਬੱਸ ਰੱਬ ਹੀ ਵਾਲੀ ਸੀ। ਆਰਥਿਕ ਤੌਰ ਤੇ ਲੋਕ ਤਬਾਹ ਹੋ ਚੁਕੇ ਸਨ ਅਤੇ ਰਾਜਨੀਤਕ ਖੇਤਰ ਵਿਚ ਉਨ੍ਹਾਂ ਨੂੰ ਨਾ ਇਨਸਾਫ਼ ਦੀ ਉਮੀਦ ਸੀ ਤੇ ਨਾ ਹੀ ਸ਼ਾਂਤੀ ਦੀ। ਦਿੱਲੀ ਵਾਲੇ ਤਾਂ ਰਾਖੀ ਕਰਨ ਜੋਗੇ ਹੀ ਨਹੀਂ ਸਨ। ਉਨ੍ਹਾਂ ਨੂੰ ਤਾਂ ਆਪ ਕਦੀ ਨਾਦਰ ਸ਼ਾਹ ਈਰਾਨੀ ਲੁਟ ਲੈਂਦਾ ਸੀ ਅਤੇ ਕਦੀ ਅਹਿਮਦ ਸ਼ਾਹ ਦੁਰਾਨੀ ਅਤੇ ਕਦੀ ਮਰਾਠੇ ਅਤੇ ਜਾਟ ਆ ਝਾੜੂਫੇਰ ਦਿੰਦੇ ਸਨ। ਹਾਕਮਾਂ ਦੀ ਆਪਸ ਵਿਚ ਵੀ ਖਟ ਪਟ ਰਹਿੰਦੀ ਸੀ। ਅਹਿਮਦਸ਼ਾਹ ਪੰਜਾਬ ਦੀ ਦੌਲਤ ਨਾਲ ਅਫਗਾਨਿਸਤਾਨ ਨੂੰ ਅਮੀਰ ਬਣਾਉਣ ਲਈ ਵਰਤਣਾ ਚਾਹੁੰਦਾ ਸੀ, ਨਾ ਕਿ ਇਥੋਂ ਦੀ ਹਾਲਤ ਨੂੰ ਬਿਹਤਰ ਬਣਾਉਣ ਲਈ।

ਕੇਵਲ ਪੰਜਾਬ ਦੇ ਸਿੰਘ ਹੀ ਸਨ ਜਿਨ੍ਹਾਂ ਦਾ ਇਹ ਆਪਣਾ ਦੇਸ਼ ਸੀ। ਇਥੇ ਹੀ ਉਨ੍ਹਾਂ ਦੇ ਪਿਉ-ਦਾਦਾ, ਜੰਮੇ ਪਲੇ ਅਤੇ ਵਿਕਸਿਤ ਹੋਏ ਸਨ। ਇਥੋਂ ਦੇ ਪਿੰਡਾਂ ਵਿਚ ਹੀ ਉਨ੍ਹਾਂ ਦੇ ਘਰ ਘਾਟ ਸਨ ਜਿਥੇ ਉਨ੍ਹਾਂ ਦੀਆਂ ਮਾਵਾਂ, ਭੈਣਾਂ, ਧੀਆਂ, ਭਰਾ, ਭਾਈ, ਸੰਬੰਧੀ ਅਤੇ ਕੁੰਟਬ ਵਸਦੇ ਸਨ ਜਿਨ੍ਹਾਂ ਦੀ ਸੇਵਾ ਅਤੇ ਰਾਖੀ ਉਨ੍ਹਾਂ ਦਾ ਧਾਰਮਿਕ ਅਤੇ ਸਮਾਜਿਕ ਫ਼ਰਜ਼ ਸੀ। ਇਥੇ ਹੀ ਉਨ੍ਹਾਂ ਦੀ ਸਭ ਜਾਇਦਾਦ, ਮਾਲ ਮਤਾਹ ਅਤੇ ਖੇਤ-ਫ਼ਸਲਾਂ ਸਨ ਜਿਨ੍ਹਾਂ ਦੀ ਰਾਖੀ ਹੋਣ ਨਾਲ ਹੀ ਉਨ੍ਹਾਂ ਦੀ ਜ਼ਿੰਦਗੀ ਸੁਖੀ ਹੋ ਸਕਦੀ ਸੀ। ਇਥੇ ਹੀ ਉਨ੍ਹਾਂ ਦੇ ਪ੍ਰਾਣਾਂ ਨਾਲੋਂ ਪਿਆਰੇ ਗੁਰੂਆਂ ਨੇ ਜਨ-ਉਧਾਰ ਦਾ ਪੈਗਾਮ ਦਿੱਤਾ ਸੀ ਅਤੇ ਇਸ ਮਕਸਦ ਲਈ ਕਈ ਮੁਸੀਬਤਾਂ ਵੀ ਸਹੀਆਂ ਸਨ। ਇਸੇ ਧਰਤੀ ਨੂੰ ਮਾਣ ਸੀ ਕਿ ਉਸ ਨੂੰ ਗੁਰੂਸਹਿਬਾਨ ਦੇ ਪਾਵਨ ਚਰਨਾਂ ਦੀ ਛੋਹ ਪ੍ਰਾਪਤ ਸੀ। ਮੁਕਦੀ ਗਲ ਇਹ ਕਿ ਸਿੰਘਾਂ ਦੇ ਹਾਵ-ਭਾਵ, ਅਤੇ ਉਨ੍ਹਾਂ ਦੀ ਆਰਥਿਕਤਾ ਤੇ ਸਥਿਰਤਾ ਪੰਜਾਬ ਦੀ ਧਰਤੀ ਨਾਲ ਜੁੜੀ ਹੋਈ ਸੀ ਅਤੇ ਯਕੀਨਨ ਉਹ ਲੜ ਮਰ ਵੀ ਇਸ ਲਈ ਰਹੇ ਸਨ ਕਿ ਕੋਈ ਹੋਰ ਪਰਾਇਆ ਮੁਗ਼ਲ ਹੋਵੇ ਜਾਂ ਇਰਾਨੀ ਜਾਂ ਮਰਾਠਾ ਉਨ੍ਹਾਂ ਦੀ ਇਜ਼ਤ, ਦੋਲਤ, ਘਰਬਾਰ ਅਤੇ ਦੇਸ਼ ਉਤੇ ਲੁਟ-ਮਾਰ ਨਾ ਕਰ ਸਕੇ ਅਤੇ ਉਹ ਅਮਨ ਚੈਨ ਨਾਲ ਸੁੰਤਤਰ ਜੀਵਨ ਬਤੀਤ ਕਰ ਸਕਣ।

ਆਮ ਜਨਤਾ ਨੂੰ ਜੋ ਨਿੱਤ ਦੀ ਅਫਰਾ ਤਫ਼ਰੀ ਤੋਂ ਤੰਗ ਆ ਚੁਕੀ ਸੀ, ਅਨੁਭਵ ਹੋ ਚੁਕਿਆ ਸੀ ਕਿ ਜੇ ਉਨ੍ਹਾਂ ਨੇ ਸ਼ਾਂਤਮਈ ਅਤੇ ਨਿਰਭੈਤਾ ਨਾਲ ਜੀਵਨ ਬਤੀਤ ਕਰਨਾ ਹੈ ਤਾਂ ਉਨ੍ਹਾਂ ਨੂੰ ਸਿੰਘਾਂ ਦਾ ਸਾਥ ਦੇਣਾ ਹੋਵੇਗਾ ਕਿਉਂਕਿ ਹਿਤੈਸ਼ੀ ਕੇਵਲ ਉਹ ਹੀ ਹਨ ਅਤੇ ਉਨ੍ਹਾਂ ਦੇ ਵਿਚਾਰਾਂ ਦੀ ਸਰਕਾਰ ਯਕੀਨਨ ਸਮੂਹ ਵਰਗਾਂ ਨੂੰ ਬਗ਼ੈਰ ਕਿਸੇ ਭਿੰਨ-ਭੇਦ ਦੇ ਲਾਭ ਪਹੁੰਚਾ ਸਕੇਗੀ। ਉਨ੍ਹਾਂ ਦੀ ਇਸ ਭਾਵਨਾ ਦਾ ਅਹਿਸਾਸ ਸਿੱਖ ਜੱਥੇਬੰਦੀਆਂ ਅਰਥਾਤ ਮਿਸਲਾਂ ਦੇ ਜੱਥੇਦਾਰਾਂ ਨੂੰ ਵੀ ਹੋ ਚੁਕਿਆ ਸੀ। ਸੋ ਇਸ ਪਰਸੰਗ ਵਿਚ ਉਨ੍ਹਾਂ ਨੇ ਰਾਖੀ ਸਿਸਟਮ ਦੀ ਸਥਾਪਤ ਕੀਤੀ।

ਇਸ ਅਨੁਸਾਰ ਇਹ ਫੈਸਲਾ ਕੀਤਾ ਗਿਆ ਕਿ ਜਿਥੇ ਕਿਧਰੇ ਵੀ ਕੋਈ ਦਲ ਜਾਂ ਜੱਥਾ ਜਾਂ ਸਰਦਾਰ ਆਪਣਾ ਕਬਜ਼ਾ ਕਰੇ ਜਾਂ ਠਾਣਾ ਬਿਠਾਵੇ ਤਾਂ ਉਸ ਸ਼ਹਿਰ, ਪਿੰਡ ਜਾਂ ਇਲਾਕੇ ਦੀ ਸਾਰੀ ਜ਼ਿੰਮੇਵਾਰੀ ਉਸ ਦੇ ਸਿਰ ਹੋਵੇਗੀ। ਇਸੇ ਤਰ੍ਹਾਂ ਜੇ ਕੋਈ ਪਿੰਡ ਜਾਂ ਖੇਤਰ ਆਪ ਕਿਸੇ ਮਿਸਲ ਦੀ ਰਖਿਆ ਵਿਚ ਆਉਣਾ ਚਾਹੇ ਤਾਂ ਉਹ ਇੰਞ ਖ਼ੁਦ ਕਹੇ ਕਿ ਉਹ ਹਾੜ੍ਹੀ ਤੇ ਸਾਉਣੀ ਸਾਲ ਵਿਚ ਦੋ ਵਾਰੀ ਆਪਣੀ ਆਮਦਨ ਦਾ ਪੰਜਵਾਂ ਹਿੱਸਾ ਦੇ ਦਿਆ ਕਰੇਗਾ ਅਤੇ ਉਸ ਦੀ ਰਾਖੀ ਉਸ ਮਿਸਲ ਸਿਰ ਹੋਵੇਗੀ। ਇਸ ਤਰ੍ਹਾਂ ਸਿੰਘ ਮਿਸਲਾਂ ਦੇ ਸਰਦਾਰਾਂ ਨੇ ਆਪਣੇ-ਆਪਣੇ ਇਲਾਕਿਆਂ ਵਿਚ ਲੋਕਾਂ ਦੀ ਜਾਨ ਮਾਲ ਦੀ ਸਾਰੀ ਰਾਖੀ ਆਪਣੇ ਜ਼ਿੰਮੇ ਲੈ ਲਈ ਅਤੇ ਇਸ ਦਾ ਥਾਂ ਪਰ ਥਾਂ ਖੁਲ੍ਹਮ ਖੁਲ੍ਹਾ ਐਲਾਨ ਕਰ ਦਿੱਤਾ। ਇਸ ਦੇ ਨਾਲ ਹੀ ਸਿੰਘ ਸਰਦਾਰਾਂ ਨੇ ਆਪਸ ਵਿਚ ਫੈਸਲਾ ਕੀਤਾ ਕਿ ਉਹ ਇਕ ਦੂਸਰੇ ਦੇ ਰਾਖੀ ਦੇ ਪ੍ਰਣ ਤੇ ਪਬ੍ਰੰਧ ਦਾ ਪੂਰਾ-ਪੂਰਾ ਸਤਿਕਾਰ ਕਰਨਗੇ ਅਤੇ ਇਕ ਦੂਜੇ ਦੇ ਰਾਖੀ ਵਾਲੇ ਇਲਾਕੇ ਵਿਚ ਕਿਸੇ ਪ੍ਰਕਾਰ ਦਾ ਦਖ਼ਲ ਨਹੀਂ ਦੇਣਗੇ ਅਤੇ ਜੇ ਕਿਧਰੇ ਕੋਈ ਓਪਰਾ ਇਸ ਵਿਚ ਕਿਸੇ ਤਰ੍ਹਾਂ ਦਾ ਦਖ਼ਲ ਦੇਵੇਗਾ ਤਾਂ ਦੂਸਰੇ ਸਰਦਾਰ ਰਲ ਕੇ ਉਸ 'ਰਾਖੀ' ਵਾਲੇ ਸਰਦਾਰ ਅਤੇ ਇਲਾਕੇ ਦੀ ਸਹਾਇਤਾ ਕਰਨਗੇ। ਰਾਖੀ ਕਬੂਲ ਕਰਨ ਵਾਲੇ ਇਲਾਕਿਆਂ ਵਿਚ ਸਿੱਖ ਸਰਦਾਰ ਆਪਣਾ ਠਾਣਾ ਕਾਇਮ ਕਰਦੇ ਸਨ।

ਇਸ ਦੇ ਨਾਲ ਹੀ ਮਿਸਲ ਸਰਦਾਰ ਹਰ ਦੀਵਾਲੀ ਅਤੇ ਵਿਸਾਖੀ ਦੇ ਮੌਕੇ ਤੇ ਅੰਮ੍ਰਿਤਸਰ ਪੁੱਜਕੇ ਆਪਣੇ-ਆਪਣੇ ਮੱਲੇ ਇਲਾਕਿਆਂ ਦਾ ਨਿਰਣਾ ਕਰ ਲੈਂਦੇ ਸਨ ਤਾਕਿ ਕਿਸੇ ਨੂੰ ਕੋਈ ਭੁਲੇਖਾ ਨਾ ਰਹੇ।

ਇਸ ਸੰਬੰਧ ਵਿਚ ਸ. ਜਵਾਹਰ ਸਿੰਘ ਕਰਤਾਰਪੁਰੀਏ ਦੀ ਲਿਖਤ 'ਬਾਰ੍ਹਾਂ ਮਿਸਲਾਂ' ਤੋਂ ਬਹੁ-ਮੁਲੀ ਜਾਣਕਾਰੀ ਉਪਲਬਧ ਹੁੰਦੀ ਹੈ। ਉਹ ਲਿਖਦਾ ਹੈ ਕਿ ਸ੍ਰ. ਜੱਸਾ ਸਿੰਘ ਆਹਲੂ-ਵਾਲੀਆ ਇਕ ਕੁਆਰਡੀਨੇਟਰ ਦਾ ਕੰਮ ਕਰਦਾ ਸੀ। ਉਹ ਵੱਖ ਵੱਖ ਸਰਦਾਰਾਂ ਦੀਆਂ ਫਰਦਾਂ ਬਣਾ ਲਿਆ ਕਰਦਾ ਸੀ ਅਤੇ ਜਦ ਕੋਈ ਸਰਦਾਰ ਕਿਸੇ ਅਜਿਹੇ ਥਾਂ ਦਾ ਜ਼ਿਕਰ ਕਰਦਾ ਸੀ ਜੋ ਅਗੇ ਹੀ ਕਿਸੇ ਹੋਰ ਨੇ ਮਲ ਲਈ ਹੁੰਦੀ ਸੀ ਤਾਂ ਸਰਦਾਰ ਜੱਸਾ ਸਿੰਘ ਉਸ ਨੂੰ ਕਹਿ ਦਿੰਦਾ ਸੀ "ਯਿਹ ਤੁਮਹਾਰੀ ਮਿਸਲ ਮੇਂ ਨਹੀ ਜਾ ਸਕਤਾ, ਪਹਿਲੇ ਹੀ ਅਗਲੇ ਸਰਦਾਰ ਦੀ ਮਿਸਲ ਮੇਂ ਹੈ" ਤਾਂ ਉਹ 'ਸਤਿ ਬਚਨ ਕਹਿਕੇ' ਚੁਪ ਕਰ ਜਾਂਦਾ ਸੀ ਅਤੇ ਕੋਈ ਹੁੱਤ ਜਾਂ ਜ਼ਿਦ ਨਹੀਂ ਕਰਦਾ ਸੀ।

ਇਸਤਰ੍ਹਾਂ 'ਮਿਸਲ' ਸ਼ਬਦ ਦੀ ਵਰਤੋਂ ਜੋ ਸਰਦਾਰ ਜੱਸਾ ਸਿੰਘ ਕਾਗਜ਼ਾਂ ਦੀਆਂ ਫਰਦਾਂ ਲਈ ਕਰਦੇ ਸਨ, ਦੂਸਰੇ ਸਿੰਘਾਂ ਵਿਚ ਆਪਣੇ ਇਲਾਕੇ ਅਤੇ ਜੱਥੇ ਲਈ ਵੀ ਹੋਣ ਲਗ ਪਈ ਸੀ। ਫ਼ਾਰਸੀ ਬੋਲੀ ਵਿਚ ਇਹ ਸ਼ਬਦ ਦਰਜੇ, 'ਰੁਤਬੇ' ਅਤੇ 'ਬਰਾਬਰ' ਦੇ ਅਰਥਾਂ ਵਿਚ ਹੀ ਵਰਤਿਆ ਜਾਂਦਾ ਹੈ ਅਤੇ ਮਿਸਲਾਂ ਦੇ ਸਰਦਾਰ ਆਪਸ ਵਿਚ ਚੂੰਕਿ ਬਰਾਬਰ ਦਰਜੇ ਦੇ ਹੁੰਦੇ ਸਨ ਅਤੇ ਇਕ ਦੂਜੇ ਵਿਚਕਾਰ ਕਿਸੇ ਉਚ-ਨੀਚ ਦਾ ਫ਼ਰਕ ਨਹੀਂ ਸੀ ਹੁੰਦਾ, ਇਸ ਕਰਕੇ ਇਸ ਸ਼ਬਦ ਦੀ ਵਰਤੋਂ ਸਿੱਖ ਮਿਸਲਾਂ ਲਈ ਕੋਈ ਅਢੁਕਵੀਂ ਨਹੀਂ ਸੀ।

ਰਾਖੀ ਪ੍ਰਥਾ ਪੰਜਾਬ ਦੇ ਖਾਲਸਾ ਪੰਥ ਦੇ ਇਤਹਾਸ ਵਿਚ ਬੜਾ ਮਹੱਤਵ ਪੂਰਨ ਕਦਮ ਸੀ। ਇਸ ਨਾਲ ਲੋਕਾਂ ਨੂੰ ਸ਼ਾਂਤੀ ਅਤੇ ਇਨਸਾਫ ਮਿਲਿਆ। ਲੋਕ ਜ਼ਿਮੀਦਾਰ ਅਤੇ ਭ੍ਰਿਸ਼ਟ ਅਫਸਰਾਂ ਦੇ ਅਤਿਆਚਾਰਾਂ ਤੋਂ ਬਚ ਗਏ। ਉਪਰੰਤ ਸਿਖਾਂ ਦੀ ਪ੍ਰਭੁਤਾ ਬਹੁਤ ਵਧ ਗਈ। ਉਹ ਇਕ ਪਾਸੇ ਲੋਕਾਂ ਲਈ ਸ਼ਾਂਤੀ ਦੇ ਦਾਤੇ ਬਣ ਗਏ ਅਤੇ ਦੂਜੇ ਪਾਸੇ ਉਨ੍ਹਾਂ ਨੇ ਆਪਣੀ ਰਾਜਸੀ ਤਾਕਤ ਵਧਾਣ ਲਈ ਬਾਕਾਇਦਾ ਆਮਦਨ ਦਾ ਇਕ ਸਾਧਨ ਜੁਟਾ ਲਿਆ।

ਸੋ ਰਾਖੀ ਪ੍ਰਥਾ ਦੀ ਸਹਾਇਤਾ ਨਾਲ ਸਿਖਾਂ ਨੇ ਆਪਣੀ ਤਾਕਤ ਦੀ ਬੁਨਿਆਦ ਰੱਖ ਦਿੱਤੀ ਜਿਸ ਦਾ ਅੰਤਮ ਨਤੀਜ਼ਾ ਇਹ ਨਿਕਲਿਆ ਕਿ ਪਹਿਲਾਂ ਮਿਸਲ-ਰਾਜ ਤੇ ਫਿਰ ਰਣਜੀਤ ਸਿੰਘ ਦਾ ਰਾਜ ਕਾਇਮ ਹੋਇਆ। ਆਪਣੇ ਆਪਣੇ ਪਸਾਰ ਲਈ ਜੋ ਪਾਸੇ ਦਲ ਖਾਲਸਾ ਦੇ ਮਿਸਲਦਾਰਾਂ ਨੇ ਸਿਖੇ ਸਨ, ਉਸ ਅਨੁਸਾਰ ਕਰੋੜਾਂ ਸਿੰਘ ਅਤੇ ਬਾਬਾ ਦੀਪ ਸਿੰਘ ਸ਼ਹੀਦ ਸਤਲੁਜੋਂ ਦੱਖਣ ਅਤੇ ਦਖਣ ਚੜ੍ਹਦੇ ਨੂੰ ਹੋ ਪਏ। ਪੁਰੀਏ ਰੋਪੜ ਵਲ, ਕਨ੍ਹਈਏ ਅਤੇ ਰਾਮਗੜ੍ਹੀਏ ਰਿਆੜਕੀ ਵਿਚ, ਅੰਮ੍ਰਿਤਸਰੋ ਉਤਰ-ਚੜ੍ਹਦੇ ਨੂੰ ਜਿਲ੍ਹਾ ਗੁਰਦਾਸਪੁਰ ਵਿਚ ਨਕਈ, ਨੱਕੇ ਦੇ ਇਲਾਕੇ ਵਿਚ ਲਾਹੌਰੋਂ ਦਖਣ-ਲਹਿੰਦੇ ਨੂੰ ਸੁਕਰਚਕੀਏ ਅਤੇ ਭੰਗੀ ਰਚਨਾ ਅਤੇ ਚੱਜ ਦੁਆਬਿਆਂ ਵਿਚ ਪਾਸਰ ਗਏ ਨਿਸ਼ਾਨਾਂ ਵਾਲੇ ਅਤੇ ਡਲੇਵਾਲੀਏ ਸ੍ਰੀ ਅੰਮ੍ਰਿਤਸਰ ਦੀ ਰਾਖੀ ਲਈ ਰਹੇ। ਫੂਲਕੀਆਂ ਦੇ ਤਿੰਨ ਪਰਵਾਰ ਲਗ ਪਏ। ਇਸ ਤਰ੍ਹਾਂ ਸਰਦਾਰ ਜੱਸਾ ਸਿੰਘ ਦਾ ਬਹੁਤ ਇਲਾਕਾ ਜਲੰਧਰੋਂ ਉੱਤਰ ਲਹਿੰਦੇ, ਲਹਿੰਦੇ ਅਤੇ ਦਖਣ-ਲਹਿੰਦੇ ਵਲ ਬਿਆਸਾ ਦੇ ਚੜ੍ਹਦੇ ਸਤਲੁਜ ਦੇ ਸੰਗਮ ਤਕ ਸੀ, ਕੁਝ ਪਿੰਡ ਸਤਲੁਜ ਪਾਰ ਦੱਖਣ-ਲਹਿੰਦੇ ਵਲ ਬਿਆਸਾ ਦੇ ਚੜ੍ਹਦੇ ਸਤਲੁਜ ਦੇ ਸੰਗਮ ਤਕ ਸੀ, ਕੁਝ ਪਿੰਡ ਸਤਲੁਜ ਪਾਰ ਦੱਖਣ ਨੂੰ ਵੀ ਸਨ ਅਤੇ ਕੁਝ ਅੰਮ੍ਰਿਤਸਰ ਵਿਚ ਤਰਨਤਾਰਨ ਦੇ ਲਾਗੇ ਸਨ। ਇਨ੍ਹਾਂ ਖਾਸ-ਖਾਸ ਪਾਸਿਆਂ ਤੋਂ ਇਲਾਵਾ ਕਈ ਵਾਰੀ ਸਰਦਾਰਾਂ ਨੂੰ ਵੱਡੀਆਂ ਮੁਹਿੰਮਾ ਸਰ ਕਰਨ ਤੋਂ ਬਾਅਦ ਕੁਝ ਪਿੰਡ ਹਿੱਸੇ ਵਿਚ ਆ ਜਾਂਦੇ ਸਨ, ਜਿਵੇਂ ਕਿ ਸੰਨ 1764 ਈ. ਵਿਚ ਸਰਹਿੰਦ ਤੇ ਕਬਜ਼ਾ ਕਰਨ ਵਾਲੇ ਕਈ ਸਰਦਾਰਾਂ ਨੂੰ ਇਸ ਦੇ ਇਰਦਗਿਰਦ ਦੇ ਵੀ

ਪਿੰਡ ਮਿਲ ਗਏ ਸਨ। ਕਈ ਵਾਰੀ ਕਿਸੇ ਖ਼ਾਸ ਮੌਕੇ ਤੇ ਕੁਝ ਪਿੰਡ ਕਿਸੇ ਸਰਦਾਰ ਵਲੋਂ ਕਿਸੇ ਦੂਸਰੇ ਸਰਦਾਰ ਨੂੰ ਦਿਤੇ ਜਾਣ ਉਤੇ ਸਰਦਾਰਾਂ ਦੇ ਇਲਾਕੇ ਜਾਂ ਪਿੰਡ ਇਕ ਦੂਜੇ ਦੇ ਇਲਾਕਿਆ ਵਿਚ ਰਲ ਜਾਦੇ ਸਨ। ਪਰ 'ਰਾਖੀ' ਦੇ ਆਪਸ ਵਿਚ ਮਿਥੇ ਹੋਏ ਪ੍ਰਬੰਧ ਅਨੁਸਾਰ ਕੋਈ ਸਰਦਾਰ ਕਿਸੇ ਦੂਸਰੇ ਦੇ ਪਿੰਡਾਂ ਵਿਚ ਦਖ਼ਲ ਨਹੀਂ ਦਿੰਦਾ ਸੀ ਅਤੇ ਆਪਣੇ ਰਾਖੇ ਮਾਲਕ ਸਰਦਾਰ ਨੂੰ ਆਪਣੇ ਇਲਾਕਿਆਂ ਦਾ ਪ੍ਰਬੰਧ ਆਪਣੇ ਢੰਗ ਅਨੁਸਾਰ ਕਰਨ ਦੀ ਪੂਰੀ ਖੁਲ੍ਹ ਹੁੰਦੀ ਸੀ। ਕੁਝ ਅਜਿਹੇ ਵੀ ਪਿੰਡਾਂ ਸਨ ਜਿਨ੍ਹਾਂ ਦੀ ਰਾਖੀ ਇਕ ਤੋਂ ਵਧ ਸਰਦਾਰਾਂ ਦੀ ਜ਼ਿੰਮੇਵਾਰੀ ਹੁੰਦੀ ਸੀ ਪਰ ਅਜਿਹੇ ਪਿੰਡ ਬਹੁਤ ਘਟ ਸਨ। ਪਿੰਡ ਮਹਾਰਾਜ ਅਤੇ ਦਕੀਆਂ ਦੀ ਰਾਖੀ ਇਕ ਤੋਂ ਵਧ ਸਰਦਾਰਾਂ ਪਾਸ ਸੀ, ਪਰ ਸਭੇ ਸਰਦਾਰ ਰਲ ਮਿਲ ਕੇ ਕੰਮ ਚਲਾਉਂਦੇ ਸਨ।

ਬਾਹਰੀ ਹਮਲਾਵਰ ਦੀ ਸੂਰਤ ਵਿਚ ਸਾਰੇ ਮਿਸਲਦਾਰ ਆਪਸ ਵਿਚ ਮਿਲਕੇ ਦਲ ਖਾਲਸਾ ਦੇ ਰੂਪ ਵਿਚ ਕਾਰਵਾਈ ਕਰਦੇ ਸਨ। ਜਿਸ ਦੀ ਸੁਪਰੀਮ ਕਮਾਂਡ ਸ: ਜੱਸਾ ਸਿੰਘ ਆਹਲੂਵਾਲੀਆ ਦੇ ਹੱਥਾਂ ਵਿਚ ਹੁੰਦੀ ਸੀ। ਕਈ ਵਾਰੀ ਦਲ ਖਾਲਸਾ ਦੇ ਦੂਸਰੇ ਮਿਸਲ- ਸਰਦਾਰ ਸਰਦਾਰ ਆਲ੍ਹਾ ਸਿੰਘ ਪਟਿਆਲੇ ਵਾਲੇ ਭਾਈ ਗਰਬਖ਼ਸ ਸਿੰਘ ਕੈਂਥਲ ਵਾਲੇ, ਸਰਦਾਰ ਚੜ੍ਹਤ ਸਿੰਘ ਸ਼ੁਕਰਚਕੀਏ ਅਤੇ ਹੋਰ ਸਰਦਾਰਾਂ ਦੀ ਸਹਾਇਤਾ ਲਈ ਪੁਜਦੇ ਰਹੇ। ਇਸ ਮਤਲਬ ਲਈ ਖਾਲਸਾ ਦੱਲ ਦੇ ਕੁਝ ਜਥੇ ਸ੍ਰੀ ਅੰਮ੍ਰਿਤਸਰ ਟਿਕੇ ਰਹਿੰਦੇ ਸਨ। ਖਾਲਸਾ ਰਾਜ ਦੀ ਸਥਾ-ਪਨਾ ਵਿਧੀ, ਪ੍ਰਗਤੀ ਅਤੇ ਰਾਖੀ ਪੰਥ ਦਾ ਸਾਂਝਾ ਕੰਮ ਸੀ ਅਤੇ ਸਾਰੇ ਮਿਸਲਦਾਰ ਸਰਦਾਰ ਜੋ ਦਲ ਖਾਲਸਾ ਦੇ ਅੰਗ ਸਨ, ਇਸ ਨੂੰ ਗੁਰੂਪੰਥ ਦੀ ਸੇਵਾ ਮੰਨਦੇ ਸਨ। ਮਿਸਲਦਾਰ ਸਰਦਾਰਾਂ ਨੂੰ 'ਸਿੰਘ ਸਾਹਿਬ' ਕਰ ਕੇ ਬੁਲਾਇਆ ਕਰਦੇ ਸਨ ਅਤੇ ਜਦ ਮਹਾਰਾਜਾ ਰਣਜੀਤ ਸਿੰਘ ਜੀ ਦੇ ਸਮੇਂ ਪੰਜਾਬ ਵਿਚ ਇਕ ਵਿਸ਼ਾਲ ਰਾਜ ਕਾਇਮ ਹੋ ਗਿਆ ਤਾਂ ਵੀ ਮਹਾਰਾਜਾ ਸਾਹਿਬ ਇਸ ਨੂੰ ਗੁਰੂਪੰਥ ਦੀ ਬਖ਼ਸ਼ਿਸ਼ ਹੀ ਕਹਿੰਦੇ ਸਨ ਅਤੇ ਮਹਾਰਾਜਾ ਸਾਹਿਬ ਨੂੰ 'ਸਿੰਘ ਸਾਹਿਬ' ਜਾਂ 'ਸਿੰਘ ਜੀ' ਕਰਕੇ ਸੰਬੋਧਨ ਕੀਤਾ ਜਾਂਦਾ ਸੀ।

ਰਾਖੀ ਪ੍ਰਥਾ ਯਕੀਨਨ ਅਜਿਹਾ ਰਾਜਪ੍ਰਬੰਧ ਸੀ ਜਿਸ ਨਾਲ ਹੌਲੀ ਹੌਲੀ ਸਾਰੇ ਪੰਜਾਬ ਵਿਚ ਸਿਖਾਂ ਦਾ ਪਸਾਰ ਹੋ ਗਿਆ ਜਿਸ ਦੇ ਫਲਸਰੂਪ ਪੰਜਾਬ ਮੁਗਲਾਂ ਦੇ ਜਬਰ ਤੇ ਦੁਰਾਨੀਆ ਦੀ ਲੁਟ-ਮਾਰ ਤੋਂ ਬਚ ਗਿਆ ਅਤੇ ਸਵਤੰਤਰ ਰੂਪ ਵਿਚ ਵਿਕਸਿਤ ਹੋਣ ਲੱਗਾ। ਇਸ ਰਾਜਪ੍ਰਬੰਧ ਦੀ ਉਤਪਤੀ, ਵਿਕਾਸ ਅਤੇ ਉਨੱਤੀ ਵਿਚ ਜੋ ਰੋਲ ਸ: ਜੱਸਾ ਸਿੰਘ ਆਹਲੂਵਾਲੀਆ ਨੇ ਕੀਤਾ, ਉਸ ਦੀ ਜਿੰਨੀ ਵੀ ਸ਼ਲਾਘਾ ਕੀਤੀ ਜਾਏ ਉਨੀ ਹੀ ਥੋੜੀ ਹੈ ਅਤੇ ਜੋ ਘਾਲਾਂ ਉਸਨੈ ਘਾਲੀਆਂ, ਉਨ੍ਹਾਂ ਵਾਸਤੇ ਪੰਜਾਬ ਸਦਾ ਜੱਸਾ ਸਿੰਘ ਆਹਲੂਵਾਲੀਆ ਦਾ ਰਿਣੀ ਰਹੇਗਾ।

ਕਈ ਇਤਿਹਾਸਕਾਰਾਂ ਨੇ ਰਾਖੀ ਪ੍ਰਥਾ ਦੀ ਉਤਪਤੀ ਦੇ ਕਾਲ ਬਾਰੇ ਭਿੰਨ-ਭਿੰਨ ਰਾਵਾਂ ਦਿਤੀਆਂ ਹਨ ਅਤੇ ਉਹ ਕਹਿੰਦੇ ਹਨ ਕਿ ਇਸ ਦਾ ਅਰੰਭ ਸ੍: ਚੜ੍ਹਤ ਸਿੰਘ ਸ਼ੁਕਰਚਕੀਆਂ ਤੋਂ ਹੋਇਆ ਜਿਸਨੇ ਸਭ ਤੋਂ ਪਹਿਲਾਂ 175● ਈ. ਵਿਚ ਚਨਾਬ ਦੇ ਨਿਕਟ ਕੁਝ ਇਲਾਕਿਆਂ ਨੂੰ ਆਪਣੀ ਰਖਿਆ ਵਿਚ ਲਿਆ ਸੀ। ਪਰੰਤੂ ਇਹ ਇਕ ਨਿਵੇਕਲਾ ਜਿਹਾ ਕੰਮ ਸੀ। ਢੁਕਵੇਂ ਅਤੇ ਨਿਯਮਤ ਢੰਗ ਨਾਲ ਰਾਖੀ ਸਿਸਟਮ ਦਾ ਅਨੁਭਵ ਕਰਨਾ ਅਤੇ ਫਿਰ ਉਲੀਕੇ ਪ੍ਰੋਗਰਾਮ ਅਮਲ ਵਿਚ ਲਿਆਉਣ ਦੇ ਸਾਧਨ ਸੋਚਣੀ, ਇਹ ਸ੍: ਜੱਸਾ ਸਿੰਘ ਆਹਲੂਵਾਲੀਆ ਦਾ ਹੀ ਕਾਰਜ ਸੀ।

# ਜੱਸਾ ਸਿੰਘ ਅਤੇ ਦੁਰਾਨੀ

ਹੁਣ ਤਕ ਪੰਜਾਬ ਦੀ ਰਾਜਨੀਤੀ ਦੀ ਰੂਪ ਰੇਖਾ ਸਪੱਸ਼ਟ ਹੋ ਚੁਕੀ ਸੀ। 1852 ਦੇ ਸੁਲਾਹਨਾਮੇ ਮੁਤਾਬਕ ਪੰਜਾਬ ਅਫ਼ਗਾਨਿਸਤਾਨ ਦੀ ਸਲਤਨਤ ਦਾ ਭਾਗ-ਮੰਨਿਆ ਜਾ ਚੁਕਿਆ ਸੀ। ਮੰਨੂੰ ਦੀ ਮ੍ਰਿਤੂਤੋਂ ਪਿਛੋਂ ਦਿੱਲੀ ਦੀ ਹਕੂਮਤ ਵਲੋਂ ਕਈ ਵਾਰੀ ਚਾਲਾਕੀ ਕਰ ਕੇ ਪੰਜਾਬ ਉਪਰ ਅਧਿਕਾਰ ਜਮਾਉਣ ਦਾ ਯਤਨ ਕੀਤਾ ਗਿਆ ਸੀ, ਪਰੰਤੂਅਹਿਮਦਸ਼ਾਹ ਦੁਰਾਨੀ ਇਸ ਪਖੋਂ ਬੜਾ ਸੁਚੇਤ ਸੀ ਅਤੇ ਉਹ ਅਜਿਹੇ ਕਿਸੇ ਵਿਅਕਤੀ ਨੂੰ ਪੰਜਾਬ ਦਾ ਗਵਰਨਰ ਕਬੂਲ ਕਰਨ ਵਾਸਤੇ ਤਿਆਰ ਨਹੀਂ ਸੀ ਜੋ ਉਸ ਦੀ ਮੁਕੰਮਲ ਤੌਰ ਤੇ ਵਫਾਦਾਰੀ ਦਾ ਦਮ ਨਾ ਭਰੇ। ਇਸੇ ਪ੍ਰਸੰਗ ਵਿਚ ਉਸ ਨੇ ਉਬੈਦੁਲਾ ਅਤੇ ਮੁਗਲਾਨੀ ਬੇਗਮ ਦੀ ਸਹਾਇਤਾ ਕੀਤੀ ਸੀ। ਉਸ ਦੀ ਨਜ਼ਰ ਅਦੀਨਾਬੇਗ ਦੀਆ ਹਰਕਤਾਂ ਤੇ ਸਦਾ ਟਿਕੀ ਰਹਿੰਦੀ ਸੀ। ਉਸ ਨੂੰ ਇਹ ਭਲੀਭਾਂਤੀ ਪਤਾ ਸੀ ਕਿ ਉਹ ਜੇ ਅਵਸਰ ਮਿਲ ਗਿਆ ਤਾਂ ਪੰਜਾਬ ਆਪਣੇ ਅਧੀਨ ਕਰਨ ਤੇ ਨਹੀਂ ਝਿਜਕੇਗਾ। ਨਾਲ ਹੀ ਉਸ ਨੂੰ ਸਿਖਾਂ ਦੇ ਇਰਾਦਿਆਂ ਦੀ ਵੀ ਪੂਰੀ ਜਾਣਕਾਰੀ ਸੀ। ਇਹ ਹੀ ਕਾਰਣ ਸੀ ਕਿ ਉਸ ਨੇ ਆਪਣੇ ਅਧੀਨ ਪੰਜਾਬ ਦੇ ਗਵਰਨਰਾਂ ਨੂੰ ਕਈ ਵਾਰੀ ਤਾਕੀਦ ਕੀਤੀ ਸੀ ਕਿ ਉਹ ਸਿਖਾਂ ਉਤੇ ਕਰੜੀ ਨਜ਼ਰ ਰਖਣ। ਨਾਦਰ ਸ਼ਾਹ ਦੇ ਸਮੇਂ ਤੋਂ ਉਸ ਨੂੰ ਸਿਖਾਂ ਨਾਲ ਵਾਹ ਪੈ ਰਿਹਾ ਸੀ। ਅਤੇ ਉਸ ਨੂੰ ਇਹ ਜੱਚ ਚੁਕਾ ਸੀ ਕਿ ਉਨ੍ਹਾਂ ਵਿੱਚ ਉਹ ਸਾਰੇ ਗੁਣ ਹਨ ਜੋ ਕਿਸੇ ਵਿਅਕਤੀ ਜਾਂ ਸਮੂਹ ਨੂੰ ਪ੍ਰਭੁਸਤਾ ਦਾ ਧਾਰਨੀ ਬਣਾ ਦਿੰਦੇ ਹਨ। ਉਸ ਨੂੰ ਨਾਦਰ ਸ਼ਾਹ ਦੇ ਜ਼ਕਰੀਆਂ ਖ਼ਾਂ ਨੂੰ ਬੋਲੇ ਹੋਏ ਸ਼ਬਦ ਦੀ ਯਾਦ ਸਨ ਜਿਨ੍ਹਾਂ ਅਨੁਸਾਰ ਉਸ ਨੇ ਜ਼ਕਰੀਆਂ ਖ਼ਾਂ ਨੂੰ ਨਸੀਹਤ ਕੀਤੀ ਸੀ ਕਿ ਕਛਹਿਰਿਆਂ ਵਾਲੇ, ਵੱਡੀਆਂ ਲਕੜੀਆਂ ਨੂੰ ਦਾਤਨ ਬਣਾਉਣ ਵਾਲੇ, ਘੋੜਿਆਂ ਦੀਆਂ ਕਾਠੀਆਂ ਨੂੰ ਘਰ ਮੰਨਣ ਵਾਲੇ ਇਹ ਮਾਮੂਲੀ ਫਕੀਰ ਨਹੀ, ਇਹ ਨਿਸ਼ਚਿਤ ਆਦਰਸ਼ਾਂ ਨਾਲ ਸਰਸ਼ਾਰ ਲਾਸਾਨੀ ਅਜ਼ਮ ਆਪਣੇ ਹਿਰਦੇ ਵਿਚ ਛੁਪਾਈ ਮਰਜੀਵੜੇ ਹਨ ਜਿਨ੍ਹਾਂ ਨੇ ਖਾਲਸਾ ਰਾਜ ਬਣਾਉਣ ਦੀ ਸੁਗੰਧ ਚੁੱਕ ਰਖੀ ਹੈ" ਅਤੇ ਇਸ ਲਈ ਇਨ੍ਹਾਂ ਨੂੰ ਸਖਤੀ ਨਾਲ ਦਬਾਉਣਾ ਹੀ ਯੋਗ ਅਤੇ ਨੀਤੀ ਅਨੁਸਾਰ ਹੋਵੇਗਾ।

ਉਧਰ ਜੱਸਾ ਸਿੰਘ ਆਹਲੂਵਾਲੀਆ ਤੇ ਉਸ ਦੇ ਸਾਥੀ ਸਰਦਾਰਾਂ ਅਤੇ ਸਿੰਘਾਂ ਨੇ ਵੀ ਸੰਘਰਸ਼ ਨੂੰ ਨਿਰੰਤਰ ਚਲਾਉਣ ਤੇ ਉਸ ਨੂੰ ਤਰਕਮਈ ਨੁਹਾਰ ਦੇਣ ਲਈ ਬੇਤਾਬ ਸਨ। ਉਨ੍ਹਾਂ ਨੇ ਹੁਣ ਤਕ ਗੁਰੀਲਾ ਵਿਧੀ ਵਿਚ ਨਿਪੁੰਨਤਾ ਪ੍ਰਾਪਤ ਕਰ ਲਈ ਹੋਈ ਸੀ। ਆਪਣੇ ਵਤੀਰੇ ਅਤੇ ਵਿਵਹਾਰ ਦੁਆਰਾ ਲੋਕਾਂ ਦੇ ਮਨਾ ਨੂੰ ਵੀ ਜਿਤ ਚੁਕੇ ਸਨ। ਕਿਰਸਾਨ ਅਤੇ ਕਾਮੇ, ਗਰੰਬ ਅਤੇ ਮਜ਼ਲੂਮ ਉਨ੍ਹਾਂ ਨੂੰ ਆਪਣਾ ਰਾਖਾ ਸਮਝਣ ਲਗ ਪਏ ਸਨ। ਇਹ ਗੱਲ ਲੋਕ- ਭਾਵਨਾ ਬਣ ਚੁਕੀ ਸੀ। ਇਸੇ ਲਈ ਕੀ ਮੁਸਲਮਾਨ ਤੇ ਕੀ ਹਿੰਦੂ(ਸਿਵਾਸੇ ਤੁਅਸਬੀ ਅਤੇ ਹਾਕਮ ਸ਼ਰੇਣੀ ਦੇ ਮੈਂਬਰਾਂ ਤੋਂ) ਉਨ੍ਹਾਂ ਨੂੰ ਸਤਿਕਾਰ ਦਿੰਦਾ ਸੀ ਅਤੇ ਲੋੜ ਪੈਣ ਤੇ ਜਾਨ ਹੀਲ ਕੇ ਵੀ ਉਨ੍ਹਾਂ ਦੀ ਸਹਾਇਤਾ ਕਰਦਾ ਸੀ। ਸਿੰਘ ਆਮ ਜਨਤਾ ਤੇ ਵਧੀਕੀ ਨਹੀਂ ਕਰਦੇ ਸਨ, ਇਸ ਦੇ ਉਲਟ ਉਨ੍ਹਾਂ ਦੀ ਪੀੜਾ ਆਪਣੀ ਪੀੜਾ ਸਮਝਦੇ ਸਨ। ਉਨ੍ਹਾਂ ਦੇ ਮਨ ਵਿਚ ਪ੍ਰਬਲ ਇੱਛਾ ਸੀ ਕਿ ਨਿਰਦਈ, ਪਖਪਾਤੀ, ਜਾਨ-ਮਾਰੂਰਾਜਨੀਤਕ ਸੰਰਚਨਾ ਨੂੰ ਖਤਮ ਕਰਨ ਵਿਚ ਹੀ ਪੰਜਾਬ ਦਾ ਤੇ ਆਮ ਲੋਕਾਂ ਦਾ ਭਲਾ ਹੈ। ਕਿਰਤ ਅਧਾਰਿਤ ਅਤੇ ਸਮਾਜਿਕ ਸਮਾਨਤਾ ਦੇ ਆਧਾਰ ਤੇ ਉਸਰੀ ਹੋਈ ਸਮਾਜ ਦੇ ਨਿਰਮਾਲ ਦੇ ਚਾਹਵਾਨ ਹੋਣ ਦੇ

ਨਾਤੇ ਉਹ ਉਸ ਅਨੁਸਾਰ ਰਾਜਨੀਤਕ ਢਾਂਚਾ ਵੀ ਨਿਰਮਿਤ ਕਰਨਾ ਚਾਹੁੰਦੇ ਸਨ। ਵਾਸਤਵ ਵਿਚ ਉਹ ਗੁਰੂਗੋਬਿੰਦ ਸਿੰਘ ਦੁਆਰਾ ਕਲਪਿਤ ਗਣਰਾਜ ਦੇ ਨਿਰਮਾਨ ਲਈ ਯਤਨਸ਼ੀਲ ਸਨ। ਆਪਣੇ ਮੰਤਵ ਦੀ ਪੂਰਤੀ ਲਈ ਪਹਿਲਾਂ ਉਨ੍ਹਾਂ ਨੇ ਮੁਗ਼ਲ ਸਰਕਾਰਾਂ ਵਿਰੁਧ ਲੜਾਈ ਲੜੀ ਅਤੇ ਹੁਣ ਅਫ਼ਗਾਨਿਸਤਾਨ ਦੇ ਬਾਦਸ਼ਾਹ ਅਹਿਮਦ ਸ਼ਾਹ ਅਬਦਾਲੀ ਨਾਲ ਵੀ ਲੋਹਾ ਲੈਣ ਲਈ ਹਰ ਵਕਤ ਤੱਤਪਰ ਸਨ। ਮੁਗ਼ਲ ਵਾਂਗ ਅਹਿਮਦਸ਼ਾਹ ਅਬਦਾਲੀ ਵੀ ਸਿੰਘਾਂ ਦੇ ਸੰਕਲਪਾਂ ਦੀ ਸਰਕਾਰ ਨਹੀਂ ਬਣਾ ਸਕਦਾ ਸੀ। ਉਹ ਰਾਜਨੀਤਕ ਢਾਂਚੇ ਨੂੰ ਲੋਕਾਂ ਦੇ ਸਰਬਪੱਖੀ ਭਲਾਈ ਲਈ ਬਦਲਣਾ ਚਾਹੁੰਦੇ ਸਨ ਨਾ ਕਿ ਕੇਵਲ ਸਰਕਾਰ ਨੂੰ ਬਦਲਣ ਦੇ ਹੱਕ ਵਿਚ ਸਨ। ਅਹਿਮਦਸ਼ਾਹ ਅਬਦਾਲੀ ਕੇਵਲ ਸਰਕਾਰ ਬਦਲਣਾ ਚਾਹੁੰਦਾ ਸੀ। ਨਾਕਿ ਮਨੁਖੀ ਭਾਈਚਾਰੇ ਦੀ ਰੁਖ-ਰੇਖਾ ਵਿਚ ਤਬਦੀਲੀ ਲਿਆਉਣਾ।

ਦੋ ਧਿਰਾਂ ਦੇ ਨਿਸ਼ਾਨੇ ਵਖੋ ਵਖ ਸਨ। ਇਸ ਲਈ ਦੋਹਾਂ ਧਿਰਾਂ ਵਿਚਕਾਰ ਲੜਾਈ ਦਾ ਹੋਣਾ ਵੀ ਅਵੰਸ਼ਕ ਸੀ। ਦੋਵੇਂ ਅੰਤਰਵਿਰੋਧੀ ਧਾਰਵਾਂ ਸਨ ਜੋ ਕਦੀ ਵੀ ਇਕੱਠੀਆਂ ਨਹੀਂ ਹੋ ਸਕਦੀਆਂ।

ਦੁਰਾਨੀ ਨੇ ਪੰਜਾਬ ਉਤੇ ਆਪਣੀ ਜਕੜ ਢਿਲੀ ਹੁੰਦੀ ਵੇਖ ਕੇ ਚੌਥੀ ਵਾਰ ਹਮਲਾ ਕੀਤਾ। ਇਸ ਵਾਰੀ ਉਸ ਨੇ ਹਮਲੇ ਦਾ ਮੁਖ ਕਾਰਣ ਮੁਗ਼ਲੀਆਂ ਸਲਤਨਤ ਨੂੰ ਪੂਰਨ ਤੌਰ ਤੇ ਕੰਮਜ਼ੋਰ ਕਰ ਕੇ ਮੁਗ਼ਲੀਆਂ ਹਕੂਮਤ ਵਲੋਂ ਪੰਜਾਬ ਉਤੇ ਦੋਬਾਰਾ ਕਬਜ਼ਾ ਕਰਨ ਦੀਆਂ ਸਾਜਸ਼ਾਂ ਦਾ ਭੋਗ ਪਾਉਣਾ ਸੀ। ਦਿਲੀ ਦੇ ਵਜ਼ੀਰ ਗਾਜ਼ੀ-ਉ-ਦੀਨ ਨੇ ਉਸ ਦੀ ਪਰਵਾਹ ਨਾ ਕਰਦੇ ਹੋਏ ਮੁਰਾਦ ਬੇਗਮ ਨੂੰ ਕੈਦ ਕਰ ਲਿਆ ਸੀ, ਉਸ ਦੀ ਸੜਕੀ ਉਮਦਾ ਬੇਗ਼ਮ ਨੂੰ ਜੋ ਸ਼ਾਹ ਦੇ ਪੁੱਤਰ ਤੈਮੂਰ ਨੂੰ ਪਰਣਾਈ ਹੋਈ ਸੀ, ਜ਼ੋਰੀਂ-ਦਿੱਲੀ ਲੈ ਗਿਆ ਅਤੇ ਲਾਹੌਰ ਦੀ ਸੂਬੇਦਾਰੀ ਅਦੀਨਾਬੇਗ ਨੂੰ ਦੇ ਦਿੱਤੀ। ਖਵਾਜਾ ਉਬੈਦੁੱਲਾ ਖ਼ਾਂ ਅਤੇ ਮੁਰਾਦ ਬੇਗਮ ਵਲੋਂ ਪੁੱਜੀਆਂ ਚਿੱਠੀਆਂ ਦੇ ਉਤਰ ਵਿਚ ਦੁਰਾਨੀ ਨੇ ਪਹਿਲਾਂ ਅਕਤੂਬਰ ਸੰਨ 1756 ਈ: ਨੂੰ ਆਪਣੇ ਏਲਚੀ ਭੇਜ ਦਿਤੇ ਜਿਨ੍ਹਾਂ ਨੇ 25 ਨਵੰਬਰ ਨੂੰ ਲਾਹੌਰ ਉਤੇ ਕਬਜ਼ਾ ਕਰ ਲਿਆ। 20 ਦਸੰਬਰ 1756 ਈ. ਨੂੰ ਖੁਦ ਵੀ ਅਹਿਮਦਸ਼ਾਹ ਲਾਹੌਰ ਆ ਪੁੱਜਾ। ਅਦੀਨਾ ਬੇਗ ਤੇ ਸਯੱਦ ਜਮੀਲ-ਦੀਨ ਪਹਿਲਾਂ ਹੀ ਲਾਹੋਰੋਂ ਭਜ ਗਏ ਸਨ। ਸ਼ਾਹ ਨੇ ਲਾਹੌਰ ਦੀ ਹਕੂਮਤ ਖ਼ੁਆਜਾ ਮਿਰਜ਼ਾ ਜਾਨ ਨੂੰ, ਜਲੰਧਰ ਦੀ ਖ਼ੁਆਜ਼ਾ ਉਬੈਦੁਲਾ ਨੂੰ ਅਤੇ ਚੜ੍ਹਦੇ ਪਹਾੜੀ ਇਲਾਕੇ ਦੇ ਰਾਜ ਅਖੰਡ ਚੰਦ ਕਾਗੜੀਏ ਨੂੰ ਦੇ ਦਿੱਤੀ ਅਤੇ ਆਪ ਸਿਧਾ ਦਿਲੀ ਨੂੰ ਕੂਚ ਕਰ ਗਿਆ। ਅਗਿਉਂ ਕਿਸੇ ਨੇ ਟਾਕਰਾ ਦੀ ਕਰਨਾ ਸੀ। ਵਜ਼ੀਰ ਗਾਜ਼ੀ-ਉ-ਦੀਨ ਇਮਾਦੁਲ-ਮਲਕ ਹੱਥ ਬਨੀ ਆ ਹਾਜ਼ਰ ਹੋਇਆ। 28 ਜਨਵਰੀ ਸੰਨ 1757 ਈ: ਨੂੰ ਬਾਦਸ਼ਾਹ ਆਲਮਗੀਰ ਦੂਸਰਾ ਖ਼ੁਦ ਫਤਿਹਪੁਰੀ ਮਸਜਿਦ ਕੋਲ ਅਹਿਮਦਸ਼ਾਹ ਦੁਰਾਨੀ ਦੀ ਸੇਵਾ ਵਿਚ ਹਾਜ਼ਿਰ ਹੋਇਆ ਅਤੇ ਆਪਣੇ ਨਾਲ ਉਸਨੂੰ ਲਾਲ ਕਿਲ੍ਹੇ ਵਿਚ ਲੈ ਗਿਆ। ਦਿਲੀ ਦੀ ਹਕੂਮਤ ਤਾਂ ਅਹਿਮਦਸ਼ਾਹ ਨੇ ਬਖ਼ਸ਼ ਦਿੱਤੀ, ਪਰ ਰਾਜਧਾਨੀ ਦੇ ਕਿਲ੍ਹੇ ਅਤੇ ਸ਼ਹਿਰ ਨੂੰ ਲੁਟ-ਪੁਟ ਕੇ ਧੂੜ ਉਡਾ ਦਿੱਤੀ ਅਤੇ ਮੁਗਲਾਂ ਨੂੰ ਗਲੀਆਂ ਦੇ ਕੱਖਾਂ ਤੋਂ ਵੀ ਹੌਲਾ ਕਰ ਕੇ ਰਖ ਦਿੱਤਾ। ਸਰਦਾਰਾਂ ਦੇ ਘਰਾਂ ਦੀ ਬਾਕਾਇਦਾ ਤਲਾਸ਼ੀ ਲਈ ਗਈ ਅਤੇ ਕਰੋੜਾ ਰੁਪਏ ਦੇ ਹੀਰੇ ਤੇ ਨਕਦੀ ਪ੍ਰਾਪਤ ਕੀਤੀ ਗਈ। ਮੁਗ਼ਲਾਨੀ ਬੇਗਮ ਨੇ ਇਸ ਕੰਮ ਵਿਚ ਅਹਿਮਦਸ਼ਾਹ ਦੀ ਬੜੀ ਸਹਾਇਤਾ ਕੀਤੀ। ਉਸ ਨੇ ਖ਼ਾਸ ਤੌਰ ਤੇ ਇੰਤਜ਼ਾਮ-ਉਦ-ਦੌਲਾ ਦੇ ਘਰ ਨੂੰ ਲੁਟਵਾਉਣ ਵਿਚ ਮਦਦ ਕੀਤੀ। ਇਸ ਤੋਂ ਇਲਾਵਾ ਰਾਜਧਾਨੀ ਦਿਲੀ ਦੇ ਹਰ ਘਰ ਉਤੇ ਟੈਕਸ ਲਗਾਇਆ ਗਿਆ ਜਿਸ ਦੀ ਉਗਰਾਹੀ ਯਹੀਆ ਖਾਂ ਨੇ ਕੀਤੀ।

ਦਿਲੀ ਤੋਂ ਅਹਿਮਦਸ਼ਾਹ ਮਥੁਰਾ ਅਤੇ ਗੋਕਲ ਗਿਆ ਉਥੇ ਉਸ ਨੇ ਲੋਕਾਂ ਦਾ ਕਤਲਾਮ ਵੀ ਕੀਤਾ ਅਤੇ ਲੁਟਿਆ ਵੀ। ਆਗਰਾ ਵੀ ਉਸ ਦੀ ਮਾਰ ਤੋਂ ਬਚ ਨਾ ਸਕਿਆ। ਗੋਕਲ ਵਿਖੇ ਆਮ ਲੋਕਾ ਤੋਂ ਇਲਾਵਾ ਉਸਨੇ ਭਗਵੇ ਕਪੜਿਆ ਵਾਲੇ ਦੋ ਸੌ ਸਾਧੂਆਂ ਨੂੰ ਤਲਵਾਰ ਦੇ ਘਟ ਉਤਾਰ ਦਿੱਤਾ। ਇਕ ਮੁਸਲਮਾਨ ਚਸ਼ਮਦੀਦ ਲੇਖਕ ਮਥੁਰਾ ਵਿਖੇ ਤਬਾਹੀ ਦਾ ਦ੍ਰਿਸ਼ ਇੰਜ ਬਿਆਨ ਕਰਦਾ ਹੈ:-

"ਹਰ ਗਲੀ ਅਤੇ ਬਾਜ਼ਾਰ ਵਿਚ ਸਿਰਾਂ ਬਿਨਾਂ ਧੜ ਖਿਲਰੇ ਪਏ ਸਨ।

ਸਾਰਾ ਸ਼ਹਿਰ ਜਲ ਰਿਹਾ ਸੀ। ਬਹੁਤ ਸਾਰੀਆਂ ਇਮਾਰਤਾਂ ਢਹਿ ਢੇਰੀ ਕਰ

ਦਿੱਤੀਆਂ ਗਈਆਂ ਸਨ। ਨਿਕਟ ਵਗਦਾ ਜਮਨਾ ਨਦੀ ਦਾ ਪਾਣੀ ਨਿਰਦੋਸ਼ਾਂ

ਦੀ ਰੱਤ ਨਾਲ ਸੂਹਾ ਹੋ ਗਿਆ ਸੀ"

ਉਪਰੰਤ ਉਹ ਭਰਤਪੁਰ ਨੂੰ ਵੀ ਲੁਟਣਾ ਚਾਹੁੰਦਾ ਸੀ, ਪਰੰਤੂਆਪਣੇ ਕੈਂਪ ਵਿਚ ਹੈਜ਼ਾ ਫੈਲਣ ਕਾਰਣ ਉਹ ਵਾਪਸ ਮੁੜਨ ਲਈ ਮਜਬੂਰ ਹੋ ਗਿਆ। ਐਨ. ਕੇ. ਸਿਨਹਾ ਦੇ ਕਥਨ ਅਨੁਸਾਰ "ਲੁਟੀ ਹੋਈ ਦੌਲਤ ਨੂੰ 28 ਹਜ਼ਾਰ ਗਧੇ, ਖਚਰਾਂ ਅਤੇ ਘੋੜਿਆਂ ਆਦਿ ਤੇ ਲੱਦਿਆ ਗਿਆ। ਇਸਤੋਂ ਇਵਾਲਾ 8● ਹਜ਼ਾਰ ਘੋੜ ਸਵਾਰਾਂ ਜਾਂ ਪਿਆਦਾ ਸਿਪਾਹੀਆਂ ਵਿਚੋਂ ਹਰੇਕ ਕੋਲ ਜੋ ਖਜ਼ਾਨੇ ਦੇ ਨਾਲ ਜਾ ਰਹੇ ਸਨ ਲੁਟ-ਮਾਰ ਦਾ ਮਾਲ ਸੀ' ਅਹਿਮਦਸ਼ਾਹ ਨੇ 14 ਫਰਵਰੀ ਸੰਨ 1757 ਨੂੰ ਦਿੱਲੀ ਆਪਣੇ ਪੁੱਤਰ ਦਾ ਨਿਕਾਹ ਆਲਮਗੀਰ ਬਾਦਸ਼ਾਹ ਦੀ ਲੜਕੀ ਗੌਹਰ ਅਫਰੋਜ਼ ਬਾਨੇ ਬੇਗਮ ਨਾਲ ਪੜ੍ਹਾ ਲਿਆ ਸੀ। ਹੁਣ ਜਾਂਦੀ ਵਾਰੀ ਆਪਣਾ ਵਿਵਾਹ ਬਾਦਸ਼ਾਹ ਅਹਿਮਦਸ਼ਾਹ ਦੀ ਲੜਕੀ ਹਜ਼ਰਤ ਬੇਗਮ ਨਾਲ ਕਰ ਲਿਆ। ਚੜ੍ਹਦੇ ਅਪਰੈਲ ਅਹਿਮਦਸ਼ਾਹ ਦੀਆਂ ਖੂਬਸੂਰਤ ਔਰਤਾਂ, ਚਾਰ ਕੁ ਸੌ ਨੌਕਰਾਣੀਆਂ ਅਤੇ ਦਸ ਕਰੋੜ ਦੀ ਲੁਟ ਲੈ ਕੇ ਅਫ਼ਗਾਨਿਸਤਾਨ ਨੂੰ ਮੁੜ ਪਿਆ। ਇਕ ਮਰਹੱਟੀ ਖਬਰਰਸਾਂ ਅਨੁਸਾਰ ਪਠਾਣ ਆਪਣੇ ਨਾਲ ਵਜ਼ੀਰਾਂ ਅਤੇ ਅਮੀਰਾਂ ਦੀਆਂ ਖੂਬਸੂਰਤ ਜਵਾਨ ਲੜਕੀਆਂ ਅਤੇ ਇਸਤਰੀਆਂ ਲੈ ਗਏ।"

ਸਿੰਘ ਇਹ ਸਭ ਕੁਝ ਆਪਣੀ ਅਖੀਂ ਵੇਖ ਰਹੇ ਸਨ। ਉਨ੍ਹਾਂ ਨੂੰ ਜਨਤਾ ਦੀ ਪੀੜਾ ਪੀੜਤ ਕਰ ਰਹੀ ਸੀ, ਉਥੇ ਅਣਖਹੀਣ ਮੁਗਲਾਂ ਵਿਰੁਧ ਵੀ ਹੈਰਾਨੀ ਹੋ ਰਹੀ ਸੀ। ਉਹ ਅਹਿਮਦਸ਼ਾਹ ਅਬਦਾਲੀ ਦੇ ਅੰਤਰੀਵ ਭਾਵ ਤੋਂ ਜਾਣੂਸਨ, ਅਤੇ ਇਸ ਲਈ ਉਨ੍ਹਾਂ ਨੇ ਤਹੱਈਆ ਕੀਤਾ ਹੋਇਆ ਸੀ ਕਿ ਉਹ ਉਹ ਦੇ ਪੈਰ ਨਹੀਂ ਲਗਣ ਦੇਣਗੇ।

ਜਿਸ ਵੇਲੇ ਅਹਿਮਦ ਸ਼ਾਹ ਦਾ ਪੁੱਤਰ ਸਾਹਜ਼ਾਦਾ ਤੈਮੂਰ ਮੂਰਲੇ ਦਸਤਿਆਂ ਨਾਲ ਸਰਹਿੰਦ ਦੇ ਨੇੜੇ ਪੁੱਜਾ ਤਾਂ ਪਟਿਆਲੇ ਦੇ ਸਰਦਾਰ ਆਲ੍ਹਾ ਸਿੰਘ ਅਤੇ ਹੋਰ ਸਰਦਾਰਾਂ ਨੇ ਹੱਲਾ ਕਰ ਕੇ ਉਸ ਦਾ ਖਜ਼ਾਨਾ ਲੁੱਟ ਲਿਆ। ਦੂਸਰਾ ਹੱਲਾ ਮਾਵਰਕੋਟ ਪਾਸ ਕੀਤਾ ਅਤੇ ਤੈਮੂਰ ਦਾ ਕਾਫ਼ੀ ਮਾਲ ਖੋਹ ਲਿਆ। ਸਿੰਘਾਂ ਦੇ ਤਾਬੜ-ਤੋੜ ਹਮਲਿਆਂ ਕਾਰਣ ਦੁਰਾਨੀ ਫੌਜ ਉਤੇ ਅਜਿਹਾ ਡਰ ਬੈਠਾ ਗਿਆ ਤੇ ਅਜਿਹੀਆਂ ਝੂਠੀਆਂ ਹਵਾਈਆਂ ਵੀ ਉਡਣ ਲਗ ਪਈਆਂ ਕਿ ਸਿੰਘਾਂ ਨੇ ਤੈਮੂਰ ਨੂੰ ਫੜ ਲਿਆ ਅਤੇ ਮਾਰ ਦਿੱਤਾ ਹੈ।

ਰੋਹ ਵਿਚ ਆਏ ਹੋਏ ਤੈਮੂਰ ਸ਼ਾਹ ਅਤੇ ਜਹਾਨ ਖ਼ਾਂ ਨੇ ਨਾਸਰ ਅਲੀ ਖਾਂ ਜਲੰਧਰੀਏ ਦੀ ਸਹਾਇਤਾ ਮੰਗ ਭੇਜੀ ਅਤੇ

ਕਰਤਾਰਪੁਰ ਦੇ ਸ਼ਹਿਰ ਨੂੰ ਖੂਬ ਲੁਟਿਆ। ਕਈ ਆਦਮੀ ਕਤਲ ਕਰ ਦਿੱਤੇ ਅਤੇ ਗੁਰਦਵਾਰਾ ਥੰਮ ਸਾਹਿਬ ਨੂੰ ਅੱਗ ਲਗਾ ਦਿੱਤੀ ਅਤੇ ਗਊਆਂ ਮਾਰ ਕੇ ਉਥੇ ਸੁਟ ਦਿੱਤੀਆਂ।

ਕਰਤਾਰਪੁਰ ਦਾ ਉਜਾੜਾ ਤੇ ਪਾਵਨ ਗੁਰਦਵਾਰਿਆਂ ਦੀ ਬੇਅਦਬੀ ਸਿਖਾਂ ਲਈ ਅਸਹਿ ਸੀ। ਦਲ ਖਾਲਸਾ ਦੇ ਸਰਵ ਸਰੇਸ਼ਟ ਆਗੂਸ: ਜੱਸਾ ਸਿੰਘ ਨੇ ਸਿਖ ਸਰਦਾਰਾਂ ਨੂੰ ਹੋਰ ਤੇਜ਼ੀ ਤੇ ਤੀਖਣਤਾ ਸਹਿਤ ਕਾਰਵਾਈ ਕਰਨ ਲਈ ਆਖਿਆ।

ਜਦੋਂ ਅਹਿਮਦਸ਼ਾਹ ਗੋਇੰਦਵਾਲ ਦੇ ਪਤਣ ਤੋਂ ਪਾਰ ਹੋਕੇ ਫਤਿਹਾਬਾਦ ਦੇ ਰਾਹ ਥਾਣੀਂ ਲਾਹੌਰ ਵਲ ਨੂੰ ਮੁੜਿਆ ਜਾ ਰਿਹਾ ਸੀ ਤਾਂ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਉਸ ਦੇ ਮਗਰ ਪੈ ਗਿਆ ਅਤੇ ਜਿਥੇ ਦਾਉ ਲੱਗਾ, ਝਪਟ ਜਾ ਮਾਰੀ ਅਤੇ ਜੋ ਮਾਲ ਹੱਥ ਲੱਗਾ ਖੋਹ ਲਿਆ। ਇਸ ਤਰ੍ਹਾਂ ਅਹਿਮਦਸ਼ਾਹ ਦੁਰਾਨੀ ਨੂੰ ਸ: ਜੱਸਾ ਸਿੰਘ ਨੇ ਬਹੁਤ ਤੰਗ ਕੀਤਾ।

ਖਿੰਡੇ ਹੋਏ ਅਹਿਮਦਸ਼ਾਹ ਨੇ ਲਾਹੌਰ ਪੁੱਜ ਕੇ ਸਿਖਾਂ ਕੋਲੋਂ ਬਦਲਾ ਲੈਣ ਲਈ ਫ਼ੌਜੀ ਟੁਕੜੀਆਂ ਭੇਜੀਆਂ। ਬਹੁਤ ਸਾਰੇ ਸਿੱਖਾਂ ਨੂੰ ਕਤਲ ਕਰ ਦਿੱਤਾ ਗਿਆ, ਬਹੁਤ ਸਾਰਿਆਂ ਨੂੰ ਬੰਦੀ ਬਣਾ ਲਿਆ ਗਿਆ। ਅੰਮ੍ਰਿਤਸਰ ਸ਼ਹਿਰ ਮੁਕੰਮਲ ਤੌਰ ਤੇ ਲੁੱਟ ਲਿਆ ਗਿਆ, ਇਸ ਦੀਆਂ ਇਮਾਰਤਾਂ ਬਰਬਾਦ ਕਰ ਦਿੱਤੀਆਂ ਗਈਆਂ ਅਤੇ 'ਅੰਮ੍ਰਿਤਸਰ' ਨਾਮਕ ਪਾਵਨ ਸਰੋਵਰ ਦੀ ਵੀ ਬੇਅਬਦੀ ਕੀਤੀ ਗਈ।

ਨੁਕਸਾਨ ਦੇ ਬਾਵਜੂਦ ਵੀ ਸਿਖਾਂ ਨੇ ਅਹਿਮਦਸ਼ਾਹ ਅਬਦਾਲੀ ਦਾ ਪਿੱਛਾ ਨਾ ਛੱਡਿਆ। ਜਦੋਂ ਉਹ ਪਿਸ਼ਾਵਰ ਦੇ ਰਾਹੀਂ ਕਾਬਲ ਵਾਪਸ ਜਾ ਰਿਹਾ ਸੀ, ਸ: ਚੜ੍ਹਤ ਸਿੰਘ ਸ਼ੁਕਰਚਰੀਆ ਨੇ ਆਪਣੇ ਸਾਥੀਆਂ ਨਾਲ ਉਸ ਉਤੇ ਕਈ ਵਾਰ ਹਲਾ ਕੀਤਾ ਅਤੇ ਮਾਲ-ਅਸਬਾਬ ਖੋਹ ਕੇ ਹਰਨ ਹੋ ਗਿਆ। ਪ੍ਰੋਫੈਸਰ ਸੁਰਜੀਤ ਸਿੰਘ ਗਾਂਧੀ ਨੇ ਆਪਣੀ ਪੁਸਤਕ 'ਸਟਰਗਲ ਔਫ ਦਾ ਸਿਖਜ਼ ਫਾਰ ਸੋਵਰੇਨਿਟੀ (Struggle of the Sikhs for Sovernity) ਦੇ ਪੰਨਾ 176-177 ਤੇ ਲਿਖਿਆ ਹੈ: ਜਦੋਂ ਅਫਗਾਨ ਫ਼ੌਜਾਂ ਸ਼ਾਮ ਵੇਲੇ ਰਾਤ ਨੂੰ ਆਰਾਮ ਕਰਨ ਵਾਸਤੇ ਖੇਮੇ ਗਡ ਰਹੀਆਂ ਹੁੰਦੀਆਂ ਸਨ, ਤਾਂ ਚੜ੍ਹਤ ਸਿੰਘ ਆਪਣੇ ਸਾਥੀਆਂ ਨਾਲ ਉਨ੍ਹਾਂ ਤੇ ਟੁਟ ਪੈਂਦਾ, ਕੁਝ ਸਮਾਂ ਲੜਦਾ ਤੇ ਰਾਤ ਦੇ ਹਨੇਰੇ ਵਿਚ ਜੋ ਕੁਝ ਹੱਥ ਲਗਦਾ ਲੈ ਕੇ ਹਰਨ ਹੋ ਜਾਂਦਾ। ਅਹਿਮਦ ਸ਼ਾਹ ਦੀ ਤੀਬਰ ਖਾਹਸ਼ ਸੀ ਕਿ ਉਹ ਉਸ ਨਾਲ ਜੰਮ ਕੇ ਲੜਾਈ ਲੜੇ, ਪਰ ਚੜ੍ਹਤ ਸਿੰਘ ਨੇ ਉਸ ਨੂੰ ਅਜਿਹਾ ਮੌਕਾ ਨਾ ਦਿੱਤਾ ਅਤੇ ਉਸ ਨੂੰ ਮਤਵਾਤਰ ਜਿੱਚ ਕਰਦਾ ਰਿਹਾ ਜਦੋਂ ਤੀਕ ਕਿ ਉਹ ਸਿੰਧ ਨਦੀ ਪਾਰ ਨਾ ਕਰ ਗਿਆ।

ਕਾਬਲ ਵਲ ਕੂਚ ਕਰਨ ਤੋਂ ਪਹਿਲਾਂ ਅਹਿਮਦਸ਼ਾਹ ਨੇ ਆਪਣੇ ਪੁੱਤਰ ਤੈਮੂਰ ਸ਼ਾਹ ਨੂੰ ਜਿਸ ਦੀ ਉਮਰ ਕੇਵਲ 11 ਸਾਲ ਦੀ ਸੀ, ਲਾਹੌਰ ਦਾ ਹਾਕਮ ਅਤੇ ਬਖਸ਼ੀ ਜਹਾਨ ਖ਼ਾਨ ਨੂੰ ਉਸ ਦਾ ਨਾਇਬ ਬਣਾ ਦਿੱਤਾ। ਇਸ ਖਿਆਲ ਨਾਲ ਕਿ ਜੰਮੂਵਾਲਾ ਰਣਜੀਤ ਦੇਵ ਤੈਮੂਰ ਦੀ ਵੇਲੇ ਕੁਵੇਲੇ ਹਿਮਾਇਤ ਅਤੇ ਸਹਾਇਤਾ ਕਰਦਾ ਰਹੇਗਾ। ਅਤੇ ਪਹਾੜੀ ਇਲਾਕੇ ਵਿਚ ਕੋਈ ਬਗ਼ਾਵਤ ਨਹੀਂ ਹੋਣ ਦੇਵੇਗਾ। ਸਿਆਲਕੋਟ ਦੇ ਜ਼ਿਲ੍ਹੇ ਦੇ ਜ਼ਫਰਵਾਲਾ, ਸਨਖ਼ਤਰਾ ਅਤੇ ਔਰੰਗਾਬਾਦ ਪਰਗਣੇ ਉਸ ਨੂੰ ਦੇ ਦਿੱਤੇ।

ਇਸ ਤਰ੍ਹਾਂ ਆਪਣੀ ਵਲੋਂ ਤਾਂ ਸਾਰਾ ਪੰਜਾਬ ਅਹਿਮਦਸ਼ਾਹ ਨੇ ਆਪਣੇ ਅਫ਼ਗਾਨ ਰਾਜ ਦਾ ਹਿੱਸਾ ਬਣਾ ਲਿਆ, ਪਰ ਉਸ ਦਾ ਅਸਲੀ ਹੁਕਮ ਲਾਹੌਰ ਦੇ ਆਲੇ ਦੁਆਲੇ ਦੇ ਕੁਝ ਪਿੰਡਾਂ ਤੋਂ ਬਿਨਾਂ ਕਿਧਰੇ ਵੀ ਨਹੀਂ ਸੀ ਚਲਦਾ। ਮਾਝੇ ਰਿਆੜਕੀ, ਦੁਆਬੇ ਵਿਚ ਇਲਾਕਿਆਂ ਦੇ ਇਲਾਕੇ ਸਿੰਘ ਸਰਦਾਰਾਂ ਨੇ ਮੱਲੇ ਹੋਏ ਸਨ ਅਤੇ ਉਹ ਸਮੁਚੇ ਪੰਜਾਬ ਵਿਚ ਖਾਲਸਾ ਰਾਜ ਸਥਾਪਿਤ ਕਰਨ ਲਈ ਬੇਤਾਬ ਸਨ।

ਤੈਮੂਰ ਸ਼ਾਹ ਨੇ ਪੰਜਾਬ ਦੀ ਵਾਗਡੋਰ ਸੰਭਾਲਦਿਆਂ (ਮਈ 1757) ਹੀ ਸਿਖਾਂ ਵਲੋਂ ਖ਼ਤਰੇ ਨੂੰ ਭਾਸ ਲਿਆ। ਇਸ ਲਈ ਉਸ ਨੇ ਕੁਝ ਪਰਬੰਧਕੀ ਕੰਮ ਕਰਨ ਤੋਂ ਛੇਤੀ ਪਿਛੋਂ ਇਨ੍ਹਾਂ ਵਲ ਧਿਆਨ ਦਿੱਤਾ। ਉਨ੍ਹਾਂ ਦੀ ਉਭਰ ਰਹੀ ਤਾਕਤ ਤੇ ਵੱਧ ਰਹੀ ਲੋਕ-ਪ੍ਰਿਯਤਾ ਉਸ ਨੂੰ ਕਦਾਚਿਤ ਪਸੰਦ ਨਹੀਂ ਸੀ। ਇਸ ਲਈ ਉਨ੍ਹਾਂ ਦੇ ਵੱਕਾਰ ਨੂੰ ਤਕੜੀ ਸੱਟ ਮਾਰਣ ਲਈ ਮਨ ਬਣਾ ਲਿਆ। ਐਨ ਇਸ ਮੌਕੇ ਤੇ ਉਸ ਨੂੰ ਖਬਰ ਮਿਲੀ ਕਿ ਸ੍ਰੀ ਰਾਮ ਦਾਸ ਸਰੋਵਰ ਵਿਚ ਅਸ਼ਨਾਨ ਕਰਨ ਲਈ ਛੇਤੀ ਹੀ ਸਿਖ ਇਕਠੇ ਹੋਣ ਵਾਲੇ ਸਨ। ਉਸ ਦੇ ਨਾਇਬ ਜਹਾਨ ਖਾਂ ਨੇ ਤੁਰੰਤ ਹੱਲਾ ਕਰਨ ਦੀ ਤਿਆਰੀ ਕਰ ਲਈ। ਮੁਹਿੰਮ ਨੂੰ ਜ਼ੋਰਦਾਰ ਤੇ ਵਿਆਪਕ ਰੂਪ ਦੇਣ ਲਈ, ਸਿਖਾਂ ਵਿਰੁਧ ਜਹਾਦ ਦਾ ਨਾਅਰਾ ਵੀ ਬੁਲੰਦ ਕਰ ਦਿੱਤਾ। ਲਾਹੌਰ ਨਿਵਾਸਿਆਂ ਨੂੰ ਉਚੇਚੇ ਤੌਰ ਤੇ ਇਸ 'ਪੁਨ' ਕਰਮ ਵਿਚ ਭਾਗ ਲੈਣ ਲਈ ਉਭਾਰਿਆ ਗਿਆ। ਮੁਗਲਾਨੀ ਬੇਗ਼ਮ ਜਿਸ ਪਾਸ ਕੇਵਲ-5 ਘੋੜ ਸਵਾਰ ਸਨ, ਨੇ ਵੀ ਤਹਿਮਾਨ ਖਾਂ ਦੀ ਅਗਵਾਈ ਹੇਠ ਆਪਣੇ ਸਾਰੇ ਘੋੜ ਸਵਾਰ ਜਹਾਦ ਵਿਚ ਹਿੱਸਾ ਪਾਉਣ ਲਈ ਭੇਜ ਦਿੱਤੇ। ਹਮਲਾਵਰ ਫ਼ੌਜ ਦੀ ਨਫ਼ਰੀ ਲਗ ਭਗ 2● ਹਜ਼ਾਰ ਤਕ ਪਹੁੰਚ ਗਈ। ਜਹਾਨ ਖਾਂ ਨੇ ਅਤਾਈ ਖਾਂ ਨੂੰ ਵੀ ਸੁਨੇਹਾ ਭੇਜ ਦਿੱਤਾ ਕਿ ਉਹ ਵੀ ਛੇਤੀ ਕੂਚ ਕਰ ਕੇ ਉਸ ਪਾਸ ਪਹੁੰਚ ਜਾਵੇ ਤਾਂ ਜੋ ਅੰਮ੍ਰਿਤਸਰ ਉਤੇ ਇਕ ਭਰਪੂਰ ਹਮਲਾ ਕੀਤਾ ਜਾ ਸਕੇ।

ਸਿਖਾਂ ਨੂੰ ਇਨ੍ਹਾਂ ਤਿਆਰੀਆਂ ਦੀ ਸੂਹ ਮਿਲ ਚੁਕੀ ਸੀ। ਉਹ ਵੀ ਸਾਰੇ ਪਾਸਿਆਂ ਤੋਂ ਬੜੀ ਤੇਜ਼ੀ ਨਾਲ ਅੰਮ੍ਰਿਤਸਰ ਵਿਖੇ ਇਕੱਠੇ ਹੋ ਗਏ। ਬਾਬਾ ਦੀਪ ਸਿੰਘ ਦਮਦਮੇ ਸਾਹਿਬ ਤੋਂ ਆਪਣੇ ਜਥੇ ਸਮੇਤ ਅੰਮ੍ਰਿਤਸਰ ਵਲ ਟੁਰ ਪਿਆ। ਤਰਨ ਤਾਰਨ ਤਕ ਪੁੱਜਣ ਸਮੇਂ ਉਸ ਪਾਸ ਸਿੰਘਾਂ ਦੀ ਗਿਣਤੀ 5●●● ਤਕ ਪਹੁੰਚ ਗਈ ਸੀ। ਤਰਨ ਤਾਰਨ ਸਾਹਿਬ ਦੇ ਗੁਰਦੁਆਰਿਆਂ ਵਿਚ ਮੱਥਾ ਟੇਕ ਕੇ ਕੇਸਰੀ ਬਾਣਾ ਪਹਿਨ ਕੇ ਕਲਾਈਆਂ ਦੁਆਲੇ ਗਾਨੇ ਬੰਨ੍ਹ ਕੇ ਸਿੰਘ ਜਹਾਨ ਖਾਂ ਅਤੇ ਅਤਈ ਖਾਂ ਦਾ ਟਾਕਰਾ ਕਰਨ ਵਾਸਤੇ ਟੁਰ ਪਏ। ਜਹਾਨ ਖਾਂ ਅਤੇ ਸਿਖਾਂ ਵਿਚਕਾਰ ਗਰੇਵਾਲ ਦੇ ਸਥਾਨ ਤੇ ਗਹਿਗਚ ਲੜਾਈ ਹੋਈ। ਜਿਸ ਵਿਚੋਂ ਜਹਾਨ ਖਾਂ ਦੇ ਸਿਪਾਹੀਆਂ ਨੂੰ ਬਹੁਤ ਮਾਰ ਪਈ। ਐਨ ਇਸ ਅਵਸਰ ਤੇ ਅਤਈ ਖਾਂ ਦੀ ਤਾਜ਼ਾ ਫ਼ੌਜੀ ਟੁਕੜੀ ਪਹੁੰਚਣ ਨਾਲ ਲੜਾਈ ਫਿਰ ਜ਼ੋਰਾਂ ਤੇ ਹੋ ਗਈ। ਸਿਖਾਂ ਨੂੰ ਸ਼ਕੱਸਤ ਹੋਈ। ਮਹਾਨ ਚਿੰਤਕ ਅਤੇ ਯੋਧਾ ਨਾਲ ਦੀਪ ਸਿੰਘ ਲੜਦਾ ਲੜਦਾ ਸ਼ਹੀਦ ਹੋ ਗਿਆ। ਬਾਬਾ ਦੀਪ ਸਿੰਘ ਨੂੰ ਮਾਰੂਘਾਉ ਲੱਗਾ, ਪਰ ਉਸ ਬਹਾਦਰ ਸਿੰਘ ਨੇ ਆਪਣੇ ਜ਼ਖ਼ਮੀ ਸਿਰ ਨੂੰ ਖੱਬੇ ਹੱਥ ਦਾ ਸਹਾਰਾ ਦੇ ਕੇ ਲੜਨਾ ਜਾਰੀ ਰਖਿਆ ਅਤੇ ਅੰਤ ਦਰਬਾਰ ਸਾਹਿਬ ਦੀ ਪਰਕਰਮਾਂ ਵਿਚ ਜਾ ਕੇ ਜਾਨ ਦਿੱਤੀ। ਅਫ਼ਗਾਨ ਫ਼ੌਜਾਂ ਨੇ ਅੰਮ੍ਰਿਤਸਰ ਤੇ ਕਬਜ਼ਾ ਕਰ ਲਿਆ, ਹਰਿਮੰਦਰ ਦੇ ਦੁਆਰਾਂ ਤੇ ਖੜੇ ਪੰਜ ਸਿੱਖਾਂ ਨੂੰ ਤਲਵਾਰ ਦੇ ਘਾਟ ਉਤਾਰ ਕੇ ਹਰਿਮੰਦਰ ਵਿਚ ਪ੍ਰਵੇਸ਼ ਕੀਤਾ, ਪੁਨੀਤ ਸਰੋਵਰ ਨੂੰ ਗੰਦਗੀ ਨਾਲ ਭਰ ਦਿੱਤਾ ਗਿਆ। ਹਰਿਮੰਦਰ ਅਤੇ ਸਰੋਵਰ ਦੀ ਬੇਅਦਬੀ ਸਿਖ ਮਨਾਂ ਲਈ ਇਕ ਅਸਹਿ ਚੋਭ ਅਤੇ ਸਿਖ ਵਿਚਾਰਧਾਰਾ ਨੂੰ ਇਕ ਵੱਡਾ ਚੈਲੰਜ ਸੀ। ਨਤੀਜੇ ਦੇ ਤੌਰ ਤੇ ਹਰ ਪਾਸੇਂ ਸਿਖਾਂ ਨੇ ਵਿਦਰੋਹ ਦਾ ਝੰਡਾ ਬੁਲੰਦ ਕਰ ਦਿੱਤਾ।

ਇਨ੍ਹੀ ਦਿਨੀ ਸ: ਜੱਸਾ ਸਿੰਘ ਦੀ ਸੁਯੋਗ ਅਗਵਾਈ ਵਖ ਵੱਖ ਇਲਾਕਿਆਂ ਵਿਚ ਕਰਾਂਤੀਕਾਰੀ ਸਿਖਾਂ ਨੂੰ ਸੇਧ ਦਿੰਦੀ ਸੀ ਤੇ ਨਾਲ ਲੋੜੀਂਦਾ ਹੌਂਸਲਾ ਵੀ। ਜੱਸਾ ਸਿੰਘ ਨੇ ਆਪ ਤੈਮੂਰ ਵਲੋਂ ਥਾਪੇ ਗਏ ਜਲੰਧਰ ਦੁਆਬ ਦੇ ਫ਼ੌਜਦਾਰ ਅਦੀਨਬੇਗ ਨਾਲ ਕਈ ਵਾਰੀ ਟੱਕਰ ਲਈ। ਇਸ ਟੱਕਰ ਵਿਚ ਉਸ ਨੇ ਉਸਦੇ ਪਰਸਿਧ ਜਰਨੈਲ ਕੁਤਬ ਖਾਂ ਨੂੰ ਤੀਰ ਨਾਲ ਚਿੱਤ ਕਰ ਦਿੱਤਾ ਅਤੇ ਇਕ ਹੋਰ ਟੱਕਰ ਵਿਚ ਉਸ ਨੇ ਖੰਡੇ ਦਾ ਵਾਰ ਕਰ ਕੇ ਸੈਦ ਖਾਂ ਦੀ ਬਾਂਹ ਵੱਢ ਦਿੱਤੀ।

ਇਸ ਤੋਂ ਛੇਤੀ ਹੀ ਪਿਛੋਂ ਸ: ਜੱਸਾ ਸਿੰਘ ਦੁਆਬੇ ਵਿਚ ਚਲਾ ਗਿਆ। ਉਨ੍ਹੀਂ ਦਿਨੀਂ ਅਦੀਨਾ ਬੇਗ ਖ਼ਾਂ ਨੇ ਉਧਰ ਮਾਲੀਏ ਦੀ ਉਗਰਾਹੀ ਸ਼ੁਰੂਕੀਤੀ ਹੋਈ ਸੀ। ਜਦ ਜਨੌੜੀ ਦਾ ਮਾਲੀਆ ਮੰਗਿਆ ਤਾਂ ਲੋਕਾਂ ਨੇ ਅਦਾ ਕਰਨ ਤੋਂ ਨਾਂਹ ਕਰ ਦਿੱਤੀ। ਇਸ ਉਤੇ ਆਪਸ ਵਿਚ ਝਗੜਾ ਹੋ ਗਿਆ। ਇਸ ਹਾਲਤ ਵਿਚ ਦੁਖੀ ਲੋਕਾਂ ਵਾਸਤੇ ਇਕੋ ਹੀ ਰਾਹ ਸੀ ਕਿ ਕਿਸੇ ਸਿਖ ਸਰਦਾਰ ਦੀ ਰਾਖੀ ਵਿਚ ਚਲੇ ਜਾਣ। ਸਰਦਾਰ ਜੱਸਾ ਸਿੰਘ ਦਾ ਇਲਾਕਾ ਭੁੰਗਾ ਜਨੌੜੀ ਦੇ ਪਛੱਮ ਉੱਤਰ ਵਲੋਂ ਨਾਲ ਮਿਲਦਾ ਸੀ। ਸੋ ਉਥੋਂ ਦਾ ਰਾਜਪੂਤ ਚੌਧਰੀ ਗੈਂਡਾ ਸਰਦਾਰ ਜੱਸਾ ਸਿੰਘ ਦੀ ਸੇਵਾ ਵਿਚ ਹਾਜ਼ਰ ਹੋਇਆ ਅਤੇ 'ਰਾਖੀ' ਲਈ ਬੇਨਤੀ ਕੀਤੀ। ਸਰਦਾਰ ਜੀ ਨੇ ਜਨੌੜੀ ਆਪਣਾ ਥਾਣੇਦਾਰ ਦੇਵਾ ਸਿੰਘ ਭੇਜ ਦਿੱਤਾ ਅਤੇ ਅਦੀਨਾ ਬੇਗ ਖ਼ਾਨ ਨੂੰ ਲਿਖ ਦਿੱਤਾ ਕਿ ਜਨੌੜੀ ਅਸਾਡੀ ਰਈਅਤ ਹੈ ਤੁਸੀਂ ਇਨ੍ਹਾਂ ਪਾਸੋਂ ਕੋਈ ਵਸੂਲੀ ਨਹੀਂ ਕਰ ਸਕਦੇ।

ਸਿਖਾਂ ਦੀਆਂ ਇਨ੍ਹਾਂ ਸਰਗਰਮੀਆਂ ਦਾ ਸੁਭਾਵਕ ਨਤੀਜਾ ਇਹ ਨਿਕਲਿਆ ਕਿ ਤੈਮੂਰ ਖਾਂ ਤਿਲਮਿਲਾ ਉਠਿਆ। ਤਿਲਮਿਲਾਹਟ ਵਿਚ ਆਏ ਹੋਏ ਤੈਮੂਰ ਖਾਂ ਹੋਸ਼ ਹਵਾਸ ਖੋ ਬੈਠਾ। ਉਸ ਨੇ ਆਪਣੇ ਅਧਿਕਾਰੀਆਂ ਨਾਲ ਹੀ ਝਗੜਾ ਮੁਲ ਲੈਣਾ ਅਰੰਭ ਕਰ ਦਿੱਤਾ। ਇਸ ਘਬਰਾਹਟ ਦਾ ਇਕ ਹੋਰ ਕਾਰਣ ਵੀ ਸੀ ਅਤੇ ਉਹ ਇਹ ਸੀ ਕਿ ਨਿੱਤ ਦੀਆਂ ਮੁਹਿੰਮਾਂ ਕਾਰਣ ਸਰਕਾਰੀ ਖ਼ਜ਼ਾਨਾ ਖਾਲੀ ਹੋ ਗਿਆ ਅਤੇ ਕਿਰਸਾਨੀ ਦੀ ਭੈੜੀ ਹਾਲਤ ਵਿਚ ਛੇਤੀ ਸੁਧਾਰ ਹੋਣ ਦੀ ਵੀ ਕੋਈ ਆਸ ਨਹੀਂ ਸੀ। ਇਸ ਪ੍ਰਸੰਗ ਵਿਚ ਉਸ ਨੇ ਆਪਣੇ ਨਿਹਾਇਤ ਸਿਆਣੇ ਅਤੇ ਮਜ਼ਬੂਤ ਫ਼ੌਜਦਾਰ ਅਦੀਨਾ ਬੇਗ ਨੂੰ ਨਾਰਾਜ਼ ਕਰ ਲਿਆ।

ਅਦੀਨਾ ਬੇਗ ਨੂੰ ਜਲੰਧਰ ਦੀ ਫ਼ੌਜਦਾਰੀ ਦੇਣ ਵੇਲੇ ਉਸ ਨਾਲ ਵਾਇਦਾ ਕੀਤਾ ਗਿਆ ਸੀ ਕਿ ਉਹ ਮਾਲੀਆ ਵੇਲੇ ਸਿਰ ਲਾਹੌਰ ਪਹੁੰਚਾਉਂਦਾ ਰਹੇਗਾ ਤਾਂ ਉਸ ਨੂੰ ਲਾਹੌਰ ਨਿੱਜੀ ਤੌਰ ਤੇ ਹਾਜ਼ਰੀ ਭਰਨ ਵਾਸਤੇ ਨਹੀਂ ਕਿਹਾ ਜਾਏਗਾ, ਪਰੰਤੂਛੇਤੀ ਹੀ ਪਿਛੋਂ ਲਾਲਚ ਦਾ ਮਾਰਿਆ ਹੋਇਆ ਤੈਮੂਰ ਉਸ ਪਾਸੋਂ ਮਿਥੀ ਹੋਈ ਰਕਮ ਨਾਲੋਂ ਵਧ ਵਸੂਲਣ ਲਈ ਉਸ ਦੇ ਲਾਹੌਰ ਆਉਣ ਲਈ ਜ਼ਿਦ ਕਰਨ ਲਗ ਪਿਆ, ਅਤੇ ਜਦ ਅਦੀਨਾ ਬੇਗ ਵਲੋਂ ਨਾਂਹ ਨੁੱਕਰ ਹੁੰਦੀ ਡਿੱਠੀ ਤਾਂ ਤੈਮੂਰ ਸ਼ਾਹ ਨੇ ਉਸ ਦੀ ਥਾਂ ਸਰਫ਼ਰਾਜ਼ ਖਾਂ ਨੂੰ ਦੁਆਬੇ ਦਾ ਹਾਕਮ ਨੀਅਤ ਕਰ ਦਿੱਤਾ ਅਤੇ ਮੁਰਾਦ ਖਾਂ ਨੂੰ ਇਕ ਤਕੜੀ ਫ਼ੌਜ ਦੇ ਕੇ ਅਦੀਨਾ ਬੇਗ ਖ਼ਾਨ ਦੇ ਵਿਰੁਧ ਚੜ੍ਹਾ ਦਿੱਤਾ ਅਤੇ ਬੁਲੰਦ ਖਾਂ ਉਸ ਦੀ ਸਹਾਇਤਾ ਲਈ ਨਾਲ ਭੇਜਿਆ।

ਜਦੋਂ ਅਦੀਨਾ ਬੇਗ ਖਾਂ ਨੂੰ ਇਸ ਚੜ੍ਹ ਰਹੀ ਮੁਹਿੰਮ ਦਾ ਪਤਾ ਲੱਗਾ ਤਾਂ ਉਸਨੇ ਸੋਢੀ ਵਡਭਾਗ ਸਿੰਘ ਕਰਤਾਰਪੁਰੀਏ ਰਾਹੀਂ ਜੱਸਾ ਸਿੰਘ ਆਹਲੂਵਾਲੀਆ ਪਾਸ ਸਹਾਇਤਾ ਲਈ ਬੇਨਤੀ ਕੀਤੀ।

ਜੱਸਾ ਸਿੰਘ ਆਹਲੂਵਾਲੀਆ ਇਕ ਹੰਡਿਆ ਹੋਇਆ ਸਿਆਸਤਦਾਨ ਸੀ। ਉਸ ਨੇ ਅਦੀਨਾ ਬੇਗ ਅਤੇ ਤੈਮੂਰ ਦੀ ਆਪਸੀ ਲੜਾਈ ਵਿਚ ਸਿਖਾਂ ਦੀ ਭਲਾਈ ਤਕੀ। ਉਸ ਨੇ ਤੁਰੰਤ ਅਦੀਨਾ ਬੇਗ ਖ਼ਾਨ ਦੀ ਗਲ ਮੰਨ ਲਈ। ਉਪਰੰਤ

ਉਹ ਗੁਰਦਵਾਰਾ ਥੰਮ ਸਾਹਿਬ ਕਰਤਾਰਪੁਰ ਅਤੇ ਸੀ ਦਰਬਾਰ ਸਾਹਿਬ ਦੀ ਦੁਰਾਨੀਆਂ ਵਲੋਂ ਕੀਤੀ ਗਈ ਬੇਦਅਬੀ ਦਾ ਬਦਲਾ ਵੀ ਲੈਣ ਲਈ ਕਿਸੇ ਮੌਕੇ ਦੀ ਤਾੜ ਵਿਚ ਸੀ।

ਸਰਦਾਰ ਜੱਸਾ ਸਿੰਘ ਦਾ ਇਸ਼ਾਰਾ ਹੋਣ ਦੀ ਢਿਲ ਸੀ ਕਿ ਖਾਲਸੇ ਨੇ ਦੁਰਾਨੀਆਂ ਨਾਲ ਟੱਕਰ ਲੈਣ ਲਈ ਨਿਸ਼ਚਿਤ ਅਸਥਾਨ ਵੱਲ ਵਹੀਰਾਂ ਘੱਤ ਦਿਤੀਆਂ । ਦਸੰਬਰ 1757 ਈ: ਨੂੰ ਸਿੰਘਾਂ ਅਤੇ ਦੁਰਾਨੀਆਂ ਵਿਚਕਾਰ ਮਾਹਲਪਰ ਸ਼ਹਿਰ ਦੇ ਚੜ੍ਹਦੇ ਪਾਸੇ ਟੱਕਰ ਹੋ ਪਈ। ਖਾਲਸੇ ਵਾਸਤੇ ਦੁਰਾਨੀ ਫ਼ੌਜੀਆਂ ਅਤੇ ਅਦੀਨਾ ਬੇਗ ਅਤੇ ਉਸ ਦੇ ਸਹਾਇਕ ਦੇਸੀ ਸਿਪਾਹੀਆਂ ਵਿਚ ਪਛਾਣ ਕਰਨੀ ਬਹੁਤ ਔਖੀ ਸੀ, ਇਸ ਲਈ ਅਦੀਨਾ ਬੇਗ ਦੀ ਫ਼ੌਜ ਨੂੰ ਕਿਹਾ ਗਿਆ ਕਿ ਉਹ ਆਪਣੇ ਸਿਰਾਂ ਉਤੇ ਹਰੇ ਘਾਹ ਦੇ ਪੱਠੇ ਟੰਗ ਲੈਣ। ਦਰਾਨੀਆਂ ਪਾਸ ਭਾਵੇਂ ਛੋਟੀਆਂ ਤੋਪਾਂ ਵੀ ਸਨ, ਪਰ ਗੁੱਸੇ ਨਾਲ ਲਾਲ ਹੋਏ ਸਿੰਘਾਂ ਦੇ ਸਾਹਮਣੇ ਉਹ ਟਿਕ ਨਾ ਸਕੇ ਅਤੇ ਮੈਦਾਨ ਛੱਡ ਕੇ ਭਜ ਨਿਕਲੇ। ਬੁਲੰਦ ਖਾਂ ਲੜਾਈ ਵਿਚ ਮਾਰਿਆ ਗਿਆ ਅਤੇ ਮੁਰਾਦ ਖਾਂ ਸਭ ਕੁਝ ਛੱਡ ਕੇ ਮੈਦਾਨ ਵਿਚੋਂ ਖਿਸਕ ਗਿਆ। ਇਸ ਤਰ੍ਹਾਂ ਦੁਰਾਨੀ ਫ਼ੌਜ ਤਿੱਤਰ ਬਿੱਤਰ ਹੋ ਗਈ।

ਸ: ਜੱਸਾ ਸਿੰਘ ਆਹਲੂਵਾਲੀਆ 'ਸਤਿ ਸ੍ਰੀ ਅਕਾਲ' ਦੇ ਜੈਕਾਰੇ ਗਜਾਉਂਦਾ ਹੋਇਆ ਸਿੰਘਾਂ ਸਮੇਤ ਜਲੰਧਰ ਸ਼ਹਿਰ ਉਤੇ ਟੁੱਟ ਪਿਆ। ਤੈਮੂਰ ਪੱਖੀ ਸਆਦਤ ਖਾਂ ਅਫ਼ਰੀਦੀ ਸਿੰਘਾਂ ਦੀ ਦੱਬ ਨਾ ਝਲ ਸਕਿਆ ਅਤੇ ਜਲੰਧਰ ਸ਼ਹਿਰ ਉਨ੍ਹਾਂ ਦੇ ਰਹਿਮ ਉਸ ਸੀ। ਇਸ ਵੇਲੇ ਆਲੇ ਦੁਆਲੇ ਦੇ ਪਾੜਵੀ ਲੋਕ ਵੀ ਸ਼ਹਿਰ ਵਿਖੇ ਆ ਟਪਕੇ ਅਤੇ ਸ਼ਹਿਰ ਵਿਚ ਲੁੱਟ ਪੈ ਗਈ। ਇਨ੍ਹਾਂ ਵਿਚੋਂ ਧਗੌੜੀ ਪਿੰਡ ਦੇ ਮਨਚੌਲੇ ਨੌਜਵਾਨਾਂ ਦਾ ਜ਼ਿਕਰ ਇਤਿਹਾਸਕਾਰਾਂ ਨੇ ਵਿਸ਼ੇਸ਼ ਤੌਰ ਤੇ ਕੀਤਾ ਹੈ। ਇਸ ਸਥਿਤੀ ਨੂੰ ਟਾਲਣ ਲਈ ਅਤੇ ਜਲੰਧਰੀਆਂ ਉਤੇ ਆਪਣਾ ਪਰਭਾਵ ਪਾਉਣ ਲਈ ਅਦੀਨਾ ਬੇਗ ਨੇ ਖਾਲਸੇ ਨੂੰ ਸਵਾ ਲੱਖ ਰੁਪਈਆ ਭੇਟ ਕੀਤਾ ਅਤੇ ਸ਼ਹਿਰ ਵਿਚ ਅਮਨਅਮਾਨ ਕਾਇਮ ਕਰਨ ਲਈ ਬੇਨਤੀ ਕੀਤਾ।

ਇਹ ਸਿੰਘਾਂ ਦੀ ਸ਼ਾਨਦਾਰ ਫਤਹਿ ਸੀ। ਇਹ ਜਿਥੇ ਸ੍ਰ: ਜੱਸਾ ਸਿੰਘ ਆਹਲੂਵਾਲੀਆ ਦੀ ਸਿਆਸੀ ਸੂਝ ਦਾ ਲਖਾਇਕ ਸੀ ਉਥੇ ਸਿੰਘਾਂ ਦੀ ਮਾਨ ਪ੍ਰਤਿਸ਼ਠਤਾ ਨੂੰ ਵੀ ਚਾਰ ਚੰਨ ਲਗਾਉਂਦੀ ਸੀ। ਹਰ ਫਤਹਿ ਉਨ੍ਹਾਂ ਨੂੰ ਆਪਣੇ ਵਿਸ਼ਵਾਸਾਂ ਵਿਚ ਦ੍ਰਿੜ੍ਹਤਾ ਪਰਦਾਨ ਕਰਦੀ ਸੀ।

ਇਹ ਹਾਰ ਦੀ ਖ਼ਬਰ ਜਦੋਂ ਤੈਮੂਰ ਖਾਂ ਨੂੰ ਪੁਜੀ, ਤਾਂ ਉਸ ਨੇ ਖੁਆਜਾ ਉਬੈਦ ਖਾਂ ਦੀ ਕਮਾਨ ਹੇਠ ਪੰਝੀ ਹਜ਼ਾਰ ਘੋੜ ਸਵਾਰਾਂ ਦੀ ਫ਼ੌਜ ਖਾਲਸੇ ਦੇ ਵਿਰੁਧ ਭੇਜੀ। ਉਸ ਦੀ ਵੀ ਹਾਰ ਹੋ ਗਈ ਅਤੇ ਉਹ ਆਪਣਾ ਸਾਰਾ ਤੋਪਖਾਨਾ ਖੁਹਾ ਕੇ ਲਾਹੌਰ ਨੂੰ ਮੁੜ ਗਿਆ। (ਅੰਤ ਦਸੰਬਰ 1757- ਜਨਵਰੀ 1758), ਇਸ ਤੋਂ ਪਿਛੋਂ ਖਾਲਸੇ ਨੇ ਨਿੱਝਕ ਹੋਕੇ ਦੁਆਬੇ ਅਤੇ ਹੋਰ ਇਲਾਕਿਆਂ ਵਿਚ ਉਗਰਾਹੀ ਸ਼ੁਰੂਕਰ ਦਿੱਤੀ। ਮਰਾਠਾ ਖਬਰ ਰਸਾਂ ਅਨੁਸਾਰ* 'ਸਿੱਖ ਇੰਨੇ ਦਲੇਰ ਹੋ ਗਏ ਕਿ ਉਹ ਲਗਭਗ ਹਰ ਰਾਤ ਲਾਹੌਰ ਸ਼ਹਿਰ ਦੀਆਂ ਬਾਹਰਲੀਆਂ ਬਸਤੀਆਂ ਨੂੰ ਲੁਟਦੇ। ਕੋਈ ਵੀ ਉਨ੍ਹਾਂ ਦਾ ਟਾਕਰਾ ਕਰਨ ਦੀ ਹਿੰਮਤ ਨਾ ਕਰਦਾ। ਸਗੋਂ 10 ਵਜੇ ਸ਼ਹਿਰ ਦੇ ਗੇਟ ਬੰਦ ਕਰ ਦਿਤੇ ਜਾਂਦੇ। ਸਥਿਤੀ ਦਿਨ ਬਦਿਨ ਖ਼ਰਾਬ ਹੁੰਦੀ ਗਈ। ਸਾਰਾ ਪ੍ਰਬੰਧ ਉਥਲ ਪੁਥਲ ਹੋ ਗਿਆ।

ਜਹਾਨ ਖਾਂ ਨੇ ਦੁਆਬੇ ਵਿਚ ਅਫ਼ਗਾਨ ਫ਼ੌਜਾਂ ਦੀ ਹਾਰ ਸੁਣ ਕੇ ਬੜੀ ਤੇਜ਼ੀ ਨਾਲ ਲਾਹੌਰ ਤੋਂ ਕੂਚ ਕੀਤਾ। ਬਟਾਲਾ

ਵਿਖੇ ਉਹ ਪਿਛਾਂਹ ਮੁੜਦੀ ਹੋਈ ਫ਼ੌਜ ਨੂੰ ਮਿਲਿਆ। ਆਪਣੇ ਪਰਤਾਪ ਦਾ ਪਰਭਾਵ ਪਾਉਣ ਲਈ ਉਸਨੇ, ਪਰਾਜਿਤ ਸੈਨਾ ਦੇ ਜਰਨੈਲ ਮੁਰਾਦ ਖਾਂ ਨੂੰ ਖੁਲ੍ਹੇ ਆਮ ਕੋੜੇ ਲਗਾਏ, ਪਰ ਇਸ ਨਾਲ ਫ਼ੌਜ ਦੇ ਢੱਠੇ ਹੋਏ ਹੌਂਸਲੇ ਚੜ੍ਹਦੀ ਕਲਾ ਨਾ ਪਕੜ ਸਕੇ। ਜਹਾਨ ਖਾਂ ਫ਼ੌਜ ਵਿਚਲੀ ਚੜਦੀ ਕਲਾ ਦੀ ਅਣਹੋਂਦ ਨੂੰ ਭਾਂਪ ਗਿਆ ਅਤੇ ਉਸਨੇ ਬਟਾਲਾ ਤੋਂ ਅਗੇ ਵਧਣ ਦਾ ਇਰਾਦਾ ਤਿਆਗ ਦਿੱਤਾ।

ਸ: ਜੱਸਾ ਸਿੰਘ ਆਹਲੂਵਾਲੀਆ ਦੀ ਸੁਯੋਗ ਅਗਵਾਈ ਸਦਕਾ ਖਾਲਸੇ ਨੇ ਇਹ ਦਸ ਦਿਤਾ ਕਿ ਖਾਲਸਾ ਅਦੀਨਾ ਬੇਗ ਅਤੇ ਦੁਰਾਨੀਆ ਤੇ ਭਾਰੂਹੈ।

ਅਦੀਨਾ ਬੇਗ ਭਾਵੇਂ ਆਪਣੇ ਈਰਖਾਲੂਦੁਸ਼ਮਣ ਤੈਮੂਰ ਸ਼ਾਹ ਨੂੰ ਹਾਰ ਦੇ ਚੁਕਿਆ ਸੀ, ਪਰ ਅਜੇ ਵੀ ਉਸ ਨੂੰ ਭੈ ਸੀ ਕਿ ਜੇ ਅਹਿਮਦ ਸ਼ਾਹ ਦੁਰਾਨੀ ਆਪ ਚੜ੍ਹ ਕੇ ਆ ਗਿਆ ਤਾਂ ਉਹ ਅਤੇ ਉਸ ਦੇ ਸਾਥੀ ਸਿਖ ਸ਼ਾਇਦ ਉਸ ਦਾ ਸਫ਼ਲ ਟਾਕਰਾ ਨਾ ਕਰ ਸਕਣ। ਉਪਰੰਤ ਉਸ ਨੂੰ ਇਹ ਵੀ ਖਿਆਲ ਸੀ ਕਿ ਖਾਲਸਾ ਜੀ ਕਿਨ੍ਹਾਂ ਕੁ ਚਿਰ ਉਸ ਨਾਲ ਲੜਾਈਆਂ ਲੜਨਗੇ। ਉਹ ਤਾਂ ਆਪ ਰਾਜ ਦੇ ਦਾਵੇਦਾਰ ਹਨ ਅਤੇ ਉਸ ਦਿਨ ਦੀ ਉਡੀਕ ਵਿਚ ਹਨ ਜਦੋਂ ਉਹ ਆਪਣਾ ਰਾਜ, ਗੁਰੂ ਸਾਹਿਬਾਨ ਦਾ ਆਦਰਸ਼ਕ ਰਾਜ 'ਖਾਲਸਾ ਰਾਜ' ਸਥਾਪਤ ਕਰਨਗੇ। ਅਦੀਨਾ ਬੇਗ ਨੂੰ ਇਹ ਵੀ ਜਾਣਕਾਰੀ ਸੀ ਕਿ ਖਾਲਸਾ ਜੀ ਨੇ ਬਹੁਤ ਸਾਰੇ ਮੁਲਕ ਉਤੇ ਕਬਜ਼ਾ ਕਰ ਲਿਆ ਹੋਇਆ ਹੈ ਅਤੇ ਦਿਨੋ ਦਿਨ ਉਨ੍ਹਾਂ ਦਾ ਜ਼ੋਰ ਵਧਦਾ ਜਾ ਰਿਹਾ ਹੈ। ਇਸ ਲਈ ਅੰਦਰੋ ਅੰਦਰੀ ਉਨ੍ਹਾਂ ਕੋਲੋਂ ਵੀ ਡਰ ਰਿਹਾ ਸੀ।

ਅਜਿਹੀ ਰਾਜਨੀਤਕ ਅਵਸਥਾ ਦੇ ਪਰਸੰਗ ਵਿਚ ਉਸ ਨੇ ਹਰ ਲਾਲ ਅਤੇ ਸਦੀਕ ਬੇਗ ਰਾਹੀਂ ਮਰਾਠਿਆਂ ਨਾਲ ਗੰਢ ਤਰੁਪ ਕਰ ਲਈ ਅਤੇ ਇਕ ਲੱਖ ਰੁਪਈਆ ਕੂਚ ਦੇ ਦਿਨ ਤੇ ਪੰਜਾਹ ਹਜ਼ਾਰ ਰੁਪਈਆ ਠਹਿਰਨ ਵਾਲੇ ਦਿਨ ਦਾ ਦੇਣਾ ਕਰ ਕੇ ਮਰਾਠਾ ਸਰਦਾਰ ਰਘੁਨਾਥ ਰਾਉ ਨੂੰ ਲਾਹੌਰ ਆਉਣ ਲਈ ਸੱਦ ਲਿਆ। ਮਰਾਠਾ ਸਰਦਾਰ ਬਾਲਾ ਜੀ ਰਾਉ ਪੇਸ਼ਵਾ ਦਾ ਭਰਾ ਸੀ ਅਤੇ ਉਸਨੇ ਮਲਹਾਰ ਰਾਉ ਹੁਲਕਰ ਨਾਲ ਰਲ ਕੇ ਅਹਿਮਦਸ਼ਾਹ ਅਬਦਾਲੀ ਦੇ ਦਿਲੀ ਵਿਚ ਸਥਿਤ ਨਾਇਬ ਨਜੀਬ-ਓ-ਦੌਲਾ ਨੂੰ ਅਗਸਤ 1757 ਈ. ਵਿਚ ਦਿਲੀਓਂ ਬਾਹਰ ਕਢਿਆ ਸੀ। ਵਾਸਤਵ ਵਿਚ ਮਰਾਠੇ ਦਿੱਲੀ ਦੇ ਮੁਗ਼ਲ ਸਮਰਾਟ ਨੂੰ ਆਪਣੇ ਵੱਲ ਕਰ ਕੇ ਉਸਦੇ ਰਾਹੀਂ ਉਤਰੀ ਭਾਰਤ ਉਤੇ ਆਪਣਾ ਦਬਦਬਾ ਜਮਾਉਣ ਚਾਹੁਦੇ ਸਨ। ਇਸ ਕਾਰਵਾਈ ਦੇ ਦੌਰਾਨ ਉਨ੍ਹਾਂ ਨੇ ਨਜੀਬ-ਓ-ਦੌਲਾ ਦੀ ਸਹਾਰਨਪੁਰ ਦੀ ਜਾਗੀਰ ਵੀ ਜ਼ਬਤ ਕਰ ਲਈ ਸੀ।

ਰਘੁਨਾਥ ਰਾਉ ਦਿੱਲੀਉਂ ਕੂਚ ਕਰ ਕੇ 9 ਮਾਰਚ, 1758 ਨੂੰ ਸਰਹਿੰਦ ਆ ਪੁੱਜਾ। ਇਥੇ ਅਦੀਨਾ ਬੇਗ ਤੇ ਉਸ ਦੇ ਸਾਥੀ ਸਿੰਘ ਵੀ ਆ ਰਲੇ।

ਖਾਲਸਾ ਅੱਗੇ ਹੀ ਸਰਹਿੰਦ ਦੇ ਵਿਰੁਧ ਦੰਦੀਆਂ ਪੀਹ ਰਿਹਾ ਸੀ। ਇਹ ਗੁਰੂਮਾਰੀ ਨਗਰੀ ਸੀ। ਇਸ ਦੇ ਫ਼ੌਜਦਾਰ ਵਜ਼ੀਰ ਖਾਂ ਨੇ ਗੁਰੂਗੋਬਿੰਦ ਸਿੰਘ ਜਾ ਦੇ ਛੋਟੇ ਸਾਹਿਬਜ਼ਾਦੀਆਂ ਨੂੰ ਤਸੀਹੇ ਦੇ ਕੇ ਕਤਲ ਕਰਵਾਇਆ ਸੀ। ਇਸ ਲਈ ਉਨ੍ਹਾਂ ਨੇ ਅਦੀਨਾ ਬੇਗ ਨਾਲ ਇਹ ਸ਼ਰਤ ਕਰ ਲਈ ਸੀ ਕਿ ਸਰਹਿੰਦ ਉਤੇ ਪਹਿਲਾ ਹੱਲਾ ਉਨ੍ਹਾਂ ਦਾ ਹੋਵੇਗਾ ਅਤੇ ਫੇਰ ਕਿਸੇ ਹੋਰ ਦਾ।

ਸਰਹਿੰਦ ਦਾ ਫ਼ੌਜਦਾਰ ਇਸ ਵੇਲੇ ਅਬਦੁਸਮੱਦ ਖਾਂ ਮੁਹੰਮਦ ਜ਼ਈ ਸੀ ਜਿਸ ਨੂੰ ਚੌਥੇ ਹਮਲੇ ਪਿਛੋਂ ਅਹਿਮਦਸ਼ਾਹ ਜਾਦੀ ਵਾਰੀ ਛੱਡ ਗਿਆ ਸੀ। ਉਸ ਨੇ ਸਰਹਿੰਦ ਦੀ ਕਿਲ੍ਹਾ ਬੱਦੀ ਦਾ ਪ੍ਰਬੰਧ ਜਨਵਰੀ 1758 ਈ: ਤੋਂ ਹੀ ਚੰਗੀ ਤਰ੍ਹਾਂ ਕਰ ਰਖਿਆ ਸੀ। ਪਰ ਫਿਰ ਵੀ ਉਹ ਬਹੁਤੇ ਦਿਨਾਂ ਦਾ ਘੇਰਾ ਨਾ ਸਹਿ ਸਕਿਆ ਅਤੇ 21 ਅਗੱਸਤ 1758 ਨੂੰ ਉਹ ਅਤੇ ਉਸ ਦਾ ਨਿਕਟ-ਵਰਤੀ ਸਾਥੀ ਜੰਗ ਬਾਜ਼ ਖਾਂ ਭੱਜਣ ਲੱਗੇ ਹੀ ਸਨ ਕਿ ਮਰਾਠਿਆਂ ਨੇ ਕਾਬੂਕਰ ਲਏ। ਰਘੁਨਾਥ ਰਾਉ ਨੇ ਉਨ੍ਹਾਂ ਪ੍ਰਤੀ ਸੱਭਿਅਕ ਵਤੀਰਾ ਵਿਖਾਇਆ। ਖ਼ਾਲਸੇ ਸਭ ਤੋਂ ਪਹਿਲਾਂ ਸਰਹਿੰਦ ਵਿਚ ਦਾਖ਼ਲ ਹੋਏ ਅਤੇ ਇਸ ਦੀ ਇੱਟ ਨਾਲ ਇੱਟ ਵਜਾ ਦਿੱਤੀ। ਦੂਜੇ ਦਿਨ ਮਰਾਠਿਆਂ ਨੇ ਵੀ ਇਥੇ ਖ਼ੂਬ ਹੱਥ ਰੰਗੇ। 25 ਜਨਵਰੀ ਨੂੰ ਹੌਲਾ ਸੀ। ਇਸ ਲਈ ਬਹੁਤ ਸਾਰੇ ਸਿੰਘ ਅਨੰਦਪੁਰ ਸਾਹਿਬ ਚਲੇ ਗਏ ਪਰ ਆਲੇ ਦੁਆਲੇ ਦੇ ਪਿੰਡਾਂ ਤੋਂ ਧਾੜਾਂ ਆ ਪਈਆਂ ਅਤੇਜੋ ਕੁਝ ਕਿਸੇ ਦੇ ਹੱਥ ਲੱਗਾ ਚੁਕ ਕੇ ਲੈ ਗਏ।

ਸਰਹਿੰਦ ਵਿਚ ਪਰਵੇਸ਼ ਕਰਨ ਵਿਚ ਸਿੰਘਾਂ ਦੀ ਪਹਿਲਾ ਕਰਨੀ ਮਰਾਠਿਆਂ ਨੂੰ ਚੰਗੀ ਨਾ ਲਗੀ ਕਿਉਂਕਿ ਉਹ ਲੁੱਟ-ਮਾਰ ਆਪਦਾ ਵਿਸ਼ੇਸ਼ ਅਧਿਕਾਰ ਸਮਝਦੇ ਸਨ। ਇਸ ਲਈ ਉਨ੍ਹਾਂ ਵਿਚ ਸਿੱਖਾਂ ਪ੍ਰਤੀ ਈਰਖਾ ਉਤਪੰਨ ਹੋ ਗਈ ਅਤੇ ਇਕ ਮਾਮੂਲੀ ਜਿਹੀ ਝੜਪ ਹੋ ਗਈ। ਪਰ ਇਸ ਦਾ ਛੇਤੀ ਹੀ ਫੈਸਲਾ ਹੋ ਗਿਆ ਕਿ ਲਾਹੌਰ ਵਲ ਵਧਦੇ ਸਮੇਂ ਖ਼ਾਲਸਾ ਫ਼ੌਜ ਮਰਾਠਿਆਂ ਨਾਲੋਂ ਇਕ ਪੜਾਅ ਅੱਗੇ ਰਿਹਾ ਕਰੇਗੀ।

ਸਰਹਿੰਦ ਫਤਹਿ ਕਰ ਕੇ ਮਿੱਤਰ ਤਾਕਤਾਂ ਮਰਾਠਾ, ਅਦੀਨਬੇਗ ਅਤੇ ਖ਼ਾਲਸਾ ਲਾਹੌਰ ਵੱਲ ਵਧੀਆਂ। ਤੈਮੂਰ ਸ਼ਾਹ ਤੇ ਬਖਸ਼ੀ ਜਹਾਨ ਖਾਂ ਨੇ ਜਲਾਲਾਬਾਦ ਦੇ ਪੱਤਣ ਤੇ ਉਨ੍ਹਾਂ ਨੂੰ ਰੋਕਣਾ ਚਾਹਿਆ। ਪਰ ਉਹ ਕਿਸੇ ਹੋਰ ਪਤਣੋਂ ਲੰਘ ਕੇ ਦੁਆਬੇ ਵਿਚ ਜਾ ਵੜੇ। ਇਹ ਵੇਖ ਕੇ ਜਹਾਨ ਖਾਂ ਲਾਹੌਰ ਮੁੜ ਗਿਆ। ਇਥੋਂ ਦਾ ਕਿਲ੍ਹਾ ਇਕ ਪਾਸੇ ਤੋਂ ਕਮਜ਼ੋਰ ਸੀ, ਇਥੇ ਲੋੜੀਂਦੀ ਰਸਦ ਦੀ ਘਾਟ ਸੀ। ਇਲਾਕੇ ਦੀ ਵਸੋਂ ਵਿਚ ਮਿੱਤਰ ਬਹੁਤ ਘੱਟ ਸਨ ਤੇ ਵੈਰੀ ਬਹੁਤ ਜ਼ਿਆਦਾ। ਅਜਿਹੀ ਅਵਸਥਾ ਦੇ ਸਨਮੁਖ ਤੈਮੂਰ ਨੇ ਅਫਗਾਨਿਸਤਾਨ ਨੂੰ ਮੁੜ ਜਾਣ ਵਿਚ ਆਪਣੀ ਖੈਰ ਸਮਝੀ ਅਤੇ 19 ਅਪਰੈਲ ਸੰਨ 1758 ਨੂੰ ਸਵੇਰੇ ਦੋਵੇਂ ਰਾਵੀ ਪਾਰ ਕਰ ਗਏ। ਅਗਲੇ ਦਿਨ 20 ਅਪਰੈਲ 1758 ਨੂੰ ਅਦੀਨਾ ਬੇਗ, ਰਘੁਨਾਥ ਰਾਓ ਅਤੇ ਖਾਲਸਾ ਜੀ ਲਾਹੌਰ ਆ ਪੁੱਜੇ ਅਤੇ ਕਬਜ਼ਾ ਕਰ ਲਿਆ। ਇਸ ਮੁਹਿੰਮ ਵਿਚ ਜਿਨ੍ਹਾਂ ਸਿੰਘ ਸਰਦਾਰਾਂ ਨੇ ਹਿੱਸਾ ਲਿਆ ਉਹ ਸਨ ਸ: ਜੱਸਾ ਸਿੰਘ ਆਹਲੂਵਾਲੀਆ, ਚੜ੍ਹਤ ਸਿੰਘ ਸੁਕਰਚਰੀਆ, ਤਾਰਾ ਸਿੰਘ ਗੈਬਾ, ਜੱਸਾ ਸਿੰਘ ਰਾਮਗੜ੍ਹੀਆ, ਹਰੀ ਸਿੰਘ, ਝੰਡਾ ਸਿੰਘ ਅਤੇ ਗੰਡਾ ਸਿੰਘ ਆਦਿ।

ਸਿੰਘਾਂ ਦੇ ਕੁਝ ਕੁ ਜਥੇ ਚੜ੍ਹਤ ਸਿੰਘ ਦੀ ਅਗਵਾਈ ਹੇਠ ਅਫ਼ਗਾਨਾਂ ਦੇ ਪਿਛੇ ਪੈ ਗਏ ਅਤੇ ਦੋ ਕੁ ਸੌ ਅਫ਼ਗਾਨਾਂ ਨੂੰ ਕੈਦੀ ਬਣਾ ਕੇ ਅੰਮ੍ਰਿਤਸਰ ਲੈ ਆਏ। ਇਨ੍ਹਾਂ ਪਾਸੋਂ ਸ੍ਰੀ ਦਰਬਾਰ ਸਾਹਿਬ ਦਾ ਸਰੋਵਰ ਸਾਫ਼ ਕਰਵਾਇਆ ਗਿਆ ਜੋ ਜਹਾਨ ਖਾਂ ਨੇ ਭਰਵਾ ਦਿੱਤਾ ਸੀ। ਅੰਮ੍ਰਿਤਸਰ ਅੰਮ੍ਰਿਤ ਦਾ ਸਰ ਹੈ। ਉਸ ਵਿਚ ਤਾਰੀ ਲਾਉਣ ਵਾਲੇ ਪੁਰਾਣੇ ਵਿਚਾਰਾਂ ਨੂੰ ਛੱਡ ਗੁਰਸਿਖ ਵਿਚਾਰਧਾਰਾ ਨੂੰ ਗ੍ਰਹਿਣ ਕਰਦੇ ਹਨ ਅਤੇ ਉਸ ਨਾਲ ਸਰਸ਼ਾਰ ਆਪਣੇ ਆਪ ਨੂੰ ਅਮਿਟ ਅਤੇ ਅਮਰ ਸਮਝਦੇ ਸਨ।

## ਕਾਂਡ ਨੌਵਾਂ

# ਅਦੀਨਾ ਬੇਗ ਖ਼ਾਨ ਦੀ ਹਕੂਮਤ ਤੇ ਜੱਸਾ ਸਿੰਘ ਆਹਲੂਵਾਲੀਆ

ਰਘੁਨਾਥ ਰਾਓ ਲਈ ਪੰਜਾਬ ਵਿਚ ਬਹੁਤਾ ਚਿਰ ਠਹਿਰਨਾ ਮੁਸ਼ਕਲ ਸੀ। ਉਸ ਨੂੰ ਛੇਤੀ ਹੀ ਗਿਆਨ ਹੋ ਗਿਆ ਸੀ ਕਿ ਪੰਜਾਬ ਵਿਚ ਸਿਖਾਂ ਦੀ ਵਧ ਰਹੀ ਤਾਕਤ ਦੇ ਸਨਮੁਖ ਪਕੇ ਮਰਾਠਾ ਰਾਜ ਨੂੰ ਕਾਇਮ ਕਰਨਾ ਮੁਸ਼ਕਲ ਸੀ ਸਿਖ ਵਿਚਾਰਧਾਰਾ ਵਿਚ ਪਰਪੱਕਹੋਏ ਸਿਖ ਨਵੇਂ ਸਮਾਜ ਨੂੰ ਉਸਾਰਨ ਲਈ ਰਾਜਨੀਤਕ ਸ਼ਕਤੀ ਪ੍ਰਾਪਤ ਕਰਨ ਲਈ ਦ੍ਰਿੜ ਚਿੱਤ ਸਨ। ਬੰਦਾ ਬਹਾਦਰ ਦੇ ਜ਼ਾਲਮਾਨਾ ਨੇ ਉਨ੍ਹਾਂ ਦੇ ਉਤਸ਼ਾਹ ਨੂੰ ਮੁਗ਼ਲਈ ਅਤੇ ਅਫ਼ਗਾਨੀ ਹਕੂਮਤ ਦੀਆਂ ਸਖਤੀਆਂ ਉਨ੍ਹਾਂ ਦੇ ਸੱਚ ਨੂੰ ਮਾਰ ਨਹੀਂ ਸਕੀਆਂ ਸਨ। ਇਸਦੇ ਉਲਟ ਉਨ੍ਹਾਂ ਦੀਆਂ ਮੱਲਾਂ ਅਤੇ ਮਾਰਾਂ ਨੇ ਸਾਰੀ ਪੰਜਾਬ ਦੀ ਸਿਖ ਜਨਤਾ ਵਿਚ ਇਕ ਅਜਿਹੀ ਮਾਨਸਿਕ ਦਸ਼ਾ ਪੈਦਾ ਕਰ ਦਿੱਤੀ ਸੀ ਕਿ ਹੁਣ ਉਹ ਕਿਸੇ ਦੀ ਈਨ ਮੰਨਣ ਵਾਸਤੇ ਤਿਆਰ ਨਹੀਂ ਸਨ । ਉਪਰੰਤ ਮਰਾਠਿਆਂ ਲਈ ਹਜ਼ਾਰ ਕੋਸ ਦੀ ਦੂਰੀ ਤੋਂ ਪੰਜਾਬ ਵਿਚ ਛਾਉਣੀਆਂ ਪਾ ਕੇ ਫਿਰ ਸਕਣਾ ਹੋਰ ਵੀ ਔਖਾ ਸੀ। ਨਾ ਹੀ ਪੂਨਾ ਸਰਕਾਰ ਦੀ ਮਾਲੀ ਹਾਲਤ ਇਸ ਭਾਰ ਨੂੰ ਸਹਿ ਸਕਦੀ ਸੀ। ਇਥੇ ਦੀ ਉਗਰਾਹੀ ਨਾਲ ਗੁਜ਼ਾਰਾ ਹੋ ਨਹੀਂ ਸੀ ਸਕਣਾ। ਇਸ ਤੋਂ ਇਲਾਵਾ ਮਰਾਠਿਆਂ ਲਈ ਅਤਿ ਦੀਆਂ ਗਰਮੀਆਂ ਅਤੇ ਸਰਦੀਆਂ ਸਹਿਣੀਆਂ ਵੀ ਸੌਖੀਆਂ ਨਹੀਂ ਸਨ।

ਇਸ ਲਈ ਰਘੁਨਾਥ ਰਾਓ ਨੇ ਫੈਸਲਾ ਕੀਤਾ ਕਿ ਮਰਾਠਾ ਸਰਕਾਰ ਸਿੱਧੇ ਤੌਰ ਤੇ ਪੰਜਾਬ ਉਤੇ ਪ੍ਰਭੂਸੱਤਾ ਕਾਇਮ ਕਰੇਗੀ। ਇਸ ਪ੍ਰਸੰਗ ਵਿਚ ਉਸ ਨੇ ਅਦੀਨਾ ਬੇਗ ਨਾਲ ਸੌਦਾ ਕਰ ਲਿਆ ਅਤੇ ਪੰਝਤਰ ਲਖ ਰੁਪਇਆ ਸਾਲ ਦਾ ਲੈਣਾ ਕਰਕੇ ਲਾਹੌਰ ਦੀ ਹਕੂਮਤ ਉਸ ਦੇ ਹਵਾਲੇ ਕਰ ਦਿੱਤੀ। ਅਦੀਨਾਬੇਗ ਦਾ ਚਿਰਾਂ ਦਾ ਸੁਪਨਾ ਸਾਕਾਰ ਹੋਇਆ ਉਸ ਨੇ ਖੁਆਜਾ ਮਿਰਜ਼ਾ ਜਾਨ ਨੂੰ ਉਥੇ ਆਪਣਾ ਨਾਇਬ ਨੀਅਤ ਕਰ ਦਿੱਤਾ ਅਤੇ ਆਪ ਦੁਆਬੇ ਵਿਚ ਹਸ਼ਿਆਰਪੁਰ ਦੇ ਨਿਕਟ ਖ਼ਾਨਪੁਰ ਵਿਚ ਰਹਿਣ ਲਗ ਪਿਆ। ਇਹ ਪ੍ਰਬੰਧ ਕਰਕੇ ਰਘੁਨਾਥ ਰਾਉ ਨੇ 10 ਮਈ ਨੂੰ ਦਿੱਲੀ ਵਲ ਨੂੰ ਚਾਲੇ ਪਾਏ ਅਤੇ ਛੋਟੇ ਛੋਟੇ ਪੜਾਉ ਕਰ ਕੇ ਪੰਜ ਜੂਨ ਨੂੰ ਸੋਮਾਵਤੀ ਮਸਿਆ ਦਾ ਅਸ਼ਨਾਨ ਕੁਰੁਕਸ਼ੇਰ ਜਾ ਕੀਤਾ। ਸੁਧਾਰਨ ਦਾ ਯਤਨ ਕੀਤਾ। ਉਸ ਨੇ ਕਿਰਸਾਨਾਂ ਅਤੇ ਵਪਾਰੀਆਂ ਨੂੰ ਯਕੀਨ ਦਿਵਾਇਆ ਕਿ ਉਹ ਉਨ੍ਹਾਂ ਨੂੰ ਸਾਂਤ-ਵਾਤਾਵਰਣ ਉਪਲਬਧ ਕਰਵਾਏਗਾ। ਪਰੰਤੂ ਉਸ ਨੇ ਕਈ ਨਵੇਂ ਪ੍ਰਬੰਧਕੀ ਸੁਧਾਰ ਕੀਤੇ ਜਿਨ੍ਹਾਂ ਦੁਆਰਾ ਸਮੇਂ ਦੀਆਂ ਵੰਗਾਰਾਂ ਦਾ ਲੋੜੀਂਦਾ ਉੱਤਰ ਦਿੱਤਾ ਜਾ ਸਕੇ।

ਮੁਗਲਾਂ ਅਤੇ ਦੁਰਾਨੀਆਂ ਦਾ ਪੰਜਾਬ ਤੋਂ ਜੱਫਾ ਖਤਮ ਹੋਣ ਪਿਛੋਂ ਉਸ ਨੇ ਆਪਣਾ ਸੁਤੰਤਰ ਰਾਜ ਕਾਇਮ ਕਰਨ ਲਈ ਲੀੜੀਂਦੇ ਕਦਮ ਚੁਕਣੇ ਸ਼ੁਰੂਕਰ ਦਿੱਤੇ। ਵਾਸਤਵ ਵਿਚ ਇਹ ਉਸਦਾ ਚਿਰਾਂ ਦਾ ਸੁਪਨਾ ਸੀ ਇਸਨੂੰ ਹੁਣ ਉਹ ਸਾਕਾਰ ਕਰਨਾ ਚਾਹੁੰਦਾ ਸੀ।

ਇਸ ਦੀ ਸਾਕਾਰਤਾ ਦੇ ਰਾਹ ਵਿਚ ਉਸ ਨੂੰ ਖਾਲਸੇ ਦੀ ਨਿੱਤ ਵੱਧ ਰਹੀ ਤਾਕਤ ਅੜਿਕਾ ਜਾਪਦੀ ਸੀ। ਉਸ ਨੇ ਕਈ ਵਾਰੀ ਖਾਲਸੇ ਨਾਲ ਮਿੱਤਰਤਾ ਗੱਠੀ ਸੀ ਅਤੇ ਉਨ੍ਹਾਂ ਨੂੰ ਆਪਣੇ ਹਿਤਾਂ ਲਈ ਵਰਤਣ ਦਾ ਯਤਨ ਕੀਤਾ ਸੀ। ਕਿਉਂ

ਜੋ ਸ: ਜੱਸਾ ਸਿੰਘ ਆਹਲੂਵਾਲੀਆ ਦੀ ਰਾਖੀ ਵਿਚ ਆਇਆ ਬਹੁਤਾ ਇਲਾਕਾ ਦੁਆਬੇ ਦਾ ਸੀ, ਇਸ ਲਈ ਅਦੀਨਾਬੇਗ ਨੂੰ ਉਸ ਦੀ ਨਿਜੀ ਸ਼ਖ਼ਸੀਅਤ ਉਸ ਦੇ ਪਰਭਾਵ ਅਤੇ ਉਸਦੀ ਜੱਥੇਬੰਧਕ ਯੋਗਤਾ ਦਾ ਵੀ ਪੂਰਾ ਗਿਆਨ ਸੀ। ਉਸ ਨੂੰ ਸਿਖਾਂ ਦੀ ਸਾਂਝੀ ਜੱਥੇਬੰਦੀ ਦਲ ਖਾਲਸਾ ਬਾਬਤ ਵੀ ਪੂਰਨ ਜਾਣਕਾਰੀ ਸੀ। ਇਸ ਲਈ ਉਸ ਨੇ ਸਿੱਖਾਂ ਦੀ ਤਾਕਤ ਨੂੰ ਖਤਮ ਕਰਨ ਲਈ ਬਹੁਤ ਵਿਆਪਕ ਰੂਪ ਵਿਚ ਤਿਆਰੀਆਂ ਕੀਤੀਆਂ। ਪੱਛਮ ਦੇ ਗਖੜਾਂ (ਜੰਜੋਹਿਆਂ) ਘੇਬਿਆਂ, ਵੜੈਚਾਂ ਅਤੇ ਮਾਝੇ ਅਤੇ ਦੁਆਬੇ ਦੇ ਪਠਾਣਾਂ, ਰੰਧਾਵਿਆਂ ਅਤੇ ਡੋਗਰਿਆਂ ਦਾ ਇਕ ਵੱਡਾ ਦਲ ਤਿਆਰ ਕੀਤਾ।

ਸ: ਜੱਸਾ ਸਿੰਘ ਆਹਲੂਵਾਲੀਆ ਅਦੀਨਾ ਬੇਗ ਦੀ ਬਦ-ਨੀਅਤੀ ਨੂੰ ਤਾੜ ਗਿਆ। ਵਾਸਤਵ ਵਿਚ ਸਿੱਖ ਵੀ ਕਦੋਂ ਚਾਹੁੰਦੇ ਸਨ ਕਿ ਅਦੀਨਾ ਬੇਗ ਪੰਜਾਬ ਵਿਚ ਆਪਣੇ ਪੈਰ ਜਮਾ ਲਵੇ। ਇਸ ਲਈ ਸ: ਜੱਸਾ ਸਿੰਘ ਆਹਲੂਵਾਲੀਆ ਦੀ ਕਮਾਨ ਹੇਠ ਸਾਰੀਆਂ ਸਿਖ ਮਿਸਲਾਂ ਦੇ ਸਰਦਾਰ ਤੇ ਉਨ੍ਹਾਂ ਦੇ ਸਾਥੀ ਅਦੀਨਾ ਬੇਗ ਨਾਲ ਟੱਕਰ ਲੈਣ ਲਈ ਅਦੀਨਾ ਨਗਰ ਵੱਲ ਵਧੇ। ਪਤਾ ਲਗਣ ਉਤੇ ਅਦੀਨਾਬੇਗ ਨੇ ਹੀਰਾ ਮੱਲ ਅਤੇ ਆਕਿਲ ਦਸ ਜੰਡਿਆਲੀਏ ਨੂੰ ਉਨ੍ਹਾਂ ਵਲ ਤੋਰਿਆ। ਕਾਦੀਆਂ ਦੇ ਨੇੜੇ ਦੋਹਾਂ ਧਿਰਾਂ ਵਿਚਕਾਰ ਗਹਿਗੱਚ ਟਾਕਰਾ ਹੋਇਆ। ਹੀਰਾ ਮੱਲ ਲੜਾਈ ਵਿਚ ਮਾਰਿਆ ਗਿਆ ਅਤੇ ਆਕਿਲ ਦਾਸ ਖਿਸਕ ਗਿਆ, ਅਤੇ ਉਨ੍ਹਾਂ ਦਾ ਬਹੁਤ ਸਾਰਾ ਮਾਲ ਅਸਬਾਬ ਸਿੰਘਾਂ ਦੇ ਹੱਥ ਆਇਆ।

ਇਨ੍ਹਾਂ ਦਿਨਾਂ ਵਿਚ ਹੀ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੂੰ ਸਰਦਾਰ ਚੜ੍ਹਤ ਸਿੰਘ ਸਰਦਾਰ ਜੈ ਸਿੰਘ ਕਨ੍ਹਈਆ, ਹਕੀਕਤ ਸਿੰਘ ਅਤੇ ਸਰਦਾਰ ਗੁੱਜਰ ਸਿੰਘ ਵਲੋਂ ਇਕ ਚਿੱਠੀ ਮਿਲੀ ਕਿ ਗੁਲਸੇਰ ਖਾਂ ਨਾਮੀ ਇਕ ਲਾਹੌਰੀ ਅਮੀਰ ਜੋ ਗ਼ਾਲਬਨ ਮਿਰਜ਼ਾ ਜਾਨ ਨੇ ਭੇਜਿਆ ਹੋਇਆ ਸੀ ਬਹੁਤ ਸਾਰੀ ਫ਼ੌਜ ਲੈ ਕੇ ਮਜੀਠੇ ਪਾਸ ਉਤਰਿਆ ਹੋਇਆ ਹੈ ਅਤੇ ਜੋ ਸਿੰਘ ਮਿਲਦਾ ਹੈ, ਉਸ ਨੂੰ ਮਾਰ ਮੁਕਾਉਂਦਾ ਹੈ।

ਜਿਸ ਵਕਤ ਉਪਰੋਕਤ ਚਿੱਠੀ ਜੱਸਾ ਸਿੰਘ ਆਹਲੂਵਾਲੀਏ ਨੂੰ ਮਿਲੀ, ਉਹ ਉਸ ਸਮੇਂ ਜੰਗਲ ਦੇ ਇਲਾਕੇ ਵਿਚ ਸੀ। ਉਸ ਨੇ ਤੁਰੰਤ ਆਪਣੇ ਸਾਥੀਆਂ ਨੂੰ ਨਾਲ ਲੈ ਕੇ ਮਜੀਠਾ ਵਲ ਚਾਲੇ ਪਾਏ। ਇਥੇ ਪਹੁੰਚ ਕੇ ਹੋਰਨਾਂ ਸਰਦਾਰਾਂ ਨਾਲ ਸਲਾਹ ਮਸ਼ਵਰਾ ਕਰਕੇ ਇਹ ਯੋਜਨਾ ਬਣਾਈ ਕਿ ਵਾਰੋ ਵਾਰੀ ਜਾ ਕੇ ਗੁਲਸ਼ੇਰ ਖਾਂ ਦੇ ਡੇਰੇ ਉਤੇ ਇਸ ਤਰ੍ਹਾਂ ਹੱਲੇ ਕਰੋ ਕਿ ਉਸ ਨੂੰ ਉੱਕਾ ਹੀ ਕੋਈ ਦਮ ਲੈਣ ਦੀ ਵਿਹਲ ਨਾ ਰਹੇ। ਇਕ ਦਿਨ ਜਦੋਂ ਸਰਦਾਰ ਜੈ ਸਿੰਘ ਕਨ੍ਹਈਆ ਬੰਦੂਕਾਂ ਦਾ ਵਾਰ ਕਰ ਰਿਹਾ ਸੀ ਤਾਂ ਗੁਲਸ਼ੇਰ ਖਾਂ ਦੀ ਫ਼ੌਜ ਉਸਦੇ ਪਿਛੇ ਲੱਗ ਤੁਰੀ। ਇਹ ਹੀ ਗੱਲ ਖਾਲਸਾ ਜੀ ਚਾਹੁੰਦੇ ਸਨ। ਜਦੋਂ ਉਹ ਬਾਹਰ ਨਿਕਲ ਆਏ ਤਾਂ ਸਰਦਾਰ ਜੱਸਾ ਸਿੰਘ ਕੁਝ ਹੋਰ ਸਰਦਾਰਾਂ ਨੂੰ ਲੈ ਕੇ ਸਰਦਾਰ ਜੈ ਸਿੰਘ ਦੀ ਮਦਦ ਨੂੰ ਜਾ ਪਹੁੰਚਿਆ। ਇਸ ਮੌਕੇ ਤੇ ਸਰਦਾਰ ਜੱਸਾ ਸਿੰਘ ਸਭ ਤੋਂ ਅੱਗੇ ਸੀ। ਜਦ ਗੁਲਸ਼ੇਰ ਖਾਂ ਅਗੇ ਵਧਿਆ ਤਾਂ ਇਕ ਸਿੰਘ ਦੀ ਗੋਲੀ ਉਸ ਦੇ ਮੱਥੇ ਤੇ ਜਾ ਲੱਗੀ ਅਤੇ ਉਹ ਉਥੇ ਹੀ ਚਿੱਤ ਹੋ ਗਿਆ। ਖ਼ਾਨ ਦੀ ਮੌਤ ਦੀ ਖ਼ਬਰ ਸੁਣਦਿਆਂ ਸਾਰ ਉਸ ਦੀ ਫ਼ੌਜ ਭਜ ਨਿਕਲੀ ਅਤੇ ਉਸ ਦਾ ਡੇਰਾ ਸਿੰਘਾਂ ਦੇ ਹੱਥ ਲਗਾ। ਡਾਕਟਰ ਗੰਡਾ ਸਿੰਘ ਅਨੁਸਾਰ ਇਹ ਵਾਕਿਆ ਅਗੱਸਤ ਸੰਨ 1758 ਜਾਂ ਸ਼ੁਰੂਸਤੰਬਰ ਦਾ ਹੈ।

ਇਨ੍ਹੀ ਦਿਨੀਂ ਅਦੀਨਾ ਬੇਗ ਖਾਨ ਉਤੇ ਅਧਰੰਗ ਦੀ ਬੀਮਾਰੀ ਨੇ ਆ ਹਮਲਾ ਕੀਤਾ ਜਿਸ ਦੇ ਸਿੱਟੇ ਵਜੋਂ ਉਸਦਾ 15 ਸਤੰਬਰ 1758 ਨੂੰ ਦਿਹਾਂਤ ਹੋ ਗਿਆ।

ਅਦੀਨਾ ਬੇਗ ਦੀ ਮੌਤ ਪਿਛੋਂ ਲਾਹੌਰ ਵਿਚ ਉਸਦੇ ਨਾਇਬ ਮਿਰਜ਼ਾ, ਜਾਨ ਖਾਂ ਨੇ ਸਿਖਾਂ ਨਾਲ ਸੁਲਾਹ ਕਰ ਲਈ। ਸ: ਜੱਸਾ ਸਿੰਘ ਆਹਲੂਵਾਲੀਆ ਨੇ ਜਾਨ ਖਾਂ ਦੀ ਪੇਸ਼ਕਸ਼ ਨੂੰ ਛੇਤੀ ਹੀ ਕਬੂਲ ਕਰ ਲਿਆ। ਰਹੱਸ ਇਹ ਸੀ ਕਿ ਉਹ ਚਾਹੁੰਦਾ ਸੀ ਕਿ ਮਾਲਵਾ ਅਤੇ ਦੁਆਬੇ ਵਿਚ ਖ਼ਾਲਸਾ ਜੀ ਨੂੰ ਆਪਣੇ ਪੈਰ ਪਸਾਰਣ ਅਤੇ ਜਮਾਉਣ ਵਿਚ ਸੌਖ ਹੋ ਜਾਏ। ਉਧਰੋਂ ਜਾਨ ਖਾਂ ਦਾ ਆਪਣਾ ਮੰਤਵ ਇਹ ਸੀ ਕਿ ਇਕ ਤਾਂ ਉਹ ਆਪਣੇ ਪੈਰ ਜਮਾਉਣਾ ਚਾਹੁੰਦਾ ਸੀ ਅਤੇ ਦੂਜੇ ਅਹਿਮਦਸ਼ਾਹ ਅਬਦਾਲੀ ਵਲੋਂ ਸੰਭਾਵਿਤ ਹਮਲੇ ਦੇ ਸਮੇਂ ਸਿਖਾਂ ਦੀ ਸਹਾਇਤਾ ਦਾ ਫਾਇਦਾ ਉਠਾਉਣਾ ਚਾਹੁੰਦਾ ਸੀ। ਇਸ ਸੰਬੰਧ ਵਿਚ ਖਾਲਸੇ ਦੀ ਨੀਤੀ ਸਪੱਸ਼ਟ ਸੀ। ਉਹ ਦੁੱਰਾਨੀਆਂ ਦੇ ਸਖ਼ਤ ਖ਼ਿਲਾਫ ਸਨ ਕਿਉਂਕਿ ਉਹ ਪੰਜਾਬ ਨੂੰ ਅਫਗਾਨਿਸਤਾਨ ਦਾ ਭਾਗ ਬਣਾਉਣਾਚਾਹੁੰਦੇ ਸਨ ਅਤੇ ਮੁਗਲਾਂ ਜਾਂ ਸਥਾਨਿਕ ਸਰਦਾਰਾਂ ਦੀ ਨਿਸਬਤ ਵਧੇਰੇ ਤਾਕਤਵਰ ਹੋਣ ਕਾਰਣ ਸਿਖਾਂ ਲਈ ਵਧੇਰੇ ਖ਼ਤਰਨਾਕ ਸਾਬਤ ਹੋ ਸਕਦੇ ਸਨ।

ਸੁਲਾਹ ਤੋਂ ਥੋੜੀ ਦੇਰ ਮਗਰੋਂ ਅਹਿਮਦ ਸ਼ਾਹ ਦੁੱਰਾਨੀ ਨੇ ਨੂਰਦੀਨ ਬਾਮੇਜ਼ਈ ਨੂੰ ਫ਼ੌਜ ਦੇ ਕੇ ਪੰਜਾਬ ਵਲ ਭੇਜਿਆ। ਉਸ ਨੇ ਸੌਖੇ ਹੀ ਭੇਰਾ, ਮਿਆਣੀ ਅਤੇ ਚੱਕ ਫਤਿਹ ਕਰ ਲਏ। ਫਿਰ ਉਹ ਦਰਿਆ ਚਨਾਬ ਟਪਿਆ। ਇਸ ਵੇਲੇ ਮਿਰਜ਼ਾ ਜਾਨ ਖਾਂ ਅਤੇ ਸਿੰਘਾਂ ਦੀ ਫੌਜ ਨੇ ਉਸ ਨੂੰ ਜਾ

ਖ਼ਵਾਜਾ ਮੁਹੰਮਦ ਸਈਦ ਮਿਰਜ਼ਾ ਜਾਨ ਦਾ ਭਰਾ ਸੀ। ਜਦੋਂ ਮਿਰਜ਼ਾ ਜਾਨ ਬਾਮਜ਼ੇਈ ਵਿਰੁਧ ਮੁਹਿੰਮ ਤੇ ਗਿਆ ਸੀ ਤਾਂ ਉਸ ਨੇ ਲਾਹੌਰ ਦਾ ਸਾਰਾ ਕਾਰਵਿਹਾਰ ਉਸ ਨੂੰ ਸੌਂਪ ਦਿੱਤਾ ਸੀ। ਭਾਵੇਂ ਉਸ ਦੀ ਹੈਸੀਅਤ ਨਾਇਬ ਤੋਂ ਵਧ ਨਹੀਂ ਸੀ, ਪਰੰਤੂਉਹ ਇਸ ਤਰ੍ਹਾਂ ਵਿਚਰਨ ਲਗਾ ਉਹ ਉੱਕਾ ਹੀ ਸੁਤੰਤਰ ਸੀ। ਜ਼ਾਲਮਾਨਾ ਸੁਭਾ ਹੋਣ ਤੋਂ ਇਲਾਵਾ ਉਹ ਪਰਲੇ-ਦਰਜੇ ਦਾ ਲਾਲਚੀ ਵੀ ਸੀ। ਉਸ ਨੇ ਸ਼ਹਿਰ ਦੇ ਲੋਕਾਂ ਪਾਸੋਂ ਨਾਜਾਇਜ਼ ਤੌਰ ਤੇ ਬਹੁਤ ਸਾਰਾ ਧਨ ਉਗਰਾਹਿਆ। ਉਪਰੰਤ ਉਸ ਨੇ ਕਈ ਸਿਖਾਂ ਨੂੰ ਵੀ ਸ਼ਹੀਦ ਕਰਵਾ ਦਿੱਤਾ।

ਮੁਹੰਮਦ ਸਈਦ ਦੀ ਦੁਰਵਿਵਹਾਰ ਨੂੰ ਵੇਖ ਕੇ ਸਰਕਾਰ ਜੱਸਾ ਸਿੰਘ ਨੂੰ ਬਹੁਤ ਗੁੱਸਾ ਆਇਆ। ਖ਼ਾਸ ਤੌਰ ਦੇ ਜਦੋਂ ਕਿ ਸਿੰਘ ਉਸ ਦੇ ਭਰਾ ਦੀ ਭਰਪੂਰ ਸਹਾਇਤਾ ਕਰ ਰਹੇ ਸਨ। ਉਸਨੇ ਤੁਰੰਤ ਲਾਹੌਰ ਵਲ ਕੂਚ ਕੀਤਾ ਅਤੇ ਰਵਾ ਰਵੀਂ ਮੁਜ਼ੰਗ ਜਾ ਡੇਰਾ ਲਾਇਆ। ਪਹਿਲਾਂ ਤਾਂ ਉਸ ਨੇ ਮੁਹੰਮਦ ਸਈਦ ਨੂੰ ਸਮਝਾ ਬੁਝਾ ਕੇ ਸਿਧੇ ਰਾਹ ਤੇ ਪਾਉਣ ਦਾ ਯਤਨ ਕੀਤਾ, ਪਰ ਜਦੋਂ ਉਹ ਕਿਸੇ ਤੁਲ ਨਾ ਆਇਆ ਅਤੇ ਲੜਾਈ ਲਈ ਤਿਆਰ ਹੋ ਗਿਆ ਤਾਂ ਜੱਸਾ ਸਿੰਘ ਨੂੰ ਵੀ ਖੰਡਾ ਖੜਕਾਉਣਾ ਪਿਆ। ਮੁਹੰਮਦ ਸਈਦ ਸਰਦਾਰ ਦਾ ਇਕ ਵਾਰ ਨਾ ਸਹਿ ਸਕਿਆ ਅਤੇ ਸ਼ਹਿਰ ਵਿਚ ਜਾ ਲੁਕਿਆ।

ਅਜਿਹੀ ਹਾਲਤ ਵਿਚ ਲਾਹੌਰ ਵਿਚ ਅਫ਼ਰੀ ਤਫਰੀ ਪੈਣਾ ਕੁਦਰਤੀ ਗੱਲ ਸੀ। ਇਸ ਤੋਂ ਫਾਇਦਾ ਉਠਾਉਂਦੇ ਹੋਏ ਖ਼ੁਵਾਜਾ ਭਰਾਵਾਂ ਦੇ ਦੁਸ਼ਮਣਾਂ ਅਹਿਮਦ ਖਾਨ ਤੇ ਸਾਲਿਹ ਖਾਂ ਜਿਨ੍ਹਾਂ ਨੂੰ  ਮਿਰਜ਼ਾ ਜਾਨ ਨੇ ਅਪਰੈਲ 1758 ਈ, ਵਿਚ ਤੈਮੂਰ ਸ਼ਾਹ ਦੀ ਭਾਂਜ ਵੇਲੇ ਦਰਿਆ ਜਨਾਬ ਦੇ ਕੰਢੇ ਕੈਦ ਕੀਤਾ ਸੀ ਅਤੇ ਪਿਛੋਂ ਆਪਣੀ ਫੌਜ ਵਿਚ ਭਰਤੀ ਕਰ ਲਿਆ ਸੀ, ਨੇ ਮਰਾਠਿਆਂ ਨਾਲ ਗੰਢ ਤੁਪ ਕਰ ਲਈ। ਇਨ੍ਹਾਂ ਨੇ ਮਿਰਜ਼ਾ ਜਾਨ ਨੂੰ ਕੈਦ ਕਰ ਲਿਆ ਅਤੇ ਮੁਹੰਮਦ ਸਈਦ ਨੂੰ ਖੋਤੇ ਤੇ ਚੜ੍ਹਾ ਕੇ ਸਾਰੇ ਸ਼ਹਿਰ ਵਿਚ ਫਿਰਾਇਆ। ਪਿਛੋਂ ਜਦ ਇਸ ਨੂੰ ਮਰਾਠਾ ਸਰਦਾਰ ਸਾਬਾਜੀ ਪਾਟਿਲ ਦੇ ਸਨਮੁਖ ਪੇਸ਼ ਕੀਤਾ ਗਿਆ ਤਾਂ ਉਸ ਨੇ ਕਿਹਾ ਤੇਰੀਆਂ ਕੁਚੱਜੀਆਂ ਜ਼ੁਲਮੀ ਕਰਤੂਤਾਂ ਕਰਕੇ ਤੈਨੂੰ ਇਹ ਸਜ਼ਾ ਮਿਲੀ, ਜਿਸਦਾ ਤੂੰ ਭਾਗੀ ਸੀ,

ਹੁਣ ਤੂੰ ਚੁਪ ਕਰਕੇ ਦੇਸ਼ ਵਿਚੋਂ ਨਿਕਲ ਜਾ। ਹੁਣ ਮਰਾਠਿਆਂ ਨੇ ਲਾਹੌਰ ਦੀ ਗਵਰਨਰੀ ਅਹਿਮਦ ਖਾਂ ਨੂੰ ਅਤੇ ਮੁਲਤਾਨ ਦੀ ਸੂਬੇਦਾਰੀ ਸਾਹਿਲ ਖਾਂ ਨੂੰ ਬਖ਼ਸ਼ ਦਿਤੀ, ਪਰ ਅਸਲ ਤਾਕਤ ਸਾਬਾਜੀ ਪਟੇਲ ਪਾਸ ਰਹੀ। ਸਾਬਾਜੀ ਪਟੇਲ ਨੇ ਅਹਿਮਦ ਸ਼ਾਹ ਅਬਦਾਲੀ ਵਲੋਂ ਜਹਾਨ ਖਾਂ ਦੀ ਅਗਵਾਹੀ ਹੇਠ ਪੰਜਾਬ ਨੂੰ ਮੁੜ ਆਪਣੇ ਅਧੀਨ ਕਰਨ ਲਈ ਭੇਜੀ ਗਈ ਫ਼ੌਜ ਨੂੰ ਹਰਾਇਆ ਅਤੇ ਲਾਹੌਰ ਦੇ ਪਰਬੰਧ ਨੂੰ ਠੀਕ ਕਰਨ ਦਾ ਯਤਨ ਕੀਤਾ।

ਪਰੰਤੂ ਸਿਖ ਉਸ ਨੂੰ ਵੀ ਪਸੰਦ ਨਹੀਂ ਕਰਦੇ ਸਨ ਅਤੇ ਕੋਈ ਵੀ ਅਜਿਹਾ ਇਤਿਹਾਸਕ ਸੋਮਾ ਨਹੀਂ ਜੋ ਇਸ ਗੱਲ ਦੀ ਸਾਖੀ ਭਰਦਾ ਹੋਵੇ ਕਿ ਸਿਖਾਂ ਅਤੇ ਮਰਾਠਿਆਂ ਨੇ ਕੋਈ ਮਿਲਵੀਂ ਸਕੀਮ ਬਣਾਈ ਹੋਵੇ। ਵਾਸਤਵ ਵਿਚ ਇਸ ਵੇਲੇ ਮਰਾਠੇ ਵਧ ਤੋਂ ਵਧ ਇਕ ਸਾਮਰਾਜਿਕ ਤਾਕਤ ਬਣ ਚੁਕੇ ਸਨ, ਉਨ੍ਹਾਂ ਦੇ ਮਨ ਵਿਚ ਕੋਈ ਉਚੇਰੀ ਭਾਵਨਾ, ਦੇਸ਼ ਨੂੰ ਇਕ ਸੁਚੱਜਾ ਰਾਜ ਦੇਣ ਦੀ ਜਾਂ ਭਾਰਤੀ ਰਾਜ ਕਾਇਮ ਕਰਨ ਦੀ ਨਹੀਂ ਸੀ। ਇਸ ਲਈ ਸਿੱਖਾਂ ਅਤੇ ਉਨ੍ਹਾਂ ਵਿਚਕਾਰ ਮੇਲ ਦਾ ਨਾ ਹੋਣਾ ਇਕ ਤਰਕਮਈ ਗੱਲ ਸੀ, ਨਾ ਕੇ ਇਤਫ਼ਾਕੀਆ ਘਟਨਾ।

ਸੋ ਸਿੱਖਾਂ ਨੇ ਆਪਣੀ ਜਦੋ-ਜਹਿਦ ਜਾਰੀ ਰਖੀ। ਦੁਆਬੇ ਅਤੇ ਮਾਲਵੇ ਵਿਚ ਸਿੱਖਾਂ ਨੇ ਬਹੁਤ ਸਾਰੇ ਇਲਾਕਿਆਂ ਉਤੇ ਕਬਜ਼ਾ ਕਰ ਲਿਆ। ਸਰਦਾਰ ਜੜ੍ਹਤ ਸਿੰਘ ਸ਼ੁਕਰਚੀਏ ਨੇ ਰਚਨਾ ਦੁਆਬ ਵਿਚ ਆਪਣੇ ਪੈਰ ਅੱਗੇ ਨਾਲੋਂ ਚੰਗੀ ਤਰ੍ਹਾਂ ਜਮਾ ਲਏ। ਭੰਗੀ ਸਰਦਾਰਾਂ ਨੇ ਆਪਣੇ ਇਲਾਕੇ ਵਧਾਉਣੇ ਸ਼ੁਰੂ ਕਰ ਦਿੱਤੇ।

ਮਾਲਵੇ ਵਿਚ ਬਾਬਾ ਆਲਾ ਸਿੰਘ ਦਾ ਬੋਲ ਬਾਲਾ ਸੀ ਅਤੇ ਖ਼ਾਲਸਾ ਦਲ ਦੀ ਸਹਾਇਤਾ ਨਾਲ ਚੋਖੇ ਇਲਾਕਿਆਂ ਉਤੇ ਕਬਜ਼ਾ ਕਰ ਲਿਆ ਹੋਇਆ ਸੀ। ਉਨ੍ਹਾਂ ਨੇ ਸਤੰਬਰ 1758 ਈ: ਵਿਚ ਅਬਦੁਸ ਸਮੱਦ ਖਾਨ ਫ਼ੌਜਦਾਰ ਸਰਹਿੰਦ ਅਤੇ ਮੁਹੰਮਦ ਅਮੀਨ ਖਾਨ ਭੱਟੀ ਦੀਆਂ ਮਿਲਵੀਆਂ ਫ਼ੌਜਾਂ ਨੂੰ ਰਾਮਪੁਰ ਵਿਖੇ ਇਕ ਅਜਿਹੀ ਲਕ ਤੋੜਵੀਂ ਹਾਰ ਦਿਤੀ ਸੀ ਕਿ ਆਉਂਦੇ ਨੌਂ ਸਾਲਾਂ ਤੀਕ ਭਟਿਆਂ ਨੂੰ ਪਟਿਆਲੇ ਦੀ ਫ਼ੌਜ ਜਾ ਟਾਕਰਾ ਕਰਨ ਦਾ ਹੀਆ ਨਾ ਪਿਆ। ਇਸ ਵੇਲੇ ਤਕ ਇਹ ਕੇਵਲ ਪਿੰਡਾਂ ਉਤੇ ਹੀ ਕਬਜ਼ੇ ਕਰਦੇ ਸਨ। ਹੁਣ ਇਨ੍ਹਾਂ ਨੇ ਸਮਾਨਾ ਅਤੇ ਸੁਨਾਮ ਸ਼ਹਿਰਾਂ ਉਤੇ ਵੀ ਕਬਜ਼ਾ ਕਰ ਲਿਆ। ਇਨ੍ਹਾਂ ਸਾਰੇ ਸ਼ਹਿਰਾਂ ਉਤੇ ਕਬਜ਼ਾ ਹੋ ਜਾਣ ਨਾਲ ਬਾਬਾ ਆਲਾ ਸਿੰਘ ਸਰਦਾਰੀ ਦੀ ਹੱਦ ਤੋਂ ਟੱਪ ਕੇ ਰਾਜਗੀ ਦੀ ਹੱਦ ਵਿਚ ਦਾਖਲ ਹੋ ਗਿਆ। ਸਰਦਾਰ ਕਰਮ ਸਿੰਘ ਦੀ ਲਿਖਤ ਅਨੁਸਾਰ ਰਾਮਪੁਰੇ ਦੀ ਲੜਾਈ ਉਤੇ ਸਰਦਾਰੀ ਦੀ ਹੱਦ ਮੁਕਦੀ ਹੈ ਤੇ ਰਾਜਗੀ ਦੇ ਹੱਦ ਸ਼ੁਰੂ ਹੁੰਦੀ ਹੈ।

ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦਾ ਜ਼ਿਆਦਾ ਇਲਾਕਾ ਦੁਆਬ ਜਲੰਧਰ ਵਿਚ ਹੀ ਸੀ ਅਤੇ ਇਥੇ ਹੀ ਅਦੀਨਾ ਬੇਗ ਦਾ ਅੱਡਾ ਹੋਣ ਕਰਕੇ ਉਸ ਨਾਲ ਕਈ ਵਾਰ ਟਾਕਰਾ ਵੀ ਹੋ ਪੈਂਦਾ ਸੀ। ਉਹ ਇਹ ਵਿਰੋਧ ਵੀ ਖਤਮ ਹੋ ਗਿਆ ਸੀ। ਇਸ ਲਈ ਜਿਥੇ ਜਿਥੇ ਜੱਸਾ ਸਿੰਘ ਦੀ ਰਾਖੀ ਸੀ, ਉਨ੍ਹਾਂ ਥਾਵਾਂ ਵਾਲਿਆਂ ਪੱਕੀ ਤਰ੍ਹਾਂ ਉਸ ਦੀ ਈਨ ਮੰਨ ਲਈ ਅਤੇ ਹੋਰ ਕਈ ਇਲਾਕੇ ਵੀ ਉਸ ਦੀ ਅਧੀਨਗੀ ਵਿਚ ਆ ਗਏ।

ਇਸ ਵਿਚ ਕੋਈ ਸ਼ਕ ਨਹੀਂ ਕਿ ਖਾਲਸੇ ਨੇ ਕਈ ਮੱਲਾਂ ਮਾਰ ਲਈਆਂ ਸਨ, ਪਰ ਲਹਿਦ ਵਲੋਂ ਦੁਰਾਨੀ ਦਾ ਖ਼ਤਰਾ ਅਜੇ ਮੌਜੂਦ ਸੀ ਅਤੇ ਦੁਆਬੇ ਅਤੇ ਮਾਲਵੇ ਵਿਚ ਪੁਰਾਣੀ ਸਰਕਾਰ ਦੇ ਵਫ਼ਾਦਾਰ ਸਰਦਾਰ ਅਜੇ ਸਿੱਖਾਂ ਪ੍ਰਤੀ ਆਪਣੇ

ਹਿਰਦਿਆਂ ਵਿਚ ਘਿਰਨਾ ਲੁਕਾਈ ਬੈਠੇ ਸਨ ਅਤੇ ਇਸ ਭੁਲੇਖੇ ਵਿਚ ਵੀ ਪੈ ਜਾਂਦੇ ਸਨ ਕਿ ਉਹ ਸਿੱਖ-ਲਹਿਰ ਨੂੰ ਖ਼ਤਮ ਕਰਨ ਦੇ ਸਮਰਥ ਹਨ।

ਇਨ੍ਹਾਂ ਵਿਚੋਂ ਅਦੀਨਾ ਬੇਗ ਦਾ ਪੁਰਾਣਾ ਵਫਾਦਾਰ ਸਾਥੀ ਸਿਦੀਕ ਬੇਗ ਸੀ। ਅਦੀਨਾ ਬੇਗ ਦੀ ਮ੍ਰਿਤੂਤੋਂ ਪਿਛੋਂ ਉਸ ਨੇ ਦਲ ਖਾਲਸਾ ਨਾਲ ਸਮਝੌਤਾ ਕਰ ਲਿਆ ਸੀ ਕਿ ਉਹ ਹਰ ਛਿਮਾਹੀ ਨਿਸਚਿਤ ਰਕਮ ਦਲ ਖਾਲਸੇ ਨੂੰ ਦਿਆ ਕਰੇਗਾ। ਪਰ ਕੁਝ ਸਮੇਂ ਬਾਦ ਉਸ ਦਾ ਮਨ ਬਦਲ ਗਿਆ। ਸ੍ਰ: ਜੱਸਾ ਸਿੰਘ ਅਤੇ ਹੋਰਨਾਂ ਸਰਦਾਰਾਂ ਨੂੰ ਇਹ ਗੱਲ ਚੰਗੀ ਨਾ ਲਗੀ ਅਤੇ ਉਨ੍ਹਾਂ ਨੇ ਸਦੀਕ ਬੇਗ ਦੀ ਫ਼ੌਜੀ ਟੁਕੜੀ ਜੋ ਵਾਰਸ਼ਿਕ ਭੂਮੀ ਕਰ ਇਕੱਠੀ ਕਰ ਰਹੀ ਸੀ ਉਤੇ ਹਮਲਾ ਕਰ ਦਿੱਤਾ ਅਤੇ ਜੋ ਉਸ ਕੋਲ ਮਾਲ-ਮਤਾ ਸੀ ਖੋਹ ਲਿਆ।

ਸਦੀਕ ਬੇਗ ਨੂੰ ਜਦ ਇਸ ਗੱਲ ਦਾ ਪਤਾ ਲੱਗਾ, ਉਸ ਨੇ ਫ਼ੌਜ ਇਕੱਠੀ ਕਰ ਕੇ ਅਨੰਦਪੁਰ ਜਾ ਹੱਲਾ ਕੀਤਾ। ਸਿੰਘ ਇਧਰ ਉਧਰ ਖਿੰਡੇ ਪੁੰਡੇ ਸਨ। ਛੇਤੀ ਹੀ ਇਕਠੇ ਹੋ ਸਕਣਾ ਮੁਸ਼ਕਲ ਸੀ। ਇਸ ਲਈ ਖਾਲਸੇ ਦਾ ਬੜਾ ਨੁਕਸਾਨ ਹੋਇਆ। ਦਲ ਦਾ ਸ਼ਾਇਦ ਹੀ ਕੋਈ ਸਰਦਾਰ ਹੋਵੇਗਾ, ਜਿਸ ਨੂੰ ਦੋ ਚਾਰ ਘਾਉ ਨਾ ਆਏ ਹੋਣ।

ਸਦੀਕ ਬੇਗ ਨੂੰ ਜਦ ਇਸ ਗੱਲ ਦਾ ਪਤਾ ਲੱਗਾ, ਉਸ ਨੇ ਫ਼ੌਜ ਇਕੱਠੀ ਕਰ ਕੇ ਅੰਨਦਪੁਰ ਜਾ ਹੱਲਾ ਕੀਤਾ। ਸਿੰਘ ਇਧਰ ਉਧਰ ਖਿੰਡੇ ਪੁੰਡੇ ਸਨ। ਛੇਤੀ ਹੀ ਇਕਠੇ ਹੋ ਸਕਣਾ ਮੁਸ਼ਕਲ ਸੀ। ਇਸ ਲਈ ਖਾਲਸੇ ਦਾ ਬੜਾ ਨੁਕਸਾਨ ਹੋਇਆ। ਦਲ ਦਾ ਸ਼ਾਇਦ ਹੀ ਕੋਈ ਸਰਦਾਰ ਹੋਵੇਗਾ, ਜਿਸ ਨੂੰ ਦੋ ਚਾਰ ਘਾਉ ਨਾ ਆਏ ਹੋਣ।

ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੂੰ ਵੀ ਦੋ ਤਕੜੇ ਫੱਟ ਲੱਗੇ ਜਿਸ ਕਰਕੇ ਉਸ ਨੂੰ ਡਰੌਲੀ ਵਿਖੇ ਇਲਾਜ ਕਰਾਉਣ ਲਈ ਠਹਿਰਨਾ ਪਿਆ।

ਭਾਂਵੇਂ ਇਸ ਘਟਨਾ ਵਿਚ ਸਿੱਖਾਂ ਦਾ ਵਧੇਰੇ ਨੁਕਸਾਨ ਹੋ ਗਿਆ, ਫਿਰ ਵੀ ਸਿਦੀਕ ਬੇਗ ਭੈਭੀਤ ਹੋ ਗਿਆ। ਉਸ ਨੇ ਇਸ ਘਟਨਾ ਦੇ ਛੇਤੀ ਪਿਛੋਂ ਆਪਣੇ ਆਦਮੀ ਭੇਜ ਕੇ ਸ: ਜੱਸਾ ਸਿੰਘ ਨਾਲ ਸੁਲਾਹ ਕਰ ਲਈ। ਇਹ ਘਟਨਾ ਮਾਰਚ 1759 ਈ: ਵਿਚ ਵਾਪਰੀ।

ਸਦੀਕ ਬੇਗ ਪਾਸੋਂ ਈਨ ਮਨਾਉਣ ਮਗਰੋਂ ਸਿੱਖਾਂ ਨੂੰ ਦੁਆਬ ਦੇ ਦੀਵਾਨ ਬਿਸ਼ੰਭਰ ਦਾਸ ਅਤੇ ਰਾਜਾ ਭੂਪ ਚੰਦ ਨਾਲ ਦੋ ਦੋ ਹੱਥ ਕਰਨ ਪਏ। ਇਸ ਦੀਵਾਨ ਪਾਸ 30 ਹਜ਼ਾਰ ਫੌਜ ਸੀ ਅਤੇ ਇਸ ਨੂੰ ਰਾਜਾ ਭੂਪ ਚੰਦ ਦੀ ਸਹਾਇਤਾ ਵੀ ਪਰਾਪਤ ਸੀ। ਉਸ ਨੇ ਉੜਮੁੜ ਟਾਂਡੇ ਪਾਸ ਸ੍ਰ: ਜੱਸਾ ਸਿੰਘ ਉਤੇ ਚੜ੍ਹਾਈ ਕਰ ਦਿੱਤੀ। ਵਾਸਤਵ ਵਿਚ ਉਸ ਦਾ ਮਨਸ਼ਾ ਇਹ ਸੀ ਕਿ ਜੱਸਾ ਸਿੰਘ ਨੂੰ ਸਦਾ ਲਈ ਮੁੱਕਾ ਦੇਵਾਂ ਅਤੇ ਫਿਰ ਸੁਤੰਤਰ ਰੂਪ ਵਿਚ ਦੁਆਬੇ ਵਿਚ ਵਿਚਰਾਂ। ਪਰ ਇਸ ਮੰਤਵ ਵਿਚ ਉਸ ਨੂੰ ਸਫ਼ਲਤਾ ਪਰਾਪਤ ਨਾ ਹੋ ਸਕੀ। ਪਹੁ ਫੁਟਦਿਆਂ ਸਾਰ ਲੜਾਈ ਸ਼ੁਰੂਹੋਈ। ਦੁਪਹਿਰ ਦੇ ਵੇਲੇ ਸਰਦਾਰ ਜੱਸਾ ਸਿੰਘ ਸ੍ਰੀ ਸਾਹਿਬ ਹੱਥ ਵਿਚ ਲੈ ਕੇ ਆਪ ਅੱਗੇ ਆਏ ਅਤੇ ਫ਼ੌਜ ਨੂੰ ਜ਼ੋਰਦਾਰ ਹੱਲਾ ਕਰਨ ਲਈ ਹੁਕਮ ਕੀਤਾ। ਇਹ ਵੇਖ ਕੇ ਦੀਵਾਨ ਦੀ ਫ਼ੌਜ ਦੇ ਪੈਰ ਉਖੜ ਗਏ। ਇਸ ਵੇਲੇ ਦੀਵਾਨ ਆਪ ਅੱਗੇ ਵਧਿਆ ਅਤੇ ਉਸ ਨੇ ਆਪਣੇ ਸਿਪਾਹੀਆਂ ਨੂੰ ਹੱਲਾਸ਼ੇਰੀ ਦਿੱਤੀ। ਉਸਨੇ ਰਣਭੂਮੀ ਵਿਚ ਕਮਾਲ ਦੀ ਵੀਰਤਾ ਵਿਖਾਈ। ਪਰ ਸ: ਜੱਸਾ ਸਿੰਘ ਦੁਆਰਾ ਚਲਾਏ ਗਏ ਇਕ ਤੀਰ ਨੇ ਉਸ ਨੂੰ ਘਾਇਲ ਕਰ ਕੇ ਭੁਇੰ ਉਤੇ ਡੇਗ ਦਿੱਤਾ। ਛੇਤੀ ਹੀ ਉਹ ਦਮ ਤੋੜ ਗਿਆ। ਦੀਵਾਨ ਦੀ ਸੂਰਬੀਰਤਾ ਨੂੰ

ਸੁਰਬੀਰ ਜੱਸਾ ਸਿੰਘ ਨੇ ਬਹੁਤ ਸਰਾਹਿਆ ਤੇ ਸਤਿਕਾਰ ਵਿਚ ਆਪ ਮੁਹਾਰਾ ਬੋਲ ਉਠਿਆ "ਧੰਨ ਹੈ ਉਹ ਮਾਂ ਜਿਸ ਤੂੰ ਜਣਿਐ" ਉਸ ਨੇ ਸਤਿਕਾਰ ਸਹਿਤ ਉਸ ਦੇ ਸ਼ਵ ਤੇ ਦਸ਼ਾਲਾ ਪਾਇਆ ਅਤੇ ਫਿਰ ਅਗਨੀ ਭੇਟ ਕੀਤਾ।

ਇਨ੍ਹੀ ਦਿਨੀਂ ਹੀ ਸਰਦਾਰ ਜੱਸਾ ਸਿੰਘ ਨੇ ਕਾਦੀਆਂ ਦੇ ਵਿਗੜੇ ਹੋਏ ਮੁਗ਼ਲਾਂ ਉੱਤੇ ਹੱਲਾ ਕਰ ਦਿੱਤਾ। ਪਹਿਲਾਂ ਤਾਂ ਉਨ੍ਹਾਂ ਦਾ ਕੁਝ ਪਲੜਾ ਭਾਰੀ ਰਿਹਾ, ਪਰ ਫਿਰ ਉਹ ਘਬਰਾ ਗਏ ਅਤੇ ਸ: ਜੱਸਾ ਸਿੰਘ ਨੇ ਸ਼ਹਿਰ ਉਤੇ ਕਬਜ਼ਾ ਕਰ ਲਿਆ। ਇਹ ਥਾਂ ਅਤੇ ਇਸ ਦਾ ਨਿਵਾਹੀ ਇਲਾਕਾ ਜੱਸਾ ਸਿੰਘ ਨੇ ਸ: ਜੈ ਸਿੰਘ ਕਨ੍ਹਈਆ ਦੀ ਰਾਖੀ ਵਿਚ ਦੇ ਦਿੱਤਾ।

## ਕਾਂਡ ਦਸਵਾਂ

# ਸੁਲਤਾਨਤ ਕੌਮ

ਤੈਮੂਰ ਅਤੇ ਉਸ ਦੇ ਨਾਇਬ ਜਹਾਨ ਖ਼ਾਂ ਦੇ ਪੰਜਾਬ ਛੱਡ ਕੇ ਵਾਪਸ ਕਾਬਲ ਜਾਣ ਨਾਲ ਪੰਜਾਬ ਵਿਚ ਦੁਰਾਨੀਆਂ ਦਾ ਰਾਜ ਖ਼ਤਮ ਹੋ ਗਿਆ ਸੀ। ਅਹਿਮਦਸ਼ਾਹ ਲਈ ਇਹ ਨੁਕਸਾਨ ਅਸਹਿ ਸੀ। ਇਸ ਵਿਚ ਉਹ ਆਪਣੀ ਮਾਨ-ਹਾਨੀ ਸਮਝ ਰਿਹਾ ਸੀ। ਪਰ ਕਲਾਤ ਦੀ ਮੁਹਿੰਮ ਵਿਚ ਰੁਝਿਆ ਹੋਣ ਕਾਰਨ ਓਹ ਭਾਰਤ ਵਲ ਉੱਕਾ ਹੀ ਧਿਆਨ ਨਹੀਂ ਦੇ ਸਕਿਆ ਸੀ। ਇਸ ਦੌਰ ਨ ਉਸ ਦੇ ਜਰਨੈਲਾਂ ਰਾਹੀਂ ਭਾਰਤ ਉਤੇ ਇੱਕਾ ਦੁੱਕਾ ਹਮਲੇ ਕੀਤੇ ਗਏ ਪਰ ਕੋਈ ਵਿਸ਼ੇਸ਼ ਕਾਮਯਾਬੀ ਪਰਾਪਤ ਨਹੀਂ ਹੋਈ ਸੀ। ਜਦੋਂ ਅਕਤੂਬਰ 1759 ਈ. ਵਿਚ ਉਸ ਨੂੰ ਕਲਾਤ ਤੋਂ ਵਿਹਲ ਮਿਲੀ, ਤਾਂ ਉਸ ਨੇ ਤੁਰੰਤ 40 ਹਜ਼ਾਰ ਚੋਣਵੇਂ ਸਿਪਾਈਆਂ ਦੀ ਫ਼ੌਜ ਨਾਲ ਲੈ ਕੇ ਭਾਰਤ ਉਤੇ ਹਮਲਾ ਕਰਨ ਲਈ ਕੂਚ ਕਰ ਦਿੱਤਾ। ਇਹ ਭਾਰਤ ਉਤੇ ਉਸ ਦਾ ਪੰਜਵਾਂ ਹਮਲਾ ਸੀ ਉਸ ਦੀ ਯੋਜਨਾ ਇਹ ਸੀ ਕਿ ਪਹਿਲਾਂ ਉਹ ਮਰਾਠਿਆਂ ਨੂੰ ਸੋਧੇ ਤੇ ਫਿਰ ਸਿਖਾਂ ਨੂੰ ਟਿਕਾਣੇ ਲਗਾ ਕੇ ਪੰਜਾਬ ਵਿਚ ਮੁੜਕੇ ਅਫ਼ਗ਼ਾਨੀ ਰਾਜ ਕਾਇਮ ਕਰੇ।

25 ਅਕਤੂਬਰ 1759 ਨੂੰ ਉਸ ਨੂੰ ਦਰਿਆ ਅਟਕ ਪਾਰ ਕੀਤਾ। ਮਰਾਠਿਆਂ ਨੇ ਕਿਧਰੇ ਵੀ ਉਸ ਦਾ ਟਾਕਰਾ ਨਾ ਕੀਤਾ ਅਤੇ ਉਹ ਰਵਾਂ ਰਵੀ ਲਾਹੌਰ ਪਹੁੰਚ ਗਿਆ।

ਇਸ ਅਵਸਥਾ ਵਿਚ ਸਿੱਖ ਕੀ ਨੀਤੀ ਅਪਣਾਉਂਦੇ? ਕੀ ਉਸ ਨੂੰ ਦਿੱਲੀ ਬਗ਼ੈਰ ਲੜਾਈ ਦੇ ਜਾਣ ਦੇਣ ਜਾਂ ਉਸ ਨੂੰ ਰਾਹ ਵਿਚ ਜਿੱਚ ਕੇ ਉਸ ਦੀ ਤਾਕਤ ਕਮਜ਼ੋਰ ਕਰਨ ਤਾਂ ਕਿ ਉਹ ਮਰਾਠਿਆਂ ਵਿਰੁਧ ਕੋਈ ਵਿਸ਼ੇਸ਼ ਸਫ਼ਲਤਾ ਪਰਾਪਤ ਨਾ ਕਰ ਸਕੇ। ਸਿਖਾਂ ਨੇ ਅੰਤਲਾ ਰਾਹ ਅਪਣਾਇਆ। 20 ਅਕਤੂਬਰ ਦੀ ਦੀਵਾਲੀ ਵਾਲੇ ਦਿਨ ਇਨ੍ਹਾਂ ਨੇ ਮਤਾ ਪਾਸ ਕੀਤਾ ਕਿ ਲਾਹੌਰ ਵਿਖੇ ਦੁਰਾਨੀ ਦੀ ਫੌਜ ਉਤੇ ਹੱਲਾ ਕੀਤਾ ਜਾਵੇ। ਸ: ਜੱਸਾ ਸਿੰਘ ਆਹਲੂਵਾਲੀਆ ਉਨ੍ਹਾਂ ਮੁਹਰੀਆਂ ਵਿਚੋਂ ਸਨ ਜਿਨ੍ਹਾਂ ਨੇ ਅਕਾਲ ਬੁੰਗੇ ਵਿਚ ਬੈਠ ਕੇ ਇਹ ਮਤਾ ਪਕਾਇਆ ਸੀ। ਮਤੇ ਅਨੁਸਾਰ ਸਿੰਘਾਂ ਨੇ ਦੁਰਾਨੀ ਫ਼ੌਜ ਉਤੇ ਧਾਵਾ ਬੋਲ ਦਿੱਤਾ। ਦੁਰਾਨੀ ਸਿਪਾਹੀ ਭੱਜ ਉਠੇ। ਇਨ੍ਹਾਂ ਬਾਗ਼ਬਾਨ ਪੁਰਾ ਅਤੇ ਬੇਗਮਪੁਰਾ ਬਸਤੀਆਂ ਤਕ ਦੁਰਾਨੀਆਂ ਦਾ ਪਿੱਛਾ ਕੀਤਾ ਅਤੇ ਜੋ ਕੁਝ ਘੋੜੇ ਖਚਰਾਂ ਆਦਿ ਉਥੋਂ ਮਿਲਿਆ ਕਾਬੂਕਰ ਲਿਆ। ਇਹ ਹੱਲਾ ਬੜਾ ਅਚਨਚੇਤ ਸੀ ਅਤੇ ਅਹਿਮਦਸ਼ਾਹ ਅਬਦਾਲੀ ਨੂੰ ਜਦੋਂ ਇਸ ਦੀ ਸੂਹ ਮਿਲੀ ਉਦੋਂ ਤਕ ਸਿੰਘ ਵਾਪਸ ਜਾ ਚੁਕੇ ਸਨ।

ਖਿਝੇ ਹੋਏ ਅਹਿਮਦਸ਼ਾਹ ਨੇ ਜਹਾਨ ਖ਼ਾਂ ਨੂੰ ਫ਼ੌਜ ਦੇ ਕੇ ਉਨ੍ਹਾਂ ਦੇ ਮੁਕਾਬਲੇ ਲਈ ਭੇਜਿਆ। ਸ: ਜੱਸਾ ਸਿੰਘ ਦੀ ਸੁਪਰੀਮ ਕਮਾਂਡ ਹੇਠ ਖ਼ਾਲਸੇ ਨੇ ਅਫ਼ਗਾਨਾਂ ਨੂੰ ਇੰਨਾ ਤੰਗ ਕੀਤਾ ਕਿ ਉਹ ਅਚੰਭੇਤ ਰਹਿ ਗਏ। ਸ. ਜਹਾਨ ਖ਼ਾਂ ਜ਼ਖ਼ਸੀ ਹੋ ਗਿਆ। ਸ਼ਾਮ ਤਕ ਘਮਸਾਨ ਦੀ ਲੜਾਈ ਹੁੰਦੀ ਰਹੀ। ਬਹੁਤ ਸਾਰੇ ਪਠਾਣ ਖ਼ਾਲਸੇ ਦੀਆਂ ਤੇਗ਼ਾਂ ਦੀ ਭੇਟ ਹੋਏ। ਸ਼ਾਮ ਨੂੰ ਹਫ਼ ਕੇ ਦੋਵੇਂ ਧਿਰਾਂ ਪਿਛੇ ਹੱਟ ਗਈਆਂ। ਖ਼ਾਲਸਾ ਮਾਝੇ ਦੇ ਇਲਾਕੇ ਵਿਚ ਖਿੰਡ ਪੁੰਡ ਗਿਆ।

ਅਹਿਮਦਸ਼ਾਹ ਅਬਦਾਲੀ ਨੇ ਚੂੰਕਿ ਦਿੱਲੀ ਵਲ ਜਾਣਾ ਸੀ ਇਸ ਲਈ ਉਹ ਬਹੁਤ ਦੇਰ ਲਾਹੌਰ ਨਾ ਠਹਿਰਿਆ। ਉਸਨੇ ਆਪਣੇ ਵਜ਼ੀਰ ਸ਼ਾਹ ਵਲੀ ਖ਼ਾਂ ਦੇ ਭਰਾ ਹਾਜੀ ਕਰੀਮਦਾਦ ਖ਼ਾਨ ਨੂੰ ਲਾਹੌਰ ਦਾ ਹਾਕਮ, ਅਮੀਰ ਖ਼ਾਂ ਨੂੰ ਉਸ ਦਾ ਨਾਇਬ ਅਤੇ ਜ਼ੈਨ ਖ਼ਾਂ ਨੂੰ ਚਾਰ ਮਹਾਲ ਦਾ ਫ਼ੌਜ਼ਦਾਰ ਨੀਯਤ ਕੀਤਾ। 20 ਨਵੰਬਰ, ਨੂੰ ਸ਼ਾਹ ਨੇ ਗੋਇੰਦਵਾਲ ਦੇ ਪੱਤਣ ਤੋਂ ਦਰਿਆ ਬਿਆਸ ਪਾਰ ਕੀਤਾ ਅਤੇ ਦਿੱਲੀ ਵਲ ਨੂੰ ਟੁਰ ਪਿਆ। ਉਪਰ ਦਿੱਲੀ ਦੇ ਵਜ਼ੀਰ ਇਮਾਦੁਲਮੁਲਕ ਗਾਜ਼ੀ-ਉ ਅਦੀਨ ਨੇ 29 ਨਵੰਬਰ 1759 ਨੂੰ ਬਾਦਸ਼ਾਹ ਆਲਮਗੀਰ ਦੂਜੇ ਨੂੰ ਮਰਵਾ ਦਿੱਤਾ।

ਲਾਹੌਰੋਂ ਜਣ ਦੀ ਦੇਰ ਹੀ ਕਿ ਸਿੰਘਾਂ ਨੇ ਅਫ਼ਗ਼ਾਨੀ ਰਾਜ ਪ੍ਰਬੰਧ ਨੂੰ ਤਕੜੀਆਂ ਸੱਟਾਂ ਮਾਰਨੀਆਂ ਸ਼ੁਰੂਕਰ ਦਿੱਤੀਆਂ। ਲਾਹੋਰੋਂ ਜਾਣ ਤੋਂ ਥੋੜੇ ਹੀ ਸਮੇਂ ਪਿਛੋਂ ਅਹਿਮਦ ਸ਼ਾਹ ਨੇ ਕਰੀਮਦਾਦ ਨੂੰ ਆਪਣੇ ਪਾਸ ਬੁਠਾ ਲਿਆ ਸੀ ਅਤੇ ਉਸ ਦੀ ਥਾਂ ਸਰਬੁਲੰਦ ਖ਼ਾਂ ਨੂੰ ਭੇਜ ਦਿੱਤਾ। ਉਹ ਖ਼ਾਲਸਾ ਜੀ ਪਾਸੋਂ ਇੰਨਾਡਰ ਗਿਆ ਕਿ ਉਹ ਜਲੰਧਰ ਰਹਿਣ ਲਗ ਪਿਆ ਅਤੇ ਆਪਣਾ ਨਾਇਬ ਸਆਦਤ ਯਾਰ ਖ਼ਾਨ ਨੂੰ ਲਾਹੌਰ ਦਾ ਪਰਬੰਧ ਸੌਂਪ ਦਿੱਤਾ। ਸਿੰਘਾਂ ਦੇ ਨਿੱਤ ਦੇ ਧਾਵਿਆਂ ਤੋਂ ਘਬਰਾ ਕੇ ਉਸ ਨੇ ਅਸਤੀਫ਼ਾ ਦੇ ਦਿੱਤਾ। ਇਸ ਤੋਂ ਪਿਛੋਂ ਸਰਬੁਲੰਦ ਖ਼ਾਂ ਨੇ ਲਾਹੌਰ ਦੀ ਨਾਇਬੀ ਇਕ ਹਿੰਦੂਸ਼ਾਹੂਕਾਰ ਸੂਰਤ ਸਿੰਘ ਨੂੰ ਦੇ ਦਿੱਤੀ। ਸ਼ਾਇਦ ਉਸ ਨੂੰ ਇਹ ਖ਼ਿਆਲ ਸੀ ਕਿ ਇਹ ਹਿੰਦੂਹੋਣ ਕਰਕੇ ਸਿੰਘਾਂ ਨੂੰ ਪਰਚਾ ਲਵੇਗਾ। ਸੂਰਤ ਸਿੰਘ ਪਾਸੋਂ ਵੀ ਕੰਮ ਨਾ ਸੰਭਾਲਿਆ ਗਿਆ ਅਤੇ ਉਸ ਨੇ ਤਿਆਗ ਪੱਤਰ ਦੇ ਦਿੱਤਾ। ਇਸ ਦੇ ਪਿਛੋਂ ਸਰਬੁਲੰਦ ਖ਼ਾਂ ਨੇ ਮੋਮਨ ਖ਼ਾਂ ਕਸੂਰੀਏ ਦੇ ਪੁੱਤਰ ਮੀਰ ਮੁਹੰਮਦ ਖਾਨ ਨੂੰ ਲਾਹੌਰ ਦਾ ਨਾਇਬ ਹਾਕਮ ਮੁਕੱਰਰ ਕੀਤਾ। ਇਹ ਵਾਕਿਆ ਸਤੰਬਰ-ਅਕਤੂਬਰ 1760 ਦਾ ਹੈ।

ਅਕਤੂਬਰ 1760 ਦੀ ਗੱਲ ਹੈ ਕਿ 50 ਕੁ ਸਿੰਘਾਂ ਨੂੰ ਖ਼ਬਰ ਮਿਲੀ ਕਿ ਸਿਆਲਕੋਟ ਵਿਚ ਰੁਸਤਮ ਖ਼ਾਂ ਡੇਢ ਕੁ ਸੌ ਸਵਾਰ ਨਾਲ ਲੈ ਕੇ ਉਗਰਾਹੀ ਕਰ ਰਿਹਾ ਹੈ। ਉਨ੍ਹਾਂ ਨੇ ਤੁਰੰਤ ਉਸ ਉਤੇ ਹਮਲਾ ਕਰ ਕੇ ਉਸ ਨੂੰ ਪਕੜ ਲਿਆ ਅਤੇ ਉਸ ਦੇ ਨਾਲ ਹੀ ਮੁਰਾਦ ਬੇਗਮ ਦੇ ਕਾਰਦਾਰ ਤਹਿ-ਪਾਕ ਖ਼ਾਂ ਨੂੰ ਵੀ ਧਰ ਲਿਆ। ਰੁਸਤਮ ਖ਼ਾਂ ਨੇ ਜੰਮੂਦੇ ਰਾਜੇ ਦੀ ਮਾਰਫ਼ਤ ਵੀਹ ਹਜ਼ਾਰ ਰੁਪਇਆ ਖ਼ਾਲਸਾ ਜੀ ਨੂੰ ਨਜ਼ਰ ਦੇ ਕੇ ਆਪਣੀ ਖ਼ਲਾਸੀ ਕਰਾਈ।

## 7 ਨਵੰਬਰ 1759 ਦੀ ਦੀਵਾਲੀ ਦਾ ਮਤਾ

7 ਨਵੰਬਰ 1759 ਦੀ ਦੀਵਾਲੀ ਨੂੰ ਅੰਮ੍ਰਿਤਸਰ ਵਿਖੇ ਖ਼ਾਲਸੇ ਦਾ ਇਕ ਤਕੜਾ ਇਕਠ ਹੋਇਆ। ਇਸ ਵਿਚ ਸ: ਜੱਸਾ ਆਹਲੂਵਾਲੀਆ, ਚੜ੍ਹਤ ਸਿੰਘ ਸ਼ੁਕਰਚਕੀਆ, ਜੈ ਸਿੰਘ ਘਨ੍ਹਈਆ, ਹਰੀ ਸਿੰਘ ਭੰਗੀ, ਜੱਸਾ ਸਿੰਘ ਰਾਮਗੜ੍ਹੀਆ, ਹਕੀਕਤ ਸਿੰਘ, ਗੁੱਜਰ ਸਿੰਘ, ਲਹਿਣਾ ਸਿੰਘ ਆਦਿ ਸਰਦਾਰ ਮੌਜੂਦ ਸਨ। ਸਰਬਤ ਖ਼ਾਲਸੇ ਨੇ ਫ਼ੈਸਲਾ ਕੀਤਾ ਕਿ ਅਹਿਮਦਸ਼ਾਹ ਅਬਦਾਲੀ ਦੀ ਦਿੱਲੀ ਤੋਂ ਵਾਪਸੀ ਤੋਂ ਪਹਿਲਾਂ ਪਹਿਲਾਂ ਲਾਹੋਰ ਵਿਚ ਅਫ਼ਗ਼ਾਨ ਪ੍ਰਬੰਧ ਨੂੰ ਇਕ

ਅਜਿਹੀ ਕਰਾਰੀ ਸੱਟ ਮਾਰੀ ਜਾਏ ਜਿਸ ਦੁਆਰਾ ਅਹਿਮਦਸ਼ਾਹ ਅਬਦਾਲੀ ਉਤੇ ਤਹਿਲਕਾ ਮਚਾ ਦੇਣ ਵਾਲਾ ਪਰਭਾਵ ਪਵੇ। ਰਹੱਸ ਇਹ ਸੀ ਕਿ ਜੇ ਮਰਾਠਿਆਂ ਵਿਰੁੱਧ ਜਿੱਤ ਕਾਰਣ ਅਹਿਮਦਸ਼ਾਹ ਦਾ ਸਿਰ ਫਿਰ ਜਾਵੇ ਤਾਂ ਸਿਖਾਂ ਲਈ ਲਾਹੌਰ ਦਾ ਰਾਜ ਪ੍ਰਬੰਧ ਸੰਭਾਲਣ ਵਿਚ ਸੌਖ ਹੋ ਜਾਵੇਗੀ  ਕਿਉਂਕਿ ਘਬਰਾਏ ਹੋਏ ਅਫ਼ਗਾਨ ਅਧਿਕਾਰੀ ਸਿਖਾਂ ਦੀ ਵਿਰੋਧਤਾ ਕਰਨ ਦਾ ਹੀਆ ਨਹੀਂ ਕਰਨਗੇ।

ਗੁਰਮਤੇ ਅਨੁਸਾਰ, ਸਿਖਾਂ ਨੇ ਜੱਸਾ ਸਿੰਘ ਆਹਲੂਵਾਲੀਆ ਦੀ ਅਗਵਾਹੀ ਹੇਠ ਖ਼ਾਲਸੇ ਨੇ ਲਾਹੌਰ ਉਤੇ ਚੜ੍ਹਾਈ ਕੀਤੀ ਅਤੇ ਬਾਹਰ ਦੀਆਂ ਬਸਤੀਆਂ ਜਾ ਮਾਰੀਆਂ। ਮੀਰ ਮੁਹੰਮਦ ਖ਼ਾਂ ਨੇ ਸ਼ਹਿਰ ਦੀ ਫ਼ਸੀਲ ਦੇ ਦਰਵਾਜ਼ੇ ਬੰਦ ਕਰ ਲਏ। ਇਸ ਤਰ੍ਹਾਂ ਸ਼ਹਿਰ ਲਾਹੌਰ ਆਪਣੇ ਆਪ ਹੀ ਘੇਰਿਆ ਗਿਆ ਅਤੇ ਸਭ ਆਵਾਜਾਈ ਬੰਦ ਹੋ ਗਈ। ਗਿਆਰਾਂ ਦਿਨ ਲਗਾਤਾਰ ਪੱਕੀ ਤਰ੍ਹਾਂ ਘੇਰਾ ਪਿਆ ਰਿਹਾ ਅਤੇ ਲੋਕੀ ਬਹੁਤ ਤੰਗ ਆ ਗਏ ਅਤੇ ਮੀਰ ਮੁਹੰਮਦ ਖ਼ਾਂ ਘਰਬਾ ਗਿਆ। ਪਰ ਸਿੰਘਾਂ ਦੀ ਨੀਅਤ ਲੋਕਾਂ ਨੂੰ ਤੰਗ ਕਰਨ ਦੀ ਤਾਂ ਹੈ ਹੀ ਨਹੀਂ ਸੀ। ਉਹ ਤਾਂ ਕੇਵਲ ਹਕੂਮਤ ਨੂੰ ਬੇਵਸ ਕਰਕੇ ਪੈਰੋਂ ਕਢਣਾ ਚਾਹੁੰਦੇ ਸਨ। ਇਸ ਲਈ ਸਰਦਾਰ ਲਹਿਣਾ ਸਿੰਘ ਨੇ ਇਕ ਮੁਹਤਬਰ ਮੀਰ ਮੁਹੰਮਦ ਖ਼ਾਨ ਪਾਸ ਭੇਜਿਆ ਕਿ ਜੇ ਉਹ ਖ਼ੈਰ ਚਾਹੁੰਦਾ ਹੈ ਤਾਂ ਸਿੰਘਾਂ ਨੂੰ ਕੜਾਹ ਪ੍ਰਸ਼ਾਦਿ ਲਈ ਨਜ਼ਰਾਨੇ ਦੀ ਰਕਮ ਦੇਣਾ ਕਬੂਲ ਕਰ ਲਵੇ। ਮੀਰ ਮੁਹੰਮਦ ਹੁਣ ਬੇਵਸ ਸੀ ਅਤੇ ਰਕਮ ਦੀ ਵੀ ਘਾਟ ਸੀ। ਇਸ ਨਾਜ਼ਕ ਸਮੇਂ ਤੇ ਅਹਿਮਦ ਸ਼ਾਹ ਦੇ ਖ਼ਜ਼ਾਨਚੀ ਗੁਲ ਮੁਹੰਮਦ ਖ਼ਾਨ ਨੇ ਪਸਰੂਰ ਦੇ ਮਾਮਲੇ ਦੀ ਰਕਮ ਯਾਕੂਬ ਖ਼ਾਂ ਦੇ ਰਾਹੀਂ ਭੇਜੀ ਸੀ। ਉਸ ਵਿਚੋਂ ਤੀਹ ਹਜ਼ਾਰ ਰੁਪਈਆ ਪੀਰਜ਼ਾਦਾ ਗ਼ੁਲਾਮ ਹੁਸੈਨ ਸਰਹਿੰਦੀ, ਮੀਆਂ ਮੁਹੰਮਦ ਤਕੀ, ਮੀਰ ਨੱਥੂਸ਼ਾਹ ਅਤੇ ਹਾਫ਼ਜ਼ ਕਾਦਰ ਬਖ਼ਸ਼ ਆਦਿ ਸ਼ਹਿਰ ਦੇ ਪਤਵੰਤਿਆਂ ਦੇ ਹਥੀਂ ਖ਼ਾਲਸਾ ਜੀ ਦੀ ਦੇਗ ਲਈ ਨਜ਼ਰ ਹਾਜ਼ਰ ਕੀਤੀ। ਇਸ ਲਈ ਹਕੂਮਤ ਝੁਕ ਗਈ ਅਤੇ  ਜੀ ਦਾ ਮਤਲਬ ਪੂਰਾ ਹੋ ਗਿਆ ਅਤੇ ਉਹ ਅੰਮ੍ਰਿਤਸਰ ਨੂੰ ਆਪਣਾ ਹੋਰ ਪ੍ਰੋਗਰਾਮ ਭੁਗਤਾਉਣ ਲਈ ਵਾਪਸ ਮੁੜ ਪਏ।

ਮੁਫ਼ਤੀ ਗ਼ਲਾਮ ਸਰਵਰ 'ਤਾਰੀਖਿ ਮਖ਼ਜ਼ਨਿ ਪੰਜਾਲ' ਵਿਚ ਲਿਖਦਾ ਹੈ ਕਿ ਜਦ ਘੇਰੇ ਵਿਚ ਆਇਆ ਹੋਇਆ ਲਾਹੌਰ ਦਾ ਹਾਕਮ ਬਹੁਤ ਤੰਗ ਆ ਗਿਆ ਤਾਂ ਪਹਿਲਾਂ ਉਸ ਨੇ ਸੁਲਾਹ ਲਈ ਸੁਨੇਹਾ ਭੇਜਿਆ ਸੀ ਜੋ ਖ਼ਾਲਸੇ ਨੇ ਪਰਵਾਨ ਕਰ ਲਿਆ ਅਤੇ, ਤੀਹ ਹਜ਼ਾਰ ਰੁਪਈਆ ਕੜਾਹ ਪ੍ਰਸ਼ਾਦਿ ਲਈ ਨਜ਼ਰ ਦਿੱਤੀ।

1761 ਈ. ਵਿਚ ਮਰਾਠਿਆਂ ਨੂੰ ਪਾਨੀਪੱਤ ਦੇ ਯੁਧ ਵਿਚ ਹਰਾ ਕੇ ਸ਼ਾਹ ਆਲਮ ਦੂਜੇ ਨੂੰ ਦਿਲੀ ਦਾ ਤਖ਼ਤ ਦੇ ਕੇ, ਅਹਿਮਦ ਸ਼ਾਹ ਦੁਰਾਨੀ ਨੇ ਅਫ਼ਗਾਨਿਸਤਾਨ ਵਾਪਿਸ ਜਾਣ ਦਾ ਫ਼ੈਸਲਾ ਕੀਤਾ। ਉਹ ਭਰਤਪੁਰੀਏ ਸੂਰਜ ਮੱਲ ਜਾਟ ਵਿਰੁਧ ਚੜ੍ਹਾਈ ਕਰਨਾ ਚਾਹੁੰਦਾ ਸੀ, ਪਰ ਉਸ ਦੇ ਕਿਲ੍ਹਿਆਂ ਦੀ ਮਜ਼ਬੂਤੀ, ਦੁੱਰਾਨੀ ਸਿਪਾਹੀਆਂ ਦੀ ਘਰਾਂ ਨੂੰ ਮੁੜਨ ਦੀ ਤਾਘ ਅਤੇ ਆ ਰਹੀ ਘੋਰ ਗਰਮੀ ਦੀ ਰੁੱਤ ਦੇ ਕਾਰਣ ਉਸ ਨੂੰ ਆਪਣਾ ਇਰਾਦਾ ਬਦਲਣਾ ਪਿਆ। 13 ਮਾਰਚ ਸੰਨ 1761 ਨੂੰ ਸ਼ਾਹ ਨੇ ਆਪਣੀ ਹਰਾਵਲ ਫ਼ੌਜ ਅਤੇ ਪੇਸ਼ ਖ਼ੈਮੇ ਤੋਰ ਦਿੱਤੇ ਅਤੇ 20 ਮਾਰਚ ਨੂੰ ਆਪ ਵੀ ਦਿਲੀਓਂ, ਅਫ਼ਗਾਨਿਸਤਾਨ ਨੂੰ ਚਲ ਪਿਆ। 27 ਮਾਰਚ ਨੂੰ ਉਹ ਆਪ ਵੀ ਅੰਬਾਲੇ ਪਾਸ ਪੁਜਾ ਅਤੇ 29 ਨੂੰ ਉਸ ਨੇ ਸਰਹਿੰਦ ਵਿਖੇ ਪੜਾਅ ਕੀਤਾ। ਉਥੇ ਉਸ ਨੇ ਜ਼ੈਨ ਖਾਂ ਨੂੰ ਸਰਹਿੰਦ ਦਾ ਫ਼ੌਜਦਾਰ ਨਿਯੁਕਤ ਕੀਤਾ ਅਤੇ 22 ਸ਼ਾਬਾਮ ਸੰਨ 1174 ਹਿਜਰੀ (29 ਮਾਰਚ, 1761) ਦੇ ਫ਼ੁਰਮਾਨ ਰਾਹੀਂ ਬਾਬਾ ਆਲਾ ਸਿੰਘ ਪਟਿਆਲੇ ਵਾਲੇ ਨੂੰ ਉਸ ਦੇ ਕਬਜ਼ੇ ਹੇਠ ਦੇ ਇਲਾਕੇ ਦਾ ਹਾਕਮ ਪਰਵਾਨ ਕਰ ਲਿਆ।

ਸ: ਜੱਸਾ ਸਿੰਘ ਆਹਲੂਵਾਲੀਆ ਅਤੇ ਹੋਰ ਸਰਦਾਰ ਇਹ ਸਭ ਕੁਝ ਦੇਖ ਰਹੇ ਸਨ। ਅਹਿਮਦਸ਼ਾਹ ਅਬਦਾਲੀ ਦੇ ਸਿਪਾਹੀਆਂ ਦੀ ਬਰਬਰੀਅਤ ਦੀਆਂ ਕਹਾਣੀਆਂ ਉਨ੍ਹਾਂ ਤਕ ਪਹੁੰਚ ਰਹੀਆਂ ਸਨ। ਗੁਰੂਸਾਹਿਬ ਨੇ ਨਾਰੀ ਨੂੰ ਨਰ ਨਾਲੋਂ ਕਿਸੇ ਤਰ੍ਹਾਂ ਵੀ ਅਧੂਰਾ ਜਾਂ ਘਟੀਆਂ ਨਹੀਂ ਮੰਨਿਆ ਸੀ, ਸਗੋਂ ਉਸਨੂੰ ਰਾਜਿਆਂ ਅਥਵਾ ਧਰਮਾਤਮਾਵਾਂ ਦੀ ਜਨਨੀ ਕਹਿ ਕੇ ਸਤਿਕਾਰਿਆ ਸੀ। ਵਾਸਤਵ ਵਿਚ ਗੁਰੂਸਾਹਿਬਾਨ ਵਲੋਂ ਉਪਦੇਸਿਆ ਹੋਇਆ ਪਰਵਾਰ ਨਾ ਤਾ ਪਿਤਾ-ਪਰਧਾਨ ਸੀ ਤੇ ਨਾ ਮਾਤਰੀ ਪਰਧਾਨ, ਉਹ ਤਾਂ ਅਜਿਹਾ ਪਰਵਾਰ ਸੀ ਜਿਸ ਵਿਚ ਮੁਕੰਮਲ ਸਮਾਨਤਾ ਅਤੇ ਸਮਸੁਰਤਾ ਸੀ। ਪਰੰਤੂਦੁਰਾਨੀਆਂ ਦੇ ਸਾਹਮਣੇ ਇਨ੍ਹਾਂ ਉਚੇਰੇ ਅਸੂਲਾਂ ਦਾ ਕੋਈ ਪਾਸ ਨਹੀਂ ਸੀ। ਉਨ੍ਹਾਂ ਨੇ ਹਜ਼ਾਰਾਂ ਦੀ ਗਿਣਤੀ ਵਿਚ ਭਾਰਤੀ ਨਾਰੀਆਂ ਨੂੰ ਕੈਦੀ ਬਣਾ ਲਿਆ ਅਤੇ ਉਨ੍ਹਾ ਨੂੰ ਉਨ੍ਹਾਂ ਦੇ ਪਰਵਾਰਾਂ ਤੋਂ ਜ਼ੋਰੀ ਅਲਗ ਕਰਕੇ ਆਪਣੀ ਹਵਸ ਦੀ ਪੂਰਤੀ ਲਈ ਅਫਗਾਨਿਸਤਾਨ ਲੈ ਜਾਂ ਰਹੇ ਸਨ। ਇਨ੍ਹਾਂ ਵਿਚੋਂ 22●● ਹਿੰਦੂਔਰਤਾਂ ਸਨ। ਇਸ ਵੇਲੇ ਦੇਸ਼ ਮਾਨੋਂ ਬੈ-ਖਰੀਦ ਹੋ ਚੁਕਿਆ ਸੀ। ਬੜੇ ਬੜੇ ਹਿੰਦੂਰਾਜੇ ਅਤੇ ਸੂਰਮੇ ਮੌਜੂਦ ਸਨ, ਪਰ ਨੈਤਿਕ ਪਤਨ ਦੀ ਹਦ ਮੁੱਕ ਚੁੱਕੀ ਸੀ। ਕੋਈ ਵੀ ਭਾਰਤੀ ਨਾਰੀਆਂ ਦੀ ਇਜ਼ਤ ਬਚਾਉਣ ਲਈ ਜਾਨ ਹੂਲਣ ਲਈ ਤਿਆਰ ਨਹੀਂ ਸੀ।

ਜਦ ਕਿਸੇ ਪਾਸਿਓਂ ਕੋਈ ਢੋਈ ਨਾ ਮਿਲੀ ਤਾਂ ਕੁਝ ਕੁ ਹਿੰਦੂਅਤੇ ਮੁਸਲਮਾਨ ਆਗੂਆਂ ਨੇ ਸੋਚਿਆ ਕਿ ਖ਼ਾਲਸਾ ਜੀ ਅੱਗੇ ਕਿਉਂ ਨਾ ਬੇਨਤੀ ਕੀਤੀ ਜਾਏ। 1● ਅਪ੍ਰੈਲ 1761 ਈ. ਨੂੰ ਵਿਸਾਖੀ ਸੀ ਅਤੇ ਹਰ ਸਾਲ ਵਾਂਗ ਖ਼ਾਲਸਾ ਜੀ ਮੇਲੇ ਲਈ ਇਥੇ ਆਏ ਹੋਏ ਸਨ। ਉਨ੍ਹਾਂ ਨੇ ਅਕਾਲ ਤਖ਼ਤ ਦੇ ਸਨਮੁਖ ਪੁਕਾਰ ਕੀਤੀ ਕਿ ਭਾਰਤੀ ਨਾਰੀ ਦੀ ਰਖਿਆ ਕੀਤੀ ਜਾਏ।

ਗੁਰੂਦੇ ਦਰਬਾਰ ਵਿਚ ਕੀਤੀ ਹੋਈ ਦੀਨ ਦੁਖੀਆਂ ਦੀ ਪੁਕਾਰ ਅਣਸੁਣੀ ਨਹੀਂ ਰਹਿ ਸਕਦੀ ਸੀ। ਗੁਰੂਜੀ ਦਾ ਜੀਉਂਦਾ ਜਾਗਦਾ ਰੂਪ ਖ਼ਾਲਸਾ ਹੈ ਅਤੇ ਜੱਸਾ ਸਿੰਘ ਆਹਲੂਵਾਲੀਆ ਗੁਰੂਘਰ ਦਾ ਵਰਸੋਇਆ ਹੋਇਆ ਖ਼ਾਲਸੇ ਦਾ ਜੱਥੇਦਾਰ ਹੈ। ਸੋ ਸਰਦਾਰ ਜੱਸਾ ਸਿੰਘ ਨੇ ਕਿਰਪਾਨ ਧੂਲਈ, ਖ਼ਾਲਸੇ ਨੂੰ ਵੰਗਾਰ ਪਾਈ, ਅੱਖ ਦੇ ਫੁਰਕਾਰੇ ਵਿੱਚ ਸਿੰਘ ਤੇਗਾਂ ਮਿਆਨੋ ਕੱਢ ਦੁਸ਼ਟਾਂ ਦਾ ਟਾਕਰਾ ਕਰਨ ਲਈ ਤਤਪਰ ਹੋ ਗਏ। ਉਨ੍ਹਾਂ ਨੇ ਜੱਸਾ ਸਿੰਘ ਦੀ ਅਗਵਾਈ ਹੇਠ ਗੋਇੰਦਵਾਲ ਦੇ ਪਤਣ ਦੇ ਦੁਆਲੇ ਬੀੜਾਂ ਵਿਚ ਜਾ ਓਟ ਲਈ। ਜਿਉਂ ਹੀ ਅਹਿਮਦਸ਼ਾਹ ਅਬਦਾਲੀ ਦੀ ਫ਼ੌਜ ਪੱਤਣ ਟਪਣ ਲੱਗੀ, ਸਿੰਘਾਂ ਨੇ ਓਟ ਸਥਾਨਾਂ ਤੋਂ ਨਿਕਲ ਕੇ ਅਚਨਚੇਤ ਇੰਨੇ ਜ਼ੋਰ ਨਾਲ ਹਮਲਾ ਕੀਤਾ ਕਿ ਦੁਰਾਨੀਆਂ ਦੇ ਹੋਸ਼ ਹਵਾਸ ਉੱਡ ਗਏ। ਇਸ ਭਗਦੜ ਵਿਚ ਖ਼ਾਲਸੇ ਨੇ ਕੈਦੀ ਇਸਤਰੀਆਂ ਨੂੰ ਛੁਡਾ ਲਿਆ ਅਤੇ ਫੇਰ ਉਨਾਂ ਨਾਂਰੀਆਂ ਨੂੰ ਖਰਚ ਦੇ ਕੇ ਘਰੋਂ ਘਰੀਂ ਪਹੁੰਚਾ ਦਿੱਤਾ।

ਇਸ ਹਮਦਰਦੀ ਤੇ ਵੀਰਤਾ ਨੇ ਆਮ ਲੋਕਾਂ ਦੇ ਦਿਲਾਂ ਵਿਚ ਖ਼ਾਲਸੇ ਦਾ ਮਾਣ ਬਹੁਤ ਵਧਾ ਦਿੱਤਾ। ਜਿਕੋਂ ਤੱਕ ਸ. ਜੱਸਾ ਸਿੰਘ ਆਹਲੂਵਾਲੀਆ ਦਾ ਸਬੰਧ ਸੀ, ਉਹ ਤਾਂ ਲੋਕਾਂ ਦੇ ਸਤਿਕਾਰ ਦਾ ਕੇਂਦਰ ਬਣ ਗਿਆ। ਪਿਆਰ ਨਾਲ ਲੋਕਾਂ ਨੂੰ 'ਬੰਦੀਛੋੜ' ਆਖਦੇ ਤੇ ਉਸਦੀ ਖ਼ੈਰੀਅਤ ਲਈ ਰੱਬ ਅੱਗੇ ਅਰਦਾਸਾਂ ਕਰਦੇ। ਉਹ ਲੋਕਾਂ ਭਾਣੇ ਬੇਤਾਜ ਬਾਦਸ਼ਾਹ ਬਣ ਗਿਆ ਸੀ।

26 ਅਪ੍ਰੈਲ 1761 ਨੂੰ ਅਹਿਮਦਸ਼ਾਹ ਅਬਦਾਲੀ ਲਾਹੌਰ ਪੁੱਜਾ ਅਤੇ ਸਰ ਬੁਲੰਦ ਖ਼ਾਨ ਦੀ ਥਾਂ ਖ਼ੁਆਜਾ ਉਬੈਦ ਖ਼ਾਂ ਨੂੰ ਲਾਹੌਰ ਦਾ ਹਾਕਮ ਅਤੇ ਘੁਮੰਡ ਚੰਦ ਕਟੋਚੀਏ ਨੂੰ ਦੁਆਬਾ ਬਿਸਤ ਜਲੰਧਰ ਦਾ ਫ਼ੌਜਦਾਰ ਨਿਯਤ ਕਰਕੇ

ਅਫ਼ਗਾਨਿਸਤਾਨ ਨੂੰ ਮੁੜ ਗਿਆ, ਅਤੇ ਚਹਾਰ ਮਹਾਲ ਦੇ ਫ਼ੌਜਦਾਰ ਰੁਸਤਮ ਖ਼ਾਂ ਦੀ ਥਾਂ ਖ਼ਵਾਜਾਂ ਮਿਰਜ਼ਾ ਜਾਨ ਨੂੰ ਫ਼ੌਜਦਾਰ ਨਿਯੁਕਤ ਕਰ ਗਿਆ।

ਪੰਜਾਬੋਂ ਕਾਬਲ ਵੱਲ ਮੁੜਦੇ ਹੋਏਂ ਸਿੱਖਾਂ ਨੇ ਅਹਿਮਦਸ਼ਾਹ ਨੂੰ ਬਹੁਤ ਤੰਗ ਕੀਤਾ ਸੀ। ਸਿੰਧ ਦਰਿਆ ਦੇ ਕੰਢੇ ਤਕ, ਉਨ੍ਹਾਂ ਨੇ ਉਸ ਉਤੇ ਕਈ ਵਾਰੀ ਅਚਾਨਕ ਹਮਲੇ ਕੀਤੇ ਅਤੇ ਬਹੁਤ ਸਾਰਾ ਮਾਲ ਖੋਹ ਲਿਆ। ਉਸ ਵੱਲੋਂ ਥਾਪੇ ਗਏ ਚਹਾਰ ਮਹਾਲ ਦੇ ਫ਼ੌਜਦਾਰ ਮਿਰਜ਼ਾ ਜਾਨ ਨੂੰ ਵੀ ਉਨ੍ਹਾ ਨੇ ਮਾਰ ਦਿੱਤਾ ਸੀ। ਇਨ੍ਹਾ ਸਾਰੀਆਂ ਅਪਮਾਨਜਨਕ ਗੱਲਾਂ ਨੂੰ ਸਹਿਣ ਕਰਨਾ ਬੜਾ ਔਖਾਂ ਸੀ, ਇਸ ਲਈ ਉਸਨੇ ਕੰਧਾਰ ਪਹੁੰਚਾਦਿਆਂ ਸਾਰ ਆਪਣੇ ਤਜਰਬਾਕਾਰ ਜਰਨੈਲ ਨੂਰਦੀਨ ਬਾਗੇਜ਼ਈ ਨੂੰ ਬਾਰਾਂ ਹਜ਼ਾਰ ਫ਼ੌਜ ਦੇ ਕੇ ਸਿੱਖਾਂ ਨੂੰ ਸੋਧਣ ਲਈ ਭੇਜਿਆ। ਝਨਾਂ ਦੇ ਕੰਢੇ ਵਜ਼ੀਰਾਬਾਦ ਦੇ ਲਾਗੇ ਇਕ ਤਕੜੀ ਲੜਾਈ ਹੋਈ। ਨੂਰੱਦੀਨ ਟਾਕਰਾ ਨਾ ਕਰ ਸਕਿਆ ਅਤੇ ਦੌੜ ਕੇ ਸਿਆਲਕੋਟ ਦੇ ਕਿਲ੍ਹੇ ਵਿਚ ਜਾ ਵੜਿਆ। ਸਰਦਾਰ ਚੜ੍ਹਤ ਸਿੰਘ ਦੇ ਦਬਾ ਪਾਉਣ ਤੇ ਉਹ ਆਪਣੇ ਸਾਥੀਆਂ ਨੂੰ ਕਿਲ੍ਹੇ ਵਿਚ ਹੀ ਛੱਡ ਕੇ ਵਾਪਸ ਕੰਧਾਰ ਨੱਸ ਗਿਆ। ਚੜ੍ਹਤ ਸਿੰਘ ਨੇ ਕੈਦੀ ਅਫ਼ਗਾਨ ਸਿਪਾਹੀਆਂ ਨਾਲ ਬੜਾ ਚੰਗਾ ਸਲੂਕ ਕੀਤਾ। ਇਥੋਂ ਤੱਕ ਕਿ ਉਸਨੇ ਉਨ੍ਹਾਂ ਨੂੰ ਵਾਪਸ ਆਪਣੇ ਵਤਨ ਜਾਣ ਲਈ ਵੀ ਲੋੜੀਂਦੀਆਂ ਸਹੂਲਤਾਂ ਉਪਲਬਧ ਕੀਤੀਆਂ। ਇਸਤੋਂ ਪਿਛੋਂ ਬੜਛ ਸਿੰਘ ਗੁਜਰਾਂਵਾਲੇ ਆ ਗਿਆ।

ਸ. ਜੱਸਾ ਸਿੰਘ ਨੂੰ ਸ. ਚੜ੍ਹਤ ਸਿੰਘ ਦੀ ਜਿਤ ਦੀ ਖ਼ਬਰ ਸੁਣ ਕੇ ਬਹੁਤ ਖੁਸ਼ੀ ਹੋਈ ਪਰ ਲਾਹੌਰ ਦਾ ਸੂਬੇਦਾਰ ਉਬੈਦ ਖਾਂ ਬਹੁਤ ਤਲਮਲਾਇਆ। ਉਸਨੇ ਤੁਰੰਘ ਇਕ ਤਕੜੀ ਫ਼ੌਜ ਸਹਿਤ ਗੁਜਰਾਂਵਾਲੇ ਵੱਲ ਕੂਚ ਕਰ ਦਿੱਤਾ। ਉਸਨੂੰ ਫਿਕਰ ਪੈ ਗਿਆ ਸੀ ਕਿ ਨੂਰੱਦੀਨ ਦੀ ਹਾਰ ਇਕ ਤਰ੍ਹਾਂ ਨਾਲ ਲਾਹੌਰ ਹਕੂਮਤ ਦੀ ਹਾਰ ਹੈ। ਜਿਸ ਨਾਲ ਅਹਿਮਦਸ਼ਾਹ ਅਬਦਾਲੀ ਉਸਤੇ ਬਹੁਤ ਨਾਰਾਜ਼ ਹੋਵੇਗਾ। ਉਬੈਦ ਖਾਂ ਕੁਝ ਦਿਨ ਐਮਨਾਬਾਦ ਠਹਿਰਿਆ ਅਤੇ ਫਿਰ ਸਾਰੇ ਹਾਲਾਤ ਦਾ ਜਾਇਜ਼ਾ ਲੈ ਕੇ ਗੁਜਰਾਂਵਾਲੇ ਦਾ ਘੇਰਾ ਪਾਉਣ ਲਈ ਤੁਰ ਪਿਆ।

ਇਸ ਸਮੇਂ ਜੱਸਾ ਸਿੰਘ ਆਹਲੂਵਾਲੀਆਂ ਜੋ ਸਮੁੱਚੇ ਪੰਥ ਦੀਆਂ ਕਾਰਵਾਈਆਂ ਦਾ ਉਸਨੂੰ ਪਤਾ ਰਹਿੰਦਾ ਸੀ ਸ: ਚੜ੍ਹਤ ਸਿੰਘ ਦੀ ਸਹਾਇਤਾ ਦਾ ਪਰੋਗਰਾਮ ਬਣਾਇਆ। ਉਹ ਸ. ਜੈ ਸਿੰਘ ਕਨ੍ਹਈਆਂ, ਹਰੀ ਸਿੰਘ ਭੰਗੀ, ਲਹਿਣਾ ਸਿੰਘ, ਸੋਭਾ ਸਿੰਘ, ਗੁੱਜਰ ਸਿੰਘ ਆਦਿ ਸਰਦਾਰਾਂ ਨੂੰ ਨਾਲ ਲੈ ਕੇ ਆ ਪੁੱਜਾ ਅਤੇ ਆਉਂਦੇ ਸਾਰ ਹੀ ਰਾਤ ਨੂੰ ਇਕ ਅਜਿਹਾ ਜ਼ੋਰਦਾਰ ਹੱਲਾ ਕੀਤਾ ਕਿ ਉਬੈਦ ਖ਼ਾਂ ਨੂੰ ਹੱਥਾਂ ਪੈਰਾ ਦੀ ਪੈ ਗਈ ਅਤੇ ਘਬਰਾਹਟ ਵਿਚ ਉਹ ਆਪਣਾ ਤੋਪਖ਼ਾਨਾ, ਤੋਪੜ, ਜੰਬੂਰੇ ਅਤੇ ਘੋੜੇ, ਉੱਠ ਅਤੇ ਸਾਰਾ ਜੰਗੀ ਸਾਮਾਨ ਉਥੇ ਹੀ ਛੱਡ ਕੇ ਵਾਹੋਦਾਹੀ ਲਾਹੌਰ ਨੂੰ ਉਠ ਨੱਸਿਆ।

ਸਿੰਘਾਂ ਨੇ ਉਸਦਾ ਪਿੱਛਾ ਕੀਤਾ ਅਤੇ ਲਾਹੌਰ ਤਕ ਦੱਬੀ ਗਈ। ਉਹ ਲਾਹੌਰ ਦੇ ਕਿਲੇ ਵਿਚ ਵੜ ਗਿਆ ਅਤੇ ਸਿੰਘਾਂ ਨੇ ਸ਼ਹਿਰ ਨੂੰ ਘੇਰਾ ਪਾ ਲਿਆ। ਹੁਣ ਤਕ ਸ਼ਹਿਰ ਨਿਵਾਸੀਆਂ ਨੂੰ ਪਤਾ ਲੱਗ ਚੁਕਿਆ ਸੀ ਕਿ ਸਿਖ ਹਕੂਮਤ ਦੇ ਖ਼ਿਲਾਫ ਹਨ ਨਾ ਕੇ ਆਮ ਜਨਤਾ ਦੇ। ਉਨ੍ਹਾਂ ਨੂੰ ਇਹ ਵੀ ਪਤਾ ਸੀ ਕਿ ਉਬੈਦ ਖ਼ਾਂ ਕੋਈ ਵੱਡਾ ਸੂਰਮਾ ਨਹੀਂ ਜੋ ਸਿੰਘਾਂ ਦਾ ਬਹੁਤਾ ਚਿਰ ਟਾਕਰਾ ਕਰ ਸਕੇ ਅਤੇ ਜੋ ਉਹ ਸਿੰਘਾਂ ਨੂੰ ਨਜ਼ਰਾਨਾ ਦੇ ਕੇ ਅਧੀਨਗੀ ਪਰਵਾਨ ਕਰ ਲੈਣਗੇ ਤਾਂ ਉਹ ਉਨ੍ਹਾਂ ਨੂੰ ਕੋਈ ਨੁਕਸਾਨ ਨਹੀਂ ਪਹੁੰਚਾਣਗੇ। ਇਸ ਲਈ ਉਨ੍ਹਾਂ ਦੇ ਮੁਖੀਆ ਨੇ ਸ.ਜੱਸਾ ਸਿੰਘ ਨਾਲ ਗਲਬਾਤ ਕੀਤੀ ਅਤੇ ਸ਼ਹਿਰ ਦੇ

ਸਾਰੇ ਦਰਵਾਜ਼ੇ ਖ਼ਾਲਸਾ ਜੀ ਨੂੰ ਖੋਲ੍ਹ ਦਿੱਤੇ।

ਇਸ ਤਰ੍ਹਾਂ ਲਾਹੌਰ ਦੇ ਲੋਕਾਂ ਦੀ ਬੇਨਤੀ ਪਰਵਾਨ ਕਰਕੇ ਸ. ਜੱਸਾ ਸਿੰਘ ਆਹਲੂਵਾਲੀਆ ਦੀ ਸੁਯੋਗ ਅਗਵਾਈ ਹੇਠ ਵਿਜਈ ਖ਼ਾਲਸਾ ਫ਼ੌਜ ਸਤਿ ਸ੍ਰੀ ਅਕਾਲ ਦੇ ਜੈਕਾਰੇ ਗਜਾਉਂਦੀ ਲਾਹੌਰ ਸ਼ਹਿਰ ਵਿਚ ਪਰਵੇਸ਼ ਕਰ ਗਈ। ਇਹ ਖ਼ਾਲਸਾ ਜੀ ਦੀ ਪਹਿਲੀ ਰਾਜਸੀ ਫ਼ਤਹਿ ਸੀ। ਸਿੱਖਾਂ ਦੀ ਮਾਨ ਪ੍ਰਤਿਸ਼ਠਤਾ ਬਹੁਤ ਵਧ ਗਈ। ਆਮ ਲੋਕਾਂ ਵਿਚ ਇਹ ਵਿਸ਼ਵਾਸ਼ ਬਝ ਗਿਆ ਕਿ ਪੰਜਾਬ ਦੇ ਸਹੀ ਰਾਖੇ ਅਤੇ ਹੁਕਮਰਾਨ ਸਿਖ ਹਨ ਨਾ ਕਿ ਕੋਈ ਹੋਰ ਤਾਕਤ।

ਸਿੱਖ ਤਾਂ ਫੁਲੇ ਨਹੀਂ ਸਮਾਉਂਦੇ ਸਨ। ਸਰਦਾਰ ਜੱਸਾ ਸਿੰਘ ਨੇ ਪੰਜਾਬ ਦੀ ਰਾਜਧਾਨੀ ਉਨ੍ਹਾਂ ਦੇ ਚਰਨਾਂ ਵਿਚ ਲਿਆ ਨਿਵਾਈ ਸੀ ਅਤੇ ਪੰਥ ਦੀ ਸ਼ਾਨ ਨੂੰ ਚਾਰ ਚੰਦ ਲਾਏ ਸਨ। ਉਹ ਉਸਤੇ ਸਦਕੜੇ ਜਾ ਰਹੇ ਸਨ। ਅਤੇ ਨਾਲ ਹੀ ਵਾਹਿਗੁਰੂ ਦਾ ਕੋਟਾਨ ਕੋਟ ਧੰਨਵਾਦ ਕਰ ਰਹੇ ਸਨ। ਇਸ ਮੌਕੇ ਤੇ ਉਸਨੂੰ ਮਾਤਾ ਸੁੰਦਰੀ ਜੀ ਦੇ ਸ਼ਬਦ ਚੇਤੇ ਆਏ ਜੋ ਅਭੋਲ ਹੀ ਉਨ੍ਹਾਂ ਨੇ ਜੱਸਾ ਸਿੰਘ ਨੂੰ ਦਿੱਲੀ ਤੋਂ ਵਿਦਾ ਕਰਨ ਵੇਲੇ ਕਹੇ ਸਨ ਕਿ "ਤੇਰੇ ਔਰ ਤੇਰੀ ਸੰਤਾਨ ਦੇ ਅੱਗੇ ਆਕਿਆਂ ਵਾਲੇ ਚੋਬਦਾਰ ਚਲਿਆ ਕਰਨਗੇ।" ਫਿਰ ਉਨ੍ਹਾਂ ਦੇ ਚੇਤੇ ਵਿਚ ਨਵਾਬ ਕਪੂਰ ਸਿੰਘ ਦੇ ਬੋਲੇ ਹੋਏ ਵਾਕ ਵੀ ਉਭਰ ਪਏ ਮੈਨੂੰ ਇਸ ਗ਼ਰੀਬ ਨਿਵਾਜ ਪੰਥ ਨੇ ਨਵਾਬ ਬਣਾ ਦਿੱਤਾ ਹੈ, ਕੀ ਪਤਾ, ਤੈਨੂੰ ਪਾਦਸ਼ਾਹ ਹੀ ਬਣਾ ਦੇਣ" ਇਨ੍ਹਾਂ ਵਾਕਾਂ ਨੂੰ ਪੂਰਾ ਕਰਨਾ ਵੀ ਤਾਂ ਖ਼ਾਲਸੇ ਦਾ ਫ਼ਰਜ਼ ਸੀ। ਹੁਲਾਸ ਵਿਚ ਆਏ ਸ਼ੁਕਰ ਦੀ ਭਾਵਨਾ ਨਾਲ ਤਰੰਗਿਤ ਖ਼ਾਲਸੇ ਨੇ ਸ. ਜੱਸਾ ਸਿੰਘ ਆਹਲੂਵਾਲੀਆਂ ਨੂੰ ਉੱਚੀ ਤੋਂ ਉੱਚੀ ਪਦਵੀ ਸੁਲਤਾਨੁਲ-ਕੌਮ ਪੰਥ ਦਾ ਬਾਦਸ਼ਾਹ ਨਾਲ ਨਿਵਾਜਿਆ ਅਤੇ ਸ਼ੁਕਰਾਨੇ ਵਜੋਂ ਗੁਰੂਨਾਨਕ ਗੁਰੂਗੋਬਿੰਦ ਸਿੰਘ ਦੇ ਨਾਉਂ ਖ਼ਾਲਸਾ ਜੀ ਦਾ ਸਿੱਕਾ ਜਾਰੀ ਕੀਤਾ ਜਿਸ ਉੱਤੇ ਫ਼ਾਰਸੀ ਦਾ ਨਿਮਨ ਲਿਖਤ ਬੰਦ ਲਿਖਵਾਇਆ ਗਿਆ।

**ਦੇਗੋ ਤੇਗੋ ਫਤਿਹਉ ਨੁਸਰਤ ਬੇਦਰੰਗ**

**ਯਾਫ਼ਤ ਅਜ਼ ਨਾਨਕ ਗੁਰੂਗੋਬਿੰਦ ਸਿੰਘ**

ਕੁਝ ਵਿਦਵਾਨਾਂ ਦਾ ਇਹ ਖਿਆਲ ਹੈ ਕਿ ਇਸ ਮੌਕੇ ਤੇ ਜੱਸਾ ਸਿੰਘ ਨੇ ਸਿਕੇ ਉੱਤੇ ਨਿਮਨ ਲਿਖਤ ਸ਼ਬਦ ਉਕਰਾਏ :

**ਸਿਕਾ ਜ਼ਦ ਦਰ ਜਹਾਂ ਬਫ਼ਜ਼ਲੇ ਅਕਾਲ**

**ਮੁਲਕਿ ਅਹਿਮਦ ਗ੍ਰਿੱਫ਼ਤ ਜੱਸਾ ਕਲਾਲ।**

ਪਰ ਇਹ ਗੱਲ ਠੀਕ ਨਹੀਂ ਜਾਪਦੀ। ਇਨ੍ਹਾਂ ਸ਼ਬਦਾਂ ਵਿਚ ਜੱਸਾ ਸਿੰਘ ਦੀ ਹੈਂਕੜ ਤੇ ਹਉਮੈ ਨਜ਼ਰ ਆਉਂਦੀ ਹੈ ਜਿਨ੍ਹਾਂ ਦਾ ਯਕੀਨਨ ਜੱਸਾ ਸਿੰਘ ਵਿਚ ਅਭਾਵ ਸੀ। ਉਪਰੰਤ ਕੋਈ ਅੰਮ੍ਰਿਤਧਾਰੀ ਅਤੇ ਖ਼ਾਸ ਤੌਰ ਤੇ ਜੱਸਾ ਸਿੰਘ ਵਰਗਾ, ਆਪਣਾ ਅਧਾ ਨਾ ਨਹੀਂ ਲਵੇਗਾ ਕਿਉਂਕਿ ਸਿੱਖ ਨਿਸਚੇ ਅਨੁਸਾਰ ਅੰਮ੍ਰਿਤਧਾਰੀ ਸਿੱਖ ਦਾ ਅੱਧਾ ਨਾਂ ਲੈਣਾ ਗਾਲ ਸਮਝੀ ਜਾਂਦੀ ਹੈ। ਪਰ ਡਾਕਟਰ ਗੰਡਾ ਸਿੰਘ ਅਨੁਸਾਰ ਇਸ ਗੁੰਝਲ ਨੂੰ ਗਣੇਸ਼ ਦਾਸ ਵਡਿਹਾਰੇ ਨੇ ਆਪਣੀ ਪੁਸਤਕ ਚਾਰ ਬਾਗ਼ਿ ਪੰਜਾਬ ਵਿਚ ਸਾਫ਼ ਕਰ ਦਿੱਤਾ ਹੈ। ਜਿਥੇ ਉਹ ਲਿਖਦਾ ਹੈ ਕਿ ਜਦ ਖ਼ਾਲਸਾ ਜੀ ਦੇ ਦੇਗ ਤੇਗ ਵਾਲਾ ਸਿੱਕਾ ਚਲਣ ਲਗ

ਪਿਆ ਅਤੇ ਪੁਰਾਣਾ ਮੁਹੰਮਦ ਸ਼ਾਹੀ ਸਿੱਕਾ ਬੰਦ ਹੋਣ ਲੱਗਾ ਤਾਂ ਪੰਜਾਬ ਦੇ ਕੱਟੜ ਪੰਥੀ ਮੁਲਾਣਿਆਂ ਨੇ ਕੁਝ ਸਿਕਿਆਂ ਉਤੇ ਆਪਣੇ ਵਲੋਂ ਇਹ ਬੈਂਤ 'ਸਿਕਾ ਜਦ ਦਰ ਜਹਾਂ ਬਫ਼ਜਲੇ ਅਕਾਲ ਤਖ਼ਤੇ ਅਹਿਮਦ ਗ਼ਿਫ਼ਤ ਜੱਸਾ ਕਲਾਲ' ਮੜ ਕੇ ਲਾਂ ਦਿੱਤਾ ਅਤੇ ਇਹ ਸਿਕੇ ਅਹਿਮਦਸ਼ਾਹ ਅਬਦਾਲੀ ਨੂੰ ਕਾਬਲ ਭੇਜ ਦਿੱਤੇ। ਇਹ ਦੇਖ ਕੇ ਅਹਿਮਦਸ਼ਾਹ ਬਾਦਸ਼ਾਹ ਦੀ ਗ਼ੈਰਤ ਭੜਕ ਉਠੀ ਅਤੇ ਉਹ ਪੰਜਾਬ ਉਤੇ ਹਲਾ ਕਰਨ ਲਈ ਚੜ੍ਹ ਆਇਆ।

ਸਤੰਬਰ ਦੇ ਅੰਤ ਅਤੇ ਅਕਤੂਬਰ ਦੇ ਅਰੰਭ ਵਿਚ ਲਾਹੌਰ ਵਿਚ ਦੋਹਰੇ ਹਾਕਮ ਸਨ, ਇਕ ਖ਼ਾਲਸਾ ਜੀ ਦਾ ਜਿਨ੍ਹਾਂ ਨੇ ਇਥੇ ਨਵਾਂ ਕਬਜ਼ਾ ਕੀਤਾ ਸੀ ਅਤੇ ਦੂਸਰਾ ਉਬੈਦ ਖ਼ਾਂ ਜੋ ਕਿਲ੍ਹੇ ਅੰਦਰ ਬੰਦ ਸੀ। 'ਖ਼ਜ਼ਾਨਿ ਅਮੀਰਾ' ਦੇ ਲੇਖਕਾ ਦਾ ਕਥਨ ਹੈ ਕਿ ਉਹ ਛੇਤੀ ਹੀ ਕਰ ਗਿਆ ਸੀ। ਪਰ ਉਹ ਕਿੰਨੀ ਕੁ ਦੇਰ ਲਾਹੌਰ ਕਿਲ੍ਹੇ ਵਿਚ ਬੈਠਾ ਰਿਹਾ, ਇਸ ਬਾਰੇ ਨਿਸਚਿਤ ਰੂਪ ਵਿਚ ਕੁਝ ਨਹੀਂ ਕਿਹਾ ਜਾ ਸਕਦਾ।

ਇਸ ਘਟਨਾ ਦੇ ਤੁਰੰਤ ਪਿੱਛੋਂ ਘੁਮੰਡ ਚੰਦ ਕਟੋਚੀਆਂ ਚੁਪ ਕਰ ਕੇ ਪਹਾੜ ਨੂੰ ਖਿਸਕ ਗਿਆ। ਸ. ਜੱਸਾ ਸਿੰਘ ਨੇ ਦੁਆਬਾ ਬਿਸਤ ਜਲੰਧਰ ਵਿਚ ਦੁਰਾਨੀ ਕਾਰਿੰਦਿਆਂ ਸਆਦਤ ਖ਼ਾਂ ਅਤੇ ਸਿਦਿਕ ਬੇਗ ਨੂੰ ਭਜਾ ਦਿੱਤਾ। ਉਧਰ ਸਰਦਾਰ ਚੜ੍ਹਤ ਸਿੰਘ ਭੰਗੀ ਸਰਦਾਰ ਨੂੰ ਲਾਹੌਰ ਉੱਤਰ ਦਾ ਇਲਾਕਾ ਸਾਫ਼ ਕਰ ਦਿੱਤਾ। ਇਹ ਸਭ ਕੁਝ ਥੋੜੇ ਦਿਨਾਂ ਵਿਚ ਮੁਕਾ ਕੇ ਖ਼ਾਲਸਾ ਦਲ ਦੀਵਾਲੀ ਲਈ ਅੰਮ੍ਰਿਤਸਰ ਇੱਕਠਾ ਹੋਇਆ।

## ਕਾਂਡ ਗਿਆਰ੍ਹਵਾਂ

## ਤੱਤ ਖਾਲਸਾ

ਸਤਾਈ ਅਕਤੂਬਰ ਦੀ ਦੀਵਾਲੀ ਵਾਲੇ ਦਿਨ ਪੰਥ ਹੁਮ-ਹੁਮਾ ਕੇ ਸ੍ਰੀ ਅੰਮ੍ਰਿਤਸਰ ਪੁਜ ਗਿਆ। ਅਕਾਲ ਬੁੰਗੇ ਦੇ ਸਾਹਮਣੇ ਬਹੁਤ ਬੜਾ ਇੱਕਠ ਹੋਇਆ। ਸਮੂਹ ਮਿਸਲਾਂ ਦੇ ਸਰਦਾਰ ਅਤੇ ਉਨ੍ਹਾਂ ਦੇ ਸਾਥੀ ਪੁੱਜ ਗਏ। ਸਰਬੱਤ ਖ਼ਾਲਸੇ ਨੇ ਵਿਚਾਰ ਕੀਤੀ ਕਿ ਅਜੇ ਵੀ ਦੇਸ਼ ਵਿੱਚ ਦੁਰਾਨੀ ਦੇ ਏਜੰਟ ਅਤੇ ਮੁਖਬਰ ਮੌਜੂਦ ਹਨ ਜੋ ਦੇਸ਼ ਦਾ ਹਿੱਤ ਨਹੀਂ ਸੋਚਦੇ ਸਗੋਂ ਵਿਦੇਸ਼ੀਆਂ ਦੀ ਹਾਮੀ ਭਰਦੇ ਹਨ। ਇਨ੍ਹਾਂ ਵਿਚੋਂ ਜੰਡਿਆਲੇ ਦੇ ਨਿਰੰਜਨੀਏਕਸੂਰੀਏ, ਪੇਸ਼ਗੀ, ਮਲੇਰਕੋਟਲੀਏ, ਅਫ਼ਗਾਨ ਅਤੇ ਸਰਹਿੰਦ ਦਾ ਫ਼ੌਜਦਾਰ ਜੈਨ ਖ਼ਾਂ ਕੁਝ ਕੁ ਉਘੇ ਸਨ। ਕਸੂਰੀਆਂ ਅਤੇ ਮਲੇਰਕੋਟਲੀਆਂ ਦੀ ਤਾਂ ਅਹਿਮਦਸ਼ਾਹ ਅਬਦਾਲੀ ਨਾ ਨਸਲੀ ਸਾਂਝ ਸੀ। ਜੈਨ ਖ਼ਾਂ ਨੂੰ ਉਸਨੇ ਆਪ ਨਿਯੁਕਤ ਕੀਤਾ ਸੀ। ਨਿਰੰਜਨੀਏ ਮਹੰਤ ਆਕਿਲ ਦਾਸ ਨੂੰ ਉਂਜ ਹੀ ਸਿੰਘਾਂ ਨਾਲ ਵੈਰ ਸੀ। ਇਸ ਲਈ ਪੰਜਾਬ ਓਤੇ ਸਿੱਖ ਰਾਜ ਮੁਕੰਮਲ ਕਰਨ ਲਈ ਇਨ੍ਹਾਂ ਅੱਡਿਆਂ ਨੂੰ ਆਪਣੇ ਹੱਥਾਂ ਹੇਠ ਕਰਨਾ ਜ਼ਰੂਰੀ ਸੀ ਪਰ ਪਤਾ ਨਹੀਂ ਸੀ ਕਿ ਇਸ ਵਿੱਚ ਕੀ ਕੀ ਔਕੜਾਂ ਖੜੀਆਂ ਹੋ ਜਾਣ ਅਤੇ ਕਿਤਨੀ ਦੇਰ ਲੰਘ ਜਾਏ। ਇਸ ਤੋਂ ਇਲਾਵਾ ਇਹ ਵੀ ਡਰ ਸੀ ਕਿ ਕਿਤੇ ਅਹਿਮਦਸ਼ਾਹ ਦੀ ਕਾਬਲੋਂ ਨਾ ਆ ਜਾਏ।

ਉਪਰੋਕਤ ਸਾਰੀਆਂ ਗੱਲਾਂ ਨੂੰ ਮੁਖ ਰਖਦੇ ਹੋਏ ਇਹ ਗੁਰਮਤਾ ਕੀਤਾ ਗਿਆ ਕਿ ਟੱਬਰ-ਟੀਰ ਮਾਲਵੇ ਵਿਚ ਪਹੁੰਚਾ ਦਿੱਤਾ ਜਾਏ ਅਤੇ ਨਿਸਚਿੰਤ ਹੋ ਕੇ ਇਕ ਤਕੜਾ ਹੰਬਲ ਮਾਰ ਕੇ ਸਮੂਹ ਪੰਜਾਬ ਵਿੱਚ ਰਾਜ ਕਾਇਮ ਕੀਤਾ ਜਾਏ।

ਗੁਰਮਤੇ ਅਨੁਸਾਰ ਜੱਸਾ ਸਿੰਘ ਆਹਲੂਵਾਲੀਏ ਦੀ ਅਗਵਾਈ ਹੇਠ ਜੰਡਿਆਲਾ ਵਿਖੇ ਆਕਲ ਦਾਸ ਨੂੰ ਘੇਰ ਲਿਆ। ਉਸਨੇ ਤੁਰੰਘ ਤੇਜ਼ ਰਫ਼ਤਾਰ ਸਾਂਢਣੀ ਸਵਾਰ ਅਹਿਮਦ ਸ਼ਾਹ ਅਬਦਾਲੀ ਵੱਲ ਭੇਜ ਦਿੱਤਾ ਅਤੇ ਸਹਾਇਤਾ ਲਈ ਬੇਨਤੀ ਕੀਤੀ।

ਅਹਿਮਦ ਸ਼ਾਹ ਅਬਦਾਲੀ ਨੇ ਸਿੱਖਾਂ ਨੂੰ ਸਬਕ ਸਿਖਾਉਣ ਦਾ ਪਹਿਲਾਂ ਹੀ ਤਹਈਆ ਕਰ ਰਖਿਆ ਸੀ ਅਤੇ ਇਸ ਮੰਤਵ ਲਈ ਕਾਬਲ ਤੋਂ ਤੁਰ ਪਿਆ। ਇਸ ਗਲ ਦਾ ਮਹੰਤ ਆਕਲ ਦਾਸ ਨੂੰ ਪਹਿਲਾਂ ਹੀ ਪਤਾ ਸੀ। ਰੋਹਤਾਸ ਪੁੱਜਣ ਪਰ ਅਹਿਮਦ ਸ਼ਾਹ ਨੂੰ ਮਹੰਤ ਵਲੋਂ ਭੇਜਿਆ ਹੋਇਆ ਪੱਤਰ ਮਿਲ ਗਿਆ। ਇਥੇ ਹੀ ਉਸਨੂੰ ਮਹੰਤ ਦੀ ਦੂਜੀ ਚਿਠੀ ਵੀ ਪ੍ਰਾਪਤ ਹੋ ਗਈ। ਆਪਣੇ ਪਿੱਠੂਆਂ ਦੀ ਮੰਦੀ ਹਾਲਤ ਵੇਖ ਕੇ ਕੁਝ ਚੋਣਵਿਆਂ ਬੰਦਿਆਂ ਸਮੇਤ, ਸ਼ਾਹ ਨੂੰ ਬੜੀ ਤੇਜ਼ੀ ਨਾਲ ਜੰਡਿਆਲਾ ਨੂੰ ਧਾਈ ਕੀਤੀ। ਛੇਤੀ ਹੀ ਪਿਛੋਂ ਇਸਦੀ ਫ਼ੌਜ ਵੀ ਆ ਗਈ।

ਇਨ੍ਹਾਂ ਹਾਲਾਤਾਂ ਵਿਚ ਸ. ਜੱਸਾ ਸਿੰਘ ਨੇ ਜੰਡਿਆਲਾ ਦਾ ਘੇਰਾ ਚੁਕ ਲਿਆ ਅਤੇ ਫ਼ੈਸਲਾ ਕੀਤਾ ਕਿ ਸਤਲੁਜੋਂ ਪਾਰ ਆਪਣੇ ਟਬਰਾਂ ਨਾਲ ਕਿਸੇ ਸੁਰਖਿੱਅਤ ਥਾਂ ਤੇ ਪਹੁੰਚਾਇਆ ਜਾਏ ਤਾਂਕਿ ਬੇ-ਫ਼ਿਕਰ ਹੋ ਕੇ ਦੁਰਾਨੀ ਦਾ ਟਾਕਰਾ ਕੀਤਾ ਜਾ ਸਕੇ

ਇਸ ਲਈ ਜਦੋਂ ਅਹਿਮਦਸ਼ਾਹ ਅਬਦਾਲੀ ਜੰਡਿਆਲੇ ਪੁੱਜਾ ਤਾਂ ਸਿੱਖਾਂ ਨੂੰ ਉਥੇ ਨਾ ਪਾ ਕੇ ਬੜਾ ਮਾਯੂਸ ਹੋਇਆ। ਉਧਰੋਂ ਜਦੋਂ ਭੀਖਣ ਖ਼ਾਂ ਮਲੇਰੀਏ ਨੂੰ ਪਤਾ ਲਗਾ ਕਿ ਸਿੱਖ ਰਾਏਪੁਰ ਗੁਜਰਵਾਲ ਤੋਂ ਦੱਖਣ ਵਲ ਮਲੇਰਕੋਟਲੇ ਤੋਂ ਦੱਸ ਕੁ ਮੀਲ ਦੀ ਵਿਥ ਤੇ ਹਨ ਤਾਂ ਉਸਨੂੰ ਬਹੁਤ ਫ਼ਿਕਰ ਲੱਗਾ। ਉਸਨੇ ਫ਼ਟਾ-ਫ਼ਟ ਸਰਹਿੰਦ ਦੇ ਗਵਰਨਰ ਜ਼ੈਨ ਖ਼ਾਂ ਤੋਂ ਜੋ ਉਸ ਸਮੇਂ ਨੇੜੇ ਹੀ ਦੌਰੇ ਤੇ ਸੀ, ਸਹਾਇਤਾ ਮੰਗ ਭੇਜੀ ਅਤੇ ਨਾਲ ਹੀ ਅਹਿਮਦਸ਼ਾਹ ਨੂੰ ਖ਼ਬਰ ਕਰ ਦਿੱਤੀ ਕਿ ਸਿੰਘ ਇਥੇ ਇੱਕਠੇ ਹੋਏ ਹਨ ਅਤੇ ਉਨ੍ਹਾਂ ਨੂੰ ਛੇਤੀ ਘੇਰਿਆ ਜਾਏ ਤੇ ਸਹਿਜੇ ਹੀ ਤਬਾਹ ਕੀਤਾ ਜਾ ਸਕਦਾ ਹੈ।

ਅਹਿਮਦਸ਼ਾਹ ਅਬਦਾਲੀ ਲਈ ਇਸ ਤੋਂ ਚੰਗੀ ਹੋਰ ਕਿਹੜੀ ਖ਼ਬਰ ਹੋ ਸਕਦੀ ਸੀ। ਉਸਨੇ 3 ਫਰਵਰੀ ਨੂੰ ਸਵੇਰੇ ਹੀ ਕੂਚ ਕੀਤਾ ਅਤੇ ਵਾਹਦਾਹੀ ਬਿਨਾਂ ਕਿਧਰੇ ਮੁਕਾਮ ਕਰਨ ਦੇ ਸਤਲੁਜ ਟਪ ਆਇਆ। ਰਸਤੇ ਵਿਚੋਂ 4 ਫ਼ਰਵਰੀ ਨੂੰ ਦੁਰਾਨੀ ਨੇ ਘੋੜ ਸਵਾਰ ਜ਼ੈਨਖ਼ਾਨ ਵਲ ਭਾਏ ਕਿ ਪੰਜ ਦੀ ਸਵੇਰੇ ਸਿੰਘਾਂ ਉੱਤੇ ਅਗਿਉਂ ਹੱਲਾ ਕਰੇ। ਇਹ ਹੁਕਮ ਮਿਲਦੇ ਜ਼ੈਨਖ਼ਾਨ ਭੀਖਣ ਖ਼ਾਨੀਂ ਮੁਰਤਜ਼ਾ ਖ਼ਾ ਬੜਾਇਚ, ਕਾਸਿਮ ਖਾਂ, ਮੜ੍ਹਲ , ਦੀਵਾਨ ਲਛਮੀ ਨਾਰਾਇਨ ਅਤੇ ਦੂਜੇ ਅਫ਼ਸਰਜ ਅਗਲੇ ਦਿਨ ਸਿੰਘਾਂ ਦੀ ਕਤਲਿਆਮ ਲਈ ਤਿਆਰੀ ਕਰਨ ਲਗ ਪਏ।

ਅਹਿਮਦ ਸ਼ਾਹ ਅਬਦਾਲੀ 5 ਫਰਵਰੀ 1762 ਦੀ ਸਵੇਰ ਨੂੰ ਮਲੇਰਕੋਟਲੇ ਦੇ ਨਿਕਟ ਕੁਪ ਪਿੰਡ ਵਿਚ ਪੁਜ ਗਿਆ। ਇਸ ਥਾ ਤੇ ਤੀਹ ਹਜ਼ਾਰ ਸਿੱਖ ਆਪਣੇ ਪਰਵਾਰਾਂ ਸਮੇਤ ਮੌਜੂਦ ਸਨ। ਜ਼ੈਨ ਖ਼ਾਨ ਨੇ ਅਗਲੇ ਪਾਸੇ ਤੋਂ ਹਮਲਾ ਕਰ ਦਿੱਤਾ ਅਤੇ ਅਹਿਮਦ ਸ਼ਾਹ ਅਬਦਾਲੀ ਨੇ ਪਿਛਲੇ ਪਾਸੇ ਤੋਂ। ਅਬਦਾਲੀ ਨੇ ਹੁਕਮ ਕੀਤਾ ਕਿ ਜੋ ਕੋਈ ਵੀ ਭਾਰਤੀ ਲਿਬਾਸ ਵਿਚ ਹੋਵੇ, ਉਸਨੂੰ ਮਾਰ ਦਿੱਤਾ ਜਾਵੇ। ਜ਼ੈਨ ਖ਼ਾਨ ਦੇ ਸਿਪਾਹੀ ਜੋ ਭਾਰਤੀ ਲਿਬਾਸ ਵਿਚ ਸਨ, ਉਨ੍ਹਾਂ ਨੂੰ ਪੱਗਾਂ ਵਿਚ ਹਰੀਆਂ ਟਹਿਣੀਆਂ ਟੁੰਗਣ ਲਈ ਕਿਹਾ ਗਿਆ।

ਇਹ ਸਿੱਖਾਂ ਉੱਤੇ ਅਚਾਨਕ ਹਮਲਾ ਸੀ। ਉਨ੍ਹਾਂ ਨੂੰ ਵੈਰੀ ਦੇ ਇਕਠ ਦਾ ਪਤਾ ਨਹੀਂ ਸੀ । ਇਸ ਲਈ ਉਹ ਅਭੋਲ ਹੀ ਫਸ ਗਏ। ਸ. ਜੱਸਾ ਸਿੰਘ ਆਹਲੂਵਾਲੀਆ ਸ. ਸ਼ਾਮ ਸਿੰਘ ਕਰੋੜ ਸਿੰਘੀਆਂ, ਅਤੇ ਸਰਦਾਰ ਕੜ੍ਹਤ ਸਿੰਘ ਆਦਿ ਸਰਦਾਰਾਂ ਨੇ ਝਟ-ਪਟ ਮੀਟਿੰਗ ਕਰ ਕੇ ਲੜਨ ਦਾ ਫੈਸਲਾ ਕੀਤਾ। ਸਿੰਘਾਂ ਲਈ ਇਕ ਭਾਰੀ ਬਿਪਤਾ ਇਹ ਸੀ ਕਿ ਉਨ੍ਹਾਂ ਦਾ ਵੱਡਾ ਲਸ਼ਕਰ ਕੁਲ ਹਰੀੜ ਵਿਖੇ (ਮਲੇਰਕੋਟਲਾ ਦੇ ਲਾਗੇ ਸੀ, ਪਰ ਸਾਰਾ ਮਾਲ ਅਸਬਾਧ, ਹਥਿਆਰ, ਗੋਲਾਂ ਬਾਰੂਦ ਤੇ ਖਾਣਾ-ਦਾਣਾ ਉਥੋ ਚਾਰ ਮੀਲ ਦੂਰ ਕਰਮਾ ਪਿੰਡ ਵਿਚ ਸੀ। ਇਸ ਵਾਸਤੇ ਉਨ੍ਹਾਂ ਨੂੰ ਫ਼ੈਸਲਾ ਕੀਤਾ ਕਿ ਪਹਿਲਾ ਆਪਣੇ ਮਾਲ-ਅਸਬਬ ਵਾਲੇ ਦਸਤੇ ਨਾਲ ਮਿਲਿਆ ਜਾਵੇ ਅਤੇ ਫਿਰ ਬਰਨਾਲੇ ਵਿਚ ਆਲ੍ਹਾ ਸਿੰਘ ਕੋਲ ਪਹੁੰਚਿਆ ਜਾਵੇ, ਜਿਥੋਂ ਸਿਖਾਂ ਨੂੰ ਸਹਾਇਤਾ ਦੀ ਉਮੀਦ ਸੀ। ਇਸ ਸੋਚ ਕੇ ਸਿੰਘਾਂ ਨੇ ਵਹੀਰ ਦੇ ਉਦਾਲੇ ਕੁੰਡਲ ਬਣਾ ਲਿਆ ਅਤੇ ਲੜਦੇ ਲੜਦੇ ਅੱਗੇ ਵਧਦੇ ਗਏ। ਸ. ਜੱਸਾ ਸਿੰਘ ਨੇ ਇਸ ਨਾਜ਼ਕ ਮੌਕੇ ਤੇ ਬਡੀ ਫ਼ੁਰਤੀ ਨਾਲ ਹਰ ਉਸ ਥਾਂ ਤੇ ਪਹੁੰਚਣਾ ਜਿਥੇ ਉਹ ਸਿੰਘਾਂ ਦੀ ਹਾਲਤ ਜ਼ਰਾ ਪਤਲੀ ਸਮਝਦਾ ਸੀ। ਸ. ਚੜ੍ਹਤ ਸਿੰਘ ਅਤੇ ਸ. ਸ਼ਾਮ ਸਿੰਘ ਆਦਿ ਸਰਦਾਰਾਂ। ਨੇ ਵੀ ਵੀਰਤਾ ਭਰਪੂਰ ਦੇ ਕਮਾਲ ਜੌਹਰ ਵਿਖਾਏ।

ਅਹਿਮਦ ਸ਼ਾਹ ਅਬਦਾਲੀ ਨੇ ਬੜਾ ਯਤਨ ਕੀਤਾ ਕਿ ਇਹ ਕੁੰਡਲ ਟੁਟੇ ਅਤੇ ਇਸ ਮਨੋਰਥ ਲਈ ਉਸਨੇ ਪਹਿਲਾਂ ਸਈਅਦ ਵਲੀ ਖਾਂ ਤੇ ਫਿਰ ਜਹਾਨ ਖ਼ਾਂ ਨੂੰ ਹਮਲਾ ਕਰਨ ਲਈ ਕਿਹਾ, ਪਰ ਕੋਈ ਖ਼ਾਸ ਸਫਲਤਾ ਪ੍ਰਾਪਤ ਨਾ ਹੋਈ। ਫਿਰ ਖ਼ਾਲਸੇ ਦੀ ਲਾਇਨਾਂ ਤੋੜਨ ਲਈ ਹੋਰ ਅਫ਼ਗਾਨ ਫ਼ੌਜ ਭੇਜੀ ਗਈ, ਪਰ ਸਿੰਘਾਂ ਨੇ ਵੈਰੀ ਨੂੰ ਵਹੀਰ ਤਕ ਨਾ ਪਹੁੰਚਣ ਦਿੱਤਾ। ਸਰਦਾਰ ਜੱਸਾ ਸਿੰਘ ਨੇ ਨਾ ਤਾਂ ਸਿੰਘਾਂ ਦੇ ਹੌਸਲੇ ਡਿਗਣ ਦਿੱਤੇ ਤੇ ਨਾ ਅਫ਼ਗਾਨਾ ਦੀ ਕੋਈ ਪੇਸ਼ ਆਣ ਦਿੱਤੀ। ਜਿਸ ਫੁਰਤੀ ਬੀਰਤਾ ਅਤੇ ਦ੍ਰਿੜਤਾ ਨਾਲ ਸ. ਸ਼ਾਮ ਸਿੰਘ ਘੋੜੇ ਤੇ ਚੜ੍ਹ ਕੇ ਹਰ ਪਾਸੇ ਸਿੰਘਾਂ ਨੂੰ ਹਦਾਇਤਾਂ ਦਿੰਦਾ, ਉਸਦੀ ਜਿੰਨੀ ਵੀ ਸ਼ਲਾਘਾ ਕੀਤੀ ਜਾਏ, ਥੋੜ੍ਹੀ ਹੈ।

ਅਬਦਾਲੀ ਇਹ ਚਾਹੁੰਦਾ ਸੀ ਕਿ ਸਿਖ ਕਿਸੇ ਨਾ ਕਿਸੇ ਢੰਗ ਨਾਲ ਇਕ ਥਾਂ ਤੇ ਰੋਕ ਜਾਏ ਜਾਣ ਅਤੇ ਫਿਰ ਉਸ ਲਈ ਉਨ੍ਹਾਂ ਨੂੰ ਖ਼ਤਮ ਕਰਨਾ ਸੌਖਾ ਹੋ ਜਾਏਗਾ। ਇਸ ਮੰਤਵ ਲਈ ਉਸਨੇ ਬੜੇ ਗੁੱਸੇ ਵਿਚ ਆ ਕੇ ਜ਼ੈਨਖ਼ਾਨ ਅਤੇ ਲੱਛਮੀ ਨਾਰਾਇਣ ਨੂੰ ਸੁਨੇਹਾ ਭੇਜਿਆ ਕਿ ਤੁਸੀਂ ਸਿੰਘਾਂ ਦੀ ਵਹੀਰ ਨੂੰ ਅੱਗੇ ਹੋਕੇ ਡਕਦੇ ਕਿਉਂ ਨਹੀਂ। ਜੋ ਤੁਸੀਂ ਇਨ੍ਹਾਂ ਨੂੰ ਆਗਿਉ ਥੋੜਾ ਜਿਹਾ ਰੋਕ ਲਓ ਅਤੇ ਇਨ੍ਹਾਂ ਦਾ ਅੱਗੇ ਅੱਗੇ ਤੁਰੀ ਜਾਣਾ। ਬਦ ਕਰਕੇ ਇਨ੍ਹਾਂ ਨੂੰ ਥੰਮ ਦਿਓ ਤਾਂ ਘੜੀ ਪਲ ਵਿਚ ਹੀ ਅਸੀਂ ਇਨ੍ਹਾਂ ਨੂੰ ਮਾਰ ਮੁਕਾਵਾਂਗੇ। "ਪਰ ਇਨ੍ਹਾਂ ਨੂੰ ਸਾਹਮਣਿਓ ਰੋਕਣਾ ਸੰਭਵ ਨਹੀਂ ਹੈ" ਜ਼ੈਨ ਖ਼ਾਨ ਨੇ ਜਵਾਬ ਦਿੱਤਾ ਭਾਵੇਂ ਸਿੰਘ ਸਾਹਮਣਿਓ ਤੇ ਨਾ ਰੋਕੇ ਜਾ ਸਕੇ, ਪਰ ਅਹਿਮਦਸ਼ਾਹ ਅਬਦਾਲੀ ਦੀਆਂ ਫੌਜਾਂ ਲਈ ਥਾਵਾਂ ਤੇ ਸਿੰਘਾਂ ਦੇ ਵਹੀਰ ਉਦਾਲੇ ਪਾਏ ਹੋਏ ਕੁੰਡਲ ਤੋੜਨ ਵਿਚ ਸਫ਼ਲ ਹੋ ਗਈਆਂ, ਜਿਸ ਦੇ ਫਲ ਸਰੂਪ ਸਿਖਾਂ ਦਾ ਬਹੁਤ ਭਾਰੀ ਨੁਕਸਾਨ ਹੋਇਆ। ਵਹੀਰ ਵਿਚ ਬਹੁਤ ਬੁਢੇ ਠੇਰੇ, ਬੱਚੇ ਅਤੇ ਔਰਤਾਂ ਸਨ, ਉਨ੍ਹਾਂ ਵਿਚੋਂ ਅਨੇਕਾਂ ਥਕ ਟੁੱਟ ਕੇ ਰਹਿ ਜਾਂਦੇ ਅਤੇ ਮਾਰੇ ਜਾਂਦੇ।

ਲੋਢੇ ਵੇਲੇ ਵਹੀਰ ਕੁਤਬਾ ਅਤੇ ਬਾਹਮਣੀ ਪਿੰਡਾਂ ਪਾਸ ਪੁਜੀ ਪਰ ਇਹ ਪਿੰਡ ਮਾਲੇਰਕੋਟਲੇ ਦੇ ਅਫ਼ਗ਼ਾਨਾਂ ਦੇ ਸਨ ਜੋ ਇਸ ਵੇਲੇ ਵੈਰੀ ਦੇ ਸਾਥੀ ਅਤੇ ਸਿੰਘਾਂ ਦੇ ਦੁਸ਼ਮਣ ਬਣੇ ਹੁੰਦੇ ਸਨ। ਇਨ੍ਹਾਂ ਪਿੰਡਾਂ ਦੇ ਰੰਘੜ ਢੋਲ ਵਜਾ ਕੇ ਇੱਕਠੇ ਹੋ ਗਏ ਤੇ ਸਿੰਘਾਂ ਦੇ ਪਿਛੇ ਪੈ ਗਏ ਹੁਣ ਸਰਦਾਰ ਚੜ੍ਹਤ ਸਿੰਘ ਸ਼ੁਕਰਚਕੀਆਂ ਇਨ੍ਹਾਂ ਦੀ

ਸਹਾਇਤਾ ਲਈ ਆਇਆ ਅਤੇ ਰੰਘੜਾ; ਨੂੰ ਮਾਰ ਮਾਰ ਕੇ ਪਿੱਛੇ ਧਕਿਆ। ਸਿੰਘਾਂ ਨੂੰ ਬਹੁਤ ਤੰਗ ਕੀਤਾ ਗਿਆ, ਪਰ ਉਨ੍ਹਾਂ ਹੌਸਲਾ ਨਾ ਹਾਰਿਆ। ਉਹ ਵੈਰੀਆਂ ਨੂੰ ਵਢਦੇ-ਟੁਕਦੇ, ਉਨ੍ਹਾਂ ਦੇ ਪੜ੍ਹਛੇ ਲਾਹੁੰਦੇ ਅਤੇ ਆਪ ਉਨ੍ਹਾਂ ਦੇ ਵਾਰਾਂ ਤੋਂ ਬਚਦੇ ਬਚਾਉਂਦੇ ਅਗੇ ਵਧਦੇ ਗਏ। ਕੁਤਬਾ ਅਤੇ ਬਾਹਮਣੀ ਦੇ ਲਾਗੇ ਇਕ ਢਾਬ ਸੀ। ਇਸ ਨੂੰ ਦੇਖ ਕੇ ਦੋਵੇਂ ਪਾਸੇ ਅਫ਼ਗਾਨ ਅਤੇ ਸਿੱਖੀਂ ਆਪਣੀ ਪਿਆਸ ਬੁਝਾਉਣ ਲਈ ਉਧਰ ਨੂੰ ਹੋ ਪਏ। ਸਵੇਰ ਦੇ ਭੁਖੇ ਭਾਣੇ ਲੜਦੇ ਮਰਦੇ ਪਿਆਸੇ ਆ ਰਹੇ ਸਨ। ਪਾਣੀ ਪੀਣ ਲਗ ਪਏ। ਲੜਾਈ ਇਸ ਤਰ੍ਹਾਂ ਆਪ ਹੀ ਬੰਦ ਹੋ ਗਈ ਅਤੇ ਮੁੜ ਜਾਰੀ ਨਾ ਹੋ ਸਕੀ। ਦੁਰਾਨੀ ਵੀ ਥੱਕ-ਟੁੱਟ ਕੇ ਹਫ਼ ਗਏ ਸਨ। ਪਿਛਲੇ ਛੱਤੀ ਘੰਟਿਆਂ ਵਿੱਚ ਉਨ੍ਹਾਂ ਦੇ ਕੋਈ ਡੇਢ ਸੌ ਮੀਲ ਦੀ ਮੰਜ਼ਲ ਮਾਰੀ ਸੀ। ਅਤੇ ਦਸ ਘੰਟਿਆਂ ਤੋਂ ਲੜਦੇ ਆ ਰਹੇ ਸਨ। ਦੂਜੇ ਪਾਸੇ ਉਹ ਸਿੰਘਾਂ ਦੇ ਇਲਾਕੇ ਵੱਲ ਵਧ ਰਹੇ ਸਨ ਇਸ ਲਈ ਅਹਿਮਦਸ਼ਾਹ ਹੋਰ ਲੜਾਈ ਕਰਨਾ ਠੀਕ ਨਹੀਂ ਸਮਝਦਾ ਸੀ ਅਤੇ ਇਸ ਲਈ ਉਹ ਰੁਕ ਗਿਆ।

ਇਸ ਦਿਨ ਸਿਖਾਂ ਦਾ ਬਹੁਤ ਨੁਕਸਾਨ ਹੋਇਆ। ਕਰਮ ਸਿੰਘ ਹਿਸਔਰੀਅਨ ਦੇ ਅੰਦਾਜ਼ੇ ਅਨੁਸਾਰ ਕੋਈ ਪੰਦਰਾ ਵੀਹ ਹਜ਼ਾਰ ਸਿੰਘ ਸਿੰਘਣੀਆਂ ਅਤੇ ਬੱਚੇ ਸ਼ਹੀਦ ਹੋ ਗਏ ਸਨ। 'ਤਹਿਮਾਸ ਨਾਮਾ' ਅਨੁਸਾਰ ਇਹ ਗਿਣਤੀ ਲਗਭਗ ਪੰਝੀ ਹਜ਼ਾਰ ਹੋਵੇਗੀ। ਇਕ ਦਿਨ ਵਿਚ ਖਾਲਸੇ ਦਾ ਇੰਨਾ ਜ਼ਿਆਦਾ ਨੁਕਸਾਨ ਕਦੀ ਵੀ ਨਹੀਂ ਹੋਇਆ ਸੀ। ਬਹੁਤ ਸਾਰੇ ਸਰਦਾਰ ਜ਼ਖਮੀ ਹੋਏ, ਕਈ ਮਾਰੇ ਗਏ। ਸ਼ਾਇਦ ਹੀ ਕੋਈ ਸਰਦਾਰ ਅਜਿਹਾ ਹੋਵੇਗਾ ਜਿਸਨੂੰ ਘਟੋ ਘਟ ਪੰਜ ਸਤ ਜ਼ਖ਼ਮ ਨਾ ਲੱਗੇ ਹੋਣ। ਸ. ਰਤਨ ਸਿੰਘ ਭੰਗੂਅਨੁਸਾਰ:-

ਸਰਦਾਰ ਸਭੇ ਜ਼ਖ਼ਮੀ ਭਏ, ਸਾਵਤ ਰਹਯੋ ਨਾ ਕੋਇ।

ਲਈ ਸ਼ਹੀਦੀ ਥੀ ਘਨਨ ਗਿਣਤੀ ਸਭਨ ਨਾ ਹੋਇ॥ 141॥

ਚੜ੍ਹਤ ਸਿੰਘ ਜ਼ਖ਼ਮ ਤੋਂ ਕਿਣੇ ਨਾ ਜਾਇ।

ਤੀਰ ਤਲਵਾਰ ਜੋ ਨੇਜ਼ੇ ਖਾਇ।

ਇਸੇ ਲਈ ਸਿੰਘ ਇਸ ਕਹਿਰ ਦੇ ਭਾਣੇ ਨੂੰ 'ਘਲੂਘਾਰਾ' ਕਹਿ ਕੇ ਯਾਦ ਕਰਦੇ ਸਨ। ਪ੍ਰਾਚੀਨ ਪੰਥ ਪ੍ਰਕਾਸ਼ ਦੇ ਲੇਖਕ ਭੰਗੂਰਤਨ ਸਿੰਘ ਸ਼ਹੀਦ ਦਾ ਪਿਤਾ ਅਤੇ ਚਾਚਾ ਇਸ ਵੇਲੇ ਇਸ ਯੁਧ ਵਿੱਚ ਵਹੀਰ ਦੇ ਨਾਲ ਸਨ। ਉਨ੍ਹਾਂ ਦੀ ਗਵਾਹੀ ਦੇ ਆਧਾਰ ਤੇ ਉਹ ਲਿਖਦਾ ਹੈ ਕਿ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਅਦੁੱਤੀ ਹਠ ਦਿਖਾਇਆ ਸੀ। ਇਸ ਗੱਲ ਦੀ ਪੁਸ਼ਟੀ ਲਈ ਉਹ ਲਿਖਦਾ ਹੈ ਕਿ ਇਕ ਥਾਂ ਸਰਦਾਰ ਜੱਸਾ ਸਿੰਘ ਦਾ ਘੋੜਾ ਵਿਟਰ ਬੈਠਾ, ਸ਼ਾਇਦ ਬਹੁਤ ਥਕ ਚੁਕਿਆ ਸੀ। ਸਰਦਾਰ ਜੱਸਾ ਸਿੰਘ ਅੱਡੀ ਮਾਰੇ ਪਰ ਉਹ ਅੱਗੇ ਨਾ ਤੁਰੇ। ਇਸ ਪੁਰ, ਉਸਦੇ ਪਾਲਕ ਗੁਰਮੁਖ ਸਿੰਘ ਨੇ ਘੋੜੇ ਨੂੰ ਮਾਰਨ ਲਈ ਚਾਬਕ ਚੁਕਿਆ। ਸਰਦਾਰ ਨੇ ਉਸਨੂੰ ਉਸੇ ਵੇਲੇ ਰੋਕ ਦਿੱਤਾ ਤੇ ਕਿਹਾ ਕਿ 'ਵੇਖੀਂ ਚਾਬਕ ਨਾ ਮਾਰੀ' ਮਤੇ ਲੋਕ ਇਹ ਸਮਝ ਬੈਠਣ ਕਿ ਸਰਦਾਰ ਘੋੜਾ ਕੁਟਵਾ ਕੇ ਭੱਜ ਨੱਠਾ ਹੈ ਇਸ ਯੁਧ ਵਿਚ ਸਰਦਾਰ ਜੱਸਾ ਸਿੰਘ ਨੂੰ 22 ਜ਼ਖ਼ਮ ਆਏ, ਪਰ ਫਿਰ ਵੀ ਉਹ ਸੌਹੇਂ ਮੱਥੇ ਵੈਰੀ ਦੇ ਟਾਕਰੇ ਆ ਡਟਦਾ ਸੀ। ਰਤਨ ਸਿੰਘ ਭੰਗੂਨੇ ਇਸ ਸਬੰਧ ਵਿਚ ਇੰਜ ਲਿਖਿਆ ਹੈ:-

ਜ਼ਖ਼ਮ ਬਹੁਤ ਜੱਸਾ ਸਿੰਘ ਖਾਏ।

ਤੀਰ ਗੋਲੀ ਔਰ ਤੇਗ ਘਾਇ ਆਏ।

ਆਪ ਪਰੇ ਔਂ ਉਨ ਕੇ ਝੈਲੈ।

ਸੌਹ ਮੱਥੇ ਰੱਖ, ਘੋੜੇ ਮੈਲ॥82 ॥

ਜੱਸਾ ਸਿੰਘ ਖਾਏ ਬਈ ਘਾਇ॥

ਤੌਂ ਭੀ ਸਿੰਘ ਜੀ ਲੜਦੇ ਜਾਇ॥9●॥

ਅਹਿਮਦ ਸ਼ਾਹ ਅਬਦਾਲੀ ਨੇ ਅਜਿਹੀ ਸਟ ਮਾਰੀ ਸੀ, ਜਿਸਨੂੰ ਪਰਗਟ ਤੌਰ ਤੇ ਸਹਿਣਾ ਅਤਿ ਮੁਸ਼ਕਲ ਸੀ, ਪਰ ਖ਼ਾਲਸਾ ਤਾਂ ਪਹਿਲਾਂ ਹੀ ਤਲਵਾਰਾਂ ਦੀ ਛਾਵੇਂ ਸੀ ਅਤੇ ਪਿਛਲੇ ਪੰਜਾਹ ਵਰ੍ਹਿਆਂ ਵਿਚ ਕਈ ਕਤਲਾਮਾਂ ਵਿਚੋਂ ਲੰਘ ਚੁਕਿਆ ਸੀ। ਉਹ ਉੱਕਾ ਹੀ ਥਿੜਕਿਆ ਨਹੀਂ ਸੀ ਉੱਕਾ ਹੀ ਡੋਲਿਆ ਨਹੀਂ ਸੀ। ਉਹ ਉਪਰੋਕਤ ਬਿਬਤਾ ਭਾਣੇ ਦੀ ਖੇਡ ਸਮਝ ਕੇ ਸਹਿ ਗਿਆ। ਉਸੇ ਦਿਨ ਸ਼ਾਮ ਨੂੰ ਇਕ ਨਿਹੰਗ ਸਿੰਘ ਉੱਚੀ ਉੱਚੀ ਕਹਿ ਰਿਹਾ ਸੀ।

ਤੱਤ ਖਾਲਸੇ ਸੋ ਰਹਯੋ ਗਯੋ ਸੋ ਖੋਟ ਗਵਾਇ

ਅਰਥਾਤ:

ਖਾਲਸਾ ਖਾਲਸ ਜਿਉਂ ਕਾ ਤਿਉਂ ਅਡੋਲ

ਮੌਜੂਦ ਹੈ, ਮੋਹ ਮਾਇਆ ਦੀ

ਨਾਸ਼ਵਾਨ ਮੂਰਤਿ ਜੋ ਸੀ ਉਹ

ਅਲੋਪ ਹੋ ਗਈ ਹੈ।

ਤੱਤ ਖਾਲਸੇ ਸੋ ਰਹਯੋ ਗਯੋ ਸੋ ਖੋਟ ਗਵਾਇ

ਅਹਿਮਦ ਸ਼ਾਹ ਅਬਦਾਲੀ ਨੇ ਭਾਵੇਂ ਸਿਖਾਂ ਉਤੇ ਕਰੜੀ ਸੱਟ ਮਾਰੀ ਸੀ, ਪਰ ਉਹ ਅੰਦਰੋਂ ਅੰਦਰੀ ਇਹ ਮਹਿਸੂਸ ਕਰ ਚੁਕਾ ਸੀ ਕਿ ਪੰਜਾਬ ਉਪਰ ਅਧਿਕਾਰ ਜਮਾਉਣ ਦਾ ਇਕੋ ਇਕ ਰਾਹ ਉਨ੍ਹਾਂ ਨੂੰ ਨਾਲ ਮਿਲਾਉਣ ਦਾ ਹੈ। ਜਿਸ ਲਈ ਉਸ ਨੇ ਇਸ ਪ੍ਰਥਾਏ ਕੁਝ ਉਚੇਚੇ ਕਦਮ ਚੁਕਣ ਦਾ ਮਨ ਬਣਾ ਲਿਆ। ਜਦੋਂ ਬਾਬਾ ਆਲ੍ਹਾ ਸਿੰਘ ਨੇ ਨਜੀਬ ਦੌਲਾ ਰੁਹੇਲੇ ਰਾਹੀਂ ਸ਼ਾਹ ਨੂੰ ਖ਼ੁਸ਼ ਕਰਨ ਲਈ ਸਵਾ ਛੇ ਲਖ ਰੁਪਈਆਂ ਭੇਂਟ ਕਰਨ ਲਈ ਗਿਆ, ਤਾਂ ਉਸਨੈ ਉਸਨੂੰ ਕਿਹਾ ਕਿ "ਤੂੰ ਮੇਰਾ ਤੇ ਖ਼ਾਲਸੇ ਦਾ ਸਮਝੌਤਾ ਕਰਵਾ ਦੇ ਇਹ ਮੇਰੇ ਵਿਰੁਧ ਫ਼ਸਾਦ ਨਾ ਕਰਨ ਅਤੇ ਜਿਥੇ ਜਿਥੇ ਇਨ੍ਹਾਂ ਦਾ ਇਲਾਕਾ ਹੈ, ਉਹ ਮੇਰੇ ਪਾਸੋਂ ਲਿਖਵਾ ਲੈਣ। ਬਾਬਾ ਆਲ੍ਹਾ ਸਿੰਘ ਨੇ ਆਪਣੇ ਵਕੀਲ ਨਾਨੂੰ ਸਿੰਘ ਗਰੇਵਾਲ ਨੂੰ ਸ਼ਾਹ ਦਾ ਸੁਨੇਹਾ ਦੇ ਕੇ ਖ਼ਾਲਸਾ ਜੀ

ਪਾਸ ਭੇਜਿਆ। ਅੱਗੋਂ ਖ਼ਾਲਸਾ ਦਲ ਦੇ ਸਰਦਾਰਾਂ ਨੇ ਜਿਨ੍ਹਾਂ ਦੇ ਮੁਖੀ ਸਰਦਾਰ ਜੱਸਾ ਸਿੰਘ ਆਹੂਲਵਾਲੀਆਂ ਸੀ, ਉਤਰ ਦਿੱਤਾ ਕਿ ਮਗਿਆਂ ਕਦ ਕਿਸੇ ਨੇ ਕਿਸੇ ਨੂੰ ਰਾਜ ਦਿੱਤਾ ਹੈ। ਤੁਰਕਾਂ ਅਤੇ ਸਿੰਘਾਂ ਦਾ ਕਿਵੇਂ ਮੇਲ ਹੋ ਸਕਦਾ ਹੈ। ਬਰੂਦ ਤੇ ਅੱਗ ਦਾ ਮੇਲ ਕਦਾਚਿਤ ਨਹੀਂ ਹੋਇਆ। ਇਹ ਵਿਦੇਸ਼ੀ ਹਨ ਤੇ ਪੰਜਾਬ ਨੂੰ ਆਪਣੇ ਅਧੀਨ ਕਰਨਾ ਚਾਹੁੰਦੇ ਹਨ, ਅਸੀਂ ਇਥੇ ਦੇ ਜਮਪਲ ਹਾਂ, ਅਸੀਂ ਇਨ੍ਹਾਂ ਨੂੰ ਜੀਉਂਦੇ ਜੀ ਇਥੇ ਕਿਵੇਂ ਪੈਰ ਜਮਾਉਣ ਦੇਈਏ ਅਤੇ ਫਿਰ ਅਸਾਂ ਗੁਰੂਸਾਹਿਬਾਨ ਵੱਲੋਂ ਪਰਚਾਰੀ ਗਈ ਵਿਚਾਰਧਾਰਾਂ ਦੇ ਆਧਾਰ ਤੇ ਸਮਾਜ ਦਾ ਵੀ ਤਾਂ ਨਿਰਮਾਨ ਕਰਨਾ ਹੈ, ਉਸ ਲਈ ਸਾਨੂੰ ਰਾਜ ਸੱਤਾ ਦੀ ਵੀ ਲੋੜ ਹੈ, ਇਨ੍ਹਾਂ ਦੇ ਹੁੰਦੇ ਹੋਏ, ਅਸੀਂ ਉਸ ਮਹਾਨ ਆਸ਼ੇ ਵਿਚ ਕਿਵੇ ਕਾਮਯਾਬ ਹੋ ਸਕਦੇ ਹਾਂ? ਰਾਜ ਤਾਂ ਸਾਨੂੰ ਸਤਿਗੁਰੂਨੇ ਲਿਖ ਦਿੱਤ ਹੋਇਆ ਹੈ, ਜੋ ਖਾਲਸ ਨੇ ਸੀਸ ਭੇਟ ਕਰ ਕੇ ਲਿਆ ਹੈ, ਅਸਾਂ ਕਿਸੇ ਹੋਰ ਪਾਸੇ ਕੀ ਲਿਖਵਾਉਣਾ ਹੋਇਆ।"ਰਤਨ ਸਿੰਘ ਭੰਗੂਸ਼ਹੀਦ ਨੇ ਇਸ ਵਾਰਤਾ ਬਾਰੇ ਇੰਜ ਲਿਖਿਆ ਹੈ:–

**ਤਬ ਆਲਾ ਸਿੰਘ ਸ਼ਾਹ ਕਹਯੋ ਤੂੰ ਖ਼ਾਲਸੇ ਹਮੈਂ ਮਿਲਾਇ।**

**ਇਹ ਦੰਗੇ ਹਮ ਨਹਿ ਕਰੇ ਮੁਲਕ ਆਪਨ ਲੇਹਿ ਲਿਖਾਇ।**

ਚੌਪਾਈ

**ਆਲਾ ਸਿੰਘ ਤਬ ਵੀਕਲ ਘਲਾਇਆ।**

**ਸਬ ਖਾਲਸੇ ਪੈ ਸੋ ਚਲ ਆਯਾ।**

**ਨਾਨੂ ਸਿੰਘ ਥੋ ਗਰੇ ਸਵਾਲ**

**ਜਿੰਨੇ ਜਾਂ ਆਖਯੋ ਸ਼ਾਹ ਸਵਾਲ ॥6 ॥**

**ਤਾਉ ਖਾਲਸੇ ਉੱਤਰ ਦਯੇ।**

**ਰਾਜ ਮੰਗਯ ਕਬ ਕਿਸਨੇ ਦਯੋ।**

**ਤੁਰਕ ਕੋ ਔ ਕਿਆ ਸਿੰਘਨ ਮੇਲ**

**ਬਰੂਦ ਅਗਨ ਕੋ ਜਿਮ ਹੈ ਖੇਲ**

**ਹਮ ਕੌ ਸਤਿਗੁਰੂ ਰਾਜ ਲਿਖ ਦੀਆ**

**ਖਾਲਸੇ ਦੇਇ ਭੇਟ ਸਿਰ ਕੈ ਲੀਆ। (ਪ੍ਰਾਚੀਨ ਪੰਥ ਪ੍ਰਕਾਸ਼ 473)**

# ਦਰਬਾਰ ਸਾਹਿਬ ਦੀ ਬੇਅਦਬੀ ਅਸਹਿ ਹੈ

ਅਹਿਮਦਸ਼ਾਹ ਇਹ ਉਤਰ ਸੁਣ ਕੇ ਬਹੁਤ ਕਰੋਧਿਤ ਹੋਇਆ। ਉਸਨੇ ਜੈਨ ਖ਼ਾਂ ਨੂੰ ਸਰਹਿੰਦ ਵਿਚ ਪਾਕਿਆ ਕਰਕੇ 15 ਫਰਵਰੀ 1762 ਈ. ਨੂੰ ਲਾਹੌਰ ਵਲ ਚਾਲੇ ਪਾਏ, ਜਿਥੇ ਉਹ ਤਿੰਨ ਮਾਰਚ ਨੂੰ ਜਾ ਪੁੱਜਾ। ਇਸ ਦੌਰਾਨ ਉਸਨੇ ਮਰਾਠਿਆਂ ਨਾਲ ਸੁਲਾਹ-ਸਫ਼ਾਈ ਲਈ ਲਿਖਾਪੜ੍ਹੀ ਸ਼ੁਰੂਕੀਤੀ ਤਾਂ ਜੋ ਉਹ ਸਿਖਾਂ ਨਾਲ ਮਿਲ ਕੇ ਉਹ ਪਾਸੋਂ ਬਦਲਾ ਲੈਣ ਦਾ ਯਤਨ ਨਾ ਕਰਨ। ਘਟੋਂ ਘਟ ਪੰਜਾਬ ਵਿਚ ਉਹ ਸਿੱਖਾਂ ਦੀ ਸਹਾਇਤਾ ਨਾ ਕਰਨ।

ਲਾਹੌਰ ਪੁਜਣ ਤੇ ਉਸਨੇ ਸਿੱਖੀ ਪਰੇਰਣਾ ਸਰੋਤ ਸੰਸਥਾਵਾਂ ਨੂੰ ਖ਼ਤਮ ਕਰਨ ਦੀ ਯੋਜਨਾ ਬਣਾਈ। ਕਿਸੇ ਵੀ ਕੌਮ ਨੂੰ ਖ਼ਤਮ ਕਰਨ ਦਾ ਵਧੀਆ ਤਰੀਕਾ ਇਹ ਹੁੰਦਾ ਹੈ ਕਿ ਉਸ ਦੀਆਂ ਸੰਸਥਾਵਾਂ ਅਤੇ ਉਤਸ਼ਾਹ ਦੇ ਸਰੋਤਾਂ ਨੂੰ ਖਤਮ ਕੀਤਾ ਜਾਵੇ ਉਸਨੂੰ ਤਜਰਬਾ ਹੋ ਚੁਕਿਆ ਸੀ ਕਿ ਜਿਨ੍ਹਾਂ ਚਿਰ ਤੱਕ ਸਿੱਖ ਅੰਮ੍ਰਿਤਸਰ ਨਾਲ ਜੁੜੇ ਹੋਏ ਹਨ, ਉਨ੍ਹਾਂ ਚਿਰ ਤਕ ਉਨ੍ਹਾਂ ਨੂੰ ਮੁਕਾਉਣਾ ਕਠਨ ਹੈ। ਉਹ ਹਰਿਮੰਦਰ ਤੇ ਅਕਾਲਤਖ਼ਤ ਨੂੰ ਆਪਣੇ ਲਈ, ਪੁਰਾਤਨ ਬੋਸੀਦਾ ਭਾਰਤੀ ਅਤੇ ਅਫ਼ਗਾਨੀ ਸਮਾਜ ਲਈ ਅਤੀ ਖਤਰਨਾਕ ਸਮਝਣ ਲਗ ਪਿਆ ਸੀ । ਉਹ ਇਸ ਵਿਸ਼ਵਾਸ਼ ਵਿਚ ਹੈ ਵੀ ਠੀਕ ਸੀ। ਹਰਿਮੰਦਰ ਦਾ ਸਾਰਾ ਇਹਾਤਾ ਸਿੱਖੀ ਦੀ ਉਤਪਤੀ ਅਤੇ ਵਿਕਾਸ ਦੀ ਕਹਾਣੀ ਨੂੰ ਬਿਨ ਬੋਲਿਆਂ ਹੀ ਦਸ ਦਿੰਦਾ ਹੈ। ਸਿੱਖੀ ਦਾ ਸੁਨੇਹਾ ਕੀ ਹੈ, ਇਸ ਦੀਆਂ ਸੰਸਥਾਵਾਂ ਦੀ ਕੀ ਮਹੱਤਤਾ ਹੈ, ਇਨ੍ਹਾਂ ਦਾ ਕਿਵੇਂ ਪਹਿਰਾ ਦਿੱਤਾ ਗਿਆ ਤੇ ਕਿਵੇਂ ਭਵਿਖ ਵਿਚ ਦੇਣਾ ਹੈ, ਇਹ ਸਾਰਿਆਂ ਸਵਾਲਾਂਦਾ ਜਵਾਬ, ਇਸ ਪਾਵਨ ਇਹਾਤੇ ਵਿਚ ਵੜਦਿਆਂ ਸਾਰ ਮਿਲ ਜਾਂਦਾ ਹੈ।

ਅਹਿਮਦਸ਼ਾਹ ਦੁਰਾਨੀ 9 ਅਪ੍ਰੈਲ 1762 ਨੂੰ ਵਿਖਾਖੀ ਤੇ ਤਹਿਵਾਰ ਤੋਂ ਇਕ ਦਿਨ ਪਹਿਲਾਂ ਫੌਜ ਲੈ ਕੇ ਅੰਮ੍ਰਿਤਸਰ ਆ ਪੁੱਜਾ ਅਤੇ ਸ੍ਰੀ ਹਰਿਮੰਦਰ ਸਾਹਿਬ ਅਤੇ ਅਕਾਲ ਬੁੰਗੇ ਨੂੰ ਬਰੂਦ ਨਾਲ ਉੜਾ ਦੇਣ ਦਾ ਅਤੇ ਸਰੋਵਰ ਨੂੰ ਗੰਦ-ਮੰਦ ਨਾਲ ਭਰਨ ਦਾ ਹੁਕਮ ਜਾਰੀ ਕਰ ਦਿੱਤਾ। ਉਪਰੰਤ ਮਰੇ ਹੋਏ ਬੰਦਿਆਂ ਦੀਆਂ ਹੱਡੀਆਂ ਸਰੋਵਰ ਵਿਚ ਪੁਵਾ ਦਿੱਤੀਆ ਅਤੇ ਗਊਆਂ ਵੱਢ ਕੇ ਇਥੇ ਸੁਟਵਾਈਆਂ। ਜਦੋਂ ਅਹਿਮਦਸ਼ਾਹ ਆਪ ਖੜੋ ਕੇ ਦਰਬਾਰ ਸਾਹਿਬ ਨੂੰ ਉਡਵਾ ਰਿਹਾ ਸੀ, ਤਾਂ ਇਕ ਇੱਟ ਦਾ ਰੋੜਾ ਉਡ ਕੇ ਉਸ ਦੇ ਨੱਕ ਉਤੇ ਆ ਵਜਾ ਜਿਸ ਨਾਲ ਉਹ ਜ਼ਖ਼ਮੀ ਹੋ ਗਿਆ ਅਤੇ ਸਮਾਂ ਪੈਣ ਨਾਲ ਉਸਦਾ ਸਾਰਾ ਨੱਕ ਗਲ ਗਿਆ ਅਤੇ ਇਹ ਹੀ ਦਸ ਵਰ੍ਹੇ ਪਿਛੋਂ 23 ਅਕਤੂਬਰ ਸੰਨ 1772 ਨੂੰ ਉਸਦੀ ਮੌਤ ਦਾ ਕਾਰਣ ਬਣਿਆ। ਇਟਾਂ ਅਤੇ ਗਾਰੇ ਦੀ ਬਣਾਈ ਹੋਈ ਹਰਿਮੰਦਰ ਅਤੇ ਅਕਾਲ ਬੁੰਗੇ ਦੀ ਇਮਾਰਤ ਦਾਂ ਢਾ ਦਿੱਤੀ ਗਈ, ਪਰ ਉਹ ਉਨ੍ਹਾਂ ਵਿਚਾਰਾਂ ਨੂੰ ਕਿਵੇਂ ਖ਼ਤਮ ਕਰ ਸਕਦਾ ਸੀ ਜੋ ਇਨ੍ਹਾਂ ਥਾਵਾਂ ਨੇ ਆਪਣੀ ਹਿੱਕ ਵਿਚ ਸੰਭਾਲ ਕੇ ਰਖੇ ਹੋਏ ਸਨ। ਭੌਤਿਕ ਅਸਲੀਅਤ, ਕਿਸੇ ਵੀ ਅਸਲੀਅਤ ਦਾ ਕੇਵਪ ਉਪਰਾਲਾ ਝਲਕਾਰਾ ਹੁੰਦਾ ਹੈ, ਸੂਖਮ ਤੱਥਾਂ ਦੀ ਭਲਾ ਅਹਿਮਦਸ਼ਾਹ ਅਬਦਾਲੀ ਨੂੰ ਕੀ ਸੋਝੀ ਹੋ ਸਕਦੀ ਸੀ।

# ਜ਼ੈਨ ਖ਼ਾਂ ਨੂੰ ਮਾਰ (ਮਈ, 17, 1762)

ਦਰਬਾਰ ਸਾਹਿਬ ਦੀ ਬੇਅਦਬੀ ਦੀ ਖ਼ਬਰ ਸਿੰਘਾਂ ਨੂੰ ਜਦ ਮਾਲਵੇ ਵਿਚ ਪੁਜੀ, ਜਿਥੇ ਕਿ ਘਲੂਘਾਰੇ ਵਿਚ ਜ਼ਖ਼ਮੀ ਸਿੱਖ ਇਲਾਜ ਕਰਵਾ ਰਹੇ ਸਨ, ਤਾਂ ਉਨ੍ਹਾਂ ਨੂੰ ਕਹਿਰਾਂ ਦਾ ਗੁੱਸਾ ਆ ਗਿਆ। ਸਰਦਾਰ ਜੱਸਾ ਸਿੰਘ ਆਹਲੂਵਾਲੀਏ ਨੇ ਸਿੱਖ ਸਰਦਾਰਾਂ ਨੂੰ ਇੱਕਠਾ ਕਰਕੇ ਸਰਹਿੰਦ ਉੱਤੇ ਹਮਲਾ ਕਰਨ ਦੀ ਤਜਵੀਜ਼ ਰੱਖੀ। ਵੱਡਾ ਘਲੂਘਾਰਾ ਹੋਇਆ ਅਜੇ ਤਿੰਨ ਮਹੀਨੇ ਹੀ ਬੀਤੇ ਸਨ। ਜੈਨ ਖ਼ਾਂ ਦੀ ਵੀ ਖ਼ੁਸਫਹਿਮੀ ਸੀ ਕਿ ਕੁਪ ਦੇ ਮੈਦਾਨ ਵਿਚ ਪਈ ਸੱਟ ਦੇ ਕਾਰਣ ਸਿੱਖ ਇਕ ਦਹਾਕੇ ਤੋਂ ਪਹਿਲਾਂ ਨਹੀਂ ਉਠ ਸਕਣਗੇ, ਪਰ ਸਿੱਖ ਤਾਂ ਕੁਝ ਦਿਨ ਵਿੱਚ ਹੀ ਤਤਪਰ ਹੋ ਕੇ ਮਲਾਂ ਮਾਰਨ ਲੱਗੇ। ਜ਼ੈਨ ਖ਼ਾਨ ਇਤਨੀ ਫੁਰਤੀ ਨਾਲ ਹੋਏ ਹਮਲੇ ਨੂੰ ਵੇਖ ਕੇ ਘਬਰਾ ਗਿਆ। ਉਸਨੇ 50 ਹਜ਼ਾਰ ਰੁਪਏ ਨਜ਼ਰਾਨਾ ਦੇਕੇ ਸਿੱਖਾਂ ਨੂੰ ਟਾਲਣ ਦੀ ਕੀਤੀ। ਉਸਦਾ ਇਹ ਵਿਚਾਰ ਸੀ ਕਿ ਜਦ ਸਿੱਖ ਮੁੜ ਰਹੇ ਹੋਣਗੇ ਤਾਂ ਹਮਲਾ ਕਰਕੇ ਵੀ ਲੁਟ ਲਵਾਂਗਾ ਤੇ ਕਰੜੀ ਮਾਰ ਵੀ ਦਿਆਂਗੇ। ਅੱਜੇ ਸਿੱਖ ਫੌਜ਼ਾਂ ਕੁਝ ਕੁ ਮੀਲ ਦੂਰ ਹੀ ਗਈਆਂ ਸਨ ਕਿ ਦੀਵਾਨ ਲਖਸ਼ਮੀ ਨਰਾਇਣ ਤੇ ਹਮਲਾ ਬੋਲ ਦਿੱਤਾ। ਹਰਨੂਲਰੜ੍ਹ ਦੇ ਸਥਾਨ ਤੇ ਜੰਮ ਕੇ ਲੜਾਈ ਹੋਈ। ਸਿੱਖ ਜੈਤੂਹੋਏ ਤੇ ਜ਼ੈਨ ਖ਼ਾਂ ਦਾ ਲਕ ਟੁਟ ਗਿਆ। ਸਿਖਾਂ ਦੇ ਹੱਥ ਹੋਰ ਵੀ ਕਾਫ਼ੀ ਮਾਲ ਆਇਆ।

ਇਸਤੋਂ ਪਿੱਛੋ ਸਰਦਾਰ ਜੱਸਾ ਸਿੰਘ ਆਹਲੂਵਾਲੀਆਂ ਨੇ ਸਾਰਾ ਦੁਆਬਾ ਗਾਹ ਮਾਰਿਆ। ਇਸੇ ਤਰ੍ਹਾਂ ਹੋਰਨਾਂ ਸਰਦਾਰਾਂ ਨੇ ਥਾਉਂ ਥਾਈਂ ਆਪਣੇ ਕਬਜ਼ੇ ਕਰ ਲਏ। ਦਿੱਲੀ ਤੱਕ ਸਿੱਖ ਮਾਰਾਂ ਮਾਰਦੇ ਰਹੇ। ਇਹ ਹੀ ਨਹੀਂ ਬਲਕਿ ਦਲ ਖ਼ਾਲਸਾ ਦਾ ਇਕ ਤਰੜਾ ਹਿੱਸਾ ਅਗਸਤ ਦੇ ਆਖ਼ਰੀ ਦਿਨੀਂ ਦੇਸ਼ ਨੂੰ ਉਗਰਾਹੁੰਦਾ ਹੋਇਆ ਕਰਨਾਲ ਜਾ ਪੁੱਜਾ ਅਤੇ ਮਹੀਨਾ ਭਰ (25 ਅਗਸਤ ਤੋਂ 24 ਸਤੰਬਰ, 1762 ਤਕ) ਪਾਣੀਪਤ ਟਿਕਿਆ ਰਿਹਾ ਜਿਸ ਕਰਕੇ ਸ਼ਾਹ ਪਾਸ ਮੁਗਲ ਬਾਦਸ਼ਾਹ ਦੇ ਏਲਚੀ ਵੀ ਪਹੁੰਚਣੇ ਬੰਦ ਹੋ ਗਏ ਸਨ।

24 ਸਤੰਬਰ 1762 ਨੂੰ ਦਲ ਖਾਲਸਾ ਦੇ ਸਰਦਾਰਾਂ ਨੇ ਅੰਮ੍ਰਿਤਸਰ ਵੱਲ ਮੋੜਾ ਪਾਇਆ। ਉਹ ਦੀਵਾਲੀ ਦੇ ਮੌਕੇ ਤੇ ਅੰਮ੍ਰਿਤਸਰ ਦਰਬਾਰ ਸਾਹਿਬ ਦੇ ਦਰਸ਼ਨ ਕਰਨ ਲਈ ਬੇਤਾਬ ਸਨ। ਇਸ ਸਮੇਂ ਤਕ ਅਹਿਮਦ ਸ਼ਾਹ ਕਲਾਨੌਰ ਆ ਚੁੱਕਾ ਸੀ। ਉਸਦੀ ਹੈਰਾਨੀ ਦੀ ਕੋਈ ਹੱਦ ਨਾ ਰਹੀ ਜਦੋਂ ਉਸਨੇ ਵੇਖਿਆ ਕਿ ਸਿੰਘ ਘਲੂਘਾਰੇ ਦੇ ਮਗਰੋਂ ਇੰਨੀ ਛੇਤੀ ਸੰਭਲ ਗਏ ਹਨ। ਇਸ ਵੇਲੇ ਉਸਪਾਸ ਬਹੁਤ ਫ਼ੌਜ ਵੀ ਨਹੀਂ ਸੀ। ਕਿਉਂਕਿ ਇਸਦਾ ਕਾਫ਼ੀ ਹਿੱਸਾ ਕਸ਼ਮੀਰਦੇ ਹਾਕਮ ਸੁਖਜੀਵਨ ਨੂੰ ਦਬਾਉਣ ਵਾਸਤੇ ਕਸ਼ਮੀਰ ਗਿਆ ਹੋਇਆ ਸੀ ਅਤੇ ਸਰਹਿੰਦ, ਮੁਲਤਾਨ ਜਾਂ ਹੋਰ ਕਿਸੇ ਪਾਸਿਉਂ ਛੇਤੀ ਸਹਾਇਤਾ ਮਿਲਣ ਦੀ ਕੋਈ ਆਸ ਵੀ ਨਹੀਂ ਸੀ। ਨੀਤੀ ਵਰਤਦੇ ਹੋਏ ਉਸਨੇ ਆਪਣਾ ਇਕ ਸੁਨੇਹਾ ਦੇ ਕੇ ਇਕ ਵਿਸ਼ੇਸ਼ ਕਾਸਿਦ ਭੇਜਿਆ ਕਿ ਲੜਾਈ ਕਰਨੀ ਫ਼ਜ਼ੂਲ ਹੈ। ਖ਼ੂਨ ਵਗਾਉਣਾ ਵਿਅਰਥ ਹੈ। ਸੋਭਦਾ ਇਹ ਹੈ ਕਿ ਗਲਬਾਤ ਰਾਹੀਂ ਹੁਣ ਮਸਲਾ ਨਜਿੱਠ ਲਈਏ।

ਦਰਬਾਰ ਸਾਹਿਬ ਦੀ ਬੇਅਦਬੀ ਦੇ ਕਾਰਨ ਸਿੱਖ ਗੁੱਸੇ ਨਾਲ ਭਰੇ ਪੀਤੇ ਬੈਠੇ ਸਨ। ਉਹ ਮਰਨ ਮਾਰਨ ਲਈ ਦੰਦੀਆਂ ਪੀਹ ਰਹੇ ਸਨ। ਉਹ ਅਜਿਹੇ ਵੱਗੀ ਨਾਲ ਸੁਲਾਹ ਦੀ ਕੋਈ ਗੱਲ ਕਰਨ ਨੂੰ ਤਿਆਰ ਨਹੀਂ ਸਨ। ਕਰੋਧ ਵਿੱਚ

ਆਏ ਕੁਝ ਸਿੰਘਾਂ ਨੇ ਏਲਚੀ ਅਤੇ ਉਸਦੇ ਸਾਥੀਆਂ ਦਾ ਮਾਲ-ਅਸਬਾਬ ਲੁਟ ਲਿਆ ਅਤੇ ਉਨ੍ਹਾਂ ਨੂੰ ਭੇਜਾ ਦਿੱਤਾ। ਹੁਣ ਅਹਿਮਦਸ਼ਾਹ ਅਬਦਾਲੀ ਚੁਪ ਕਰਕੇ ਬੈਠ ਜਾਣਾ ਬਹੁਤ ਔਖਾ ਸੀ। ਆਪਣੇ ਯੁਗ ਦੇ ਸਭ ਤੋਂ ਵੱਡੇ ਜਰਨੈਲ ਅਹਿਮਦਸ਼ਾਹ ਅਬਦਾਲੀ ਦੇ ਏਲਚੀ ਦੀ ਬੇਇਜ਼ਤੀ ਕਰਕੇ, ਸਿਖਾਂ ਨੇ ਉਸਨੂੰ ਖੁਲ੍ਹੇ ਆਮ ਚੈਲਿੰਜ ਦੇ ਦਿੱਤਾ ਸੀ।

ਇਸ ਲਈ ਉਹ ਫ਼ੌਜ ਸਮੇਤ ਦੀਵਾਲੀ ਦੇ ਇਕ ਦਿਨ ਪਹਿਲਾਂ ਸ਼ਾਮ ਨੂੰ ਅੰਮ੍ਰਿਤਸਰ ਆ ਪੁੱਜਾ। 17 ਅਕਤੂਬਰ, 1762 ਦੀ ਸਵੇਰ ਨੂੰ ਸਿੰਘਾਂ ਨੇ ਅਕਾਲ ਤਖ਼ਤ ਜੀ ਦੇ ਸਨਮੁਖ ਅਰਦਾਸਾ ਸੋਧ ਕੇ ਦੁਰਾਨੀ ਉਤੇ ਭਰਪੂਰ ਹਮਲਾ ਕਰ ਦਿੱਤਾ। ਸਾਰਾ ਦਿਨ ਗਹਿਗੱਚ ਲੜਾਈ ਹੋਈ। ਸਿੰਘਾਂ ਨੂੰ ਦੁਰਾਨੀਆਂ ਵਿਰੁਧ ਦੂਹਰਾ ਗੁੱਸਾ ਸੀ। ਇਕ ਘਲੂਘਾਰੇ ਦਾ ਤੇ ਦੂਜਾ ਦਰਬਾਰ ਸਾਹਿਬ ਦੀ ਬੇਅਦਬੀ ਦਾ। ਉਹ ਮਿੱਥ ਕੇ ਰਣ ਵਿਚ ਝੂਜੇ ਸਨ ਅਤੇ ਜਾਨਾਂ ਹਥੇਲੀ ਤੇ ਰੱਖ ਕੇ ਸ਼ਹੀਦੀ ਲਈ ਤਿਆਰ ਸਨ। ਅਠ੍ਹਾਰਾਂ ਘੜੀਆਂ ਦਿਨ ਗਏ ਸੂਰਜ ਨੂੰ ਪੂਰਾ ਗ੍ਰਹਿਣ ਲਗ ਗਿਆ ਜਿਸ ਨਾਲ ਅਜਿਹਾ ਹਨੇਰਾ ਹੋ ਗਿਆ ਕਿ ਦਿਨੇ ਹੀ ਤਾਰੇ ਦਿੱਸਣ ਲਗ ਪਏ। ਰਾਤ ਮੱਸਿਆ ਦੀ ਸੀ। ਲੜਾਈ ਵਿਚ ਸਿੰਘਾਂ ਦੀਆਂ ਭਗੌਤੀਆਂ ਨੇ ਉਹ ਮਾਰ ਕੀਤੀ ਕਿ ਅਹਿਮਦਸ਼ਾਹ ਰਾਤੇ ਦੇ ਹਨੇਰੇ ਦਾ ਫ਼ਾਇਦਾ ਉਠਾ ਕੇ ਲਾਹੌਰ ਪਰਤਣਾ ਹੀ ਮੁਨਾਸਿਬ ਸਮਝਿਆ। ਸਿੱਖਾਂ ਦੀ ਪੂਰੀ ਤਰ੍ਹਾਂ ਜਿੱਤ ਹੋਈ। ਸਿਖ ਸਮਝਦੇ ਸਨ ਕਿ ਅਬਦਾਲੀ ਹੋਰ ਤਕੜਿਆ ਹੋ ਕੇ ਹਮਲਾ ਕਰੇਗਾ, ਪਰ ਅਬਦਾਲੀ ਵੀ ਕਾਫ਼ੀ ਥਕ ਚੁਕਿਆ ਸੀ। ਉਸਨੂੰ ਅਫ਼ਗਾਨਿਸਾਨ ਤੋਂ ਅਣਸੁਖਾਵੀਆਂ ਖ਼ਬਰਾਂ ਵੀ ਪੁੱਜ ਰਹੀਆਂ ਸਨ। ਜਿਸ ਕਾਰਣ ਉਸਨੇ ਮੁੜਨਾ ਹੀ ਠੀਕ ਸਮਝਿਆ। ਮੁੜਨ ਸਮੇਂ ਅਬਦਾਲੀ ਨੂੰ ਸਿਖਾਂ ਨੇ ਹੋਰ ਤੰਗ ਕੀਤਾ। ਰਾਵੀ ਪਾਰ ਕਰਨ ਵੇਲੇ ਵੀ ਸਿੱਖਾਂ ਨੇ ਅਬਦਾਲੀ ਨੂੰ ਹੱਥ ਦਿਖਾਏ ਸ਼ਿਕਾਰ ਖੇਡਦੇ, ਇਕ ਵਾਰੀ ਅਬਦਾਲੀ ਨਾਲ ਇਕ ਜੱਥੇ ਦੀ ਟੱਕਰ ਹੋ ਗਈ ਅਤੇ ਉਸ ਜੱਥਾ ਪਕੜ ਵੀ ਲਿਆ, ਪਰ ਦੂਜੇ ਜੱਥੇ ਨੇ ਨਾ ਕੇਵਲ ਉਸਨੂੰ ਛੁਡਵਾਇਆ ਸਗੋਂ ਅਬਦਾਲੀ ਉਤੇ ਸਿੱਧਾ ਹੱਲਾ ਬੋਲ ਦਿੱਤਾ।

ਅਬਦਾਲੀ ਨੇ ਪੰਜਾਬ ਦਾ ਰਾਜ ਪ੍ਰਬੰਧ ਕਾਬੁਲੀ ਮੱਲ, ਸਰਹਿੰਦ ਦਾ ਜ਼ੈਨ ਖ਼ਾਂ, ਜਲੰਧਰ ਦਾ ਸਆਦਤ ਯਾਰ ਖ਼ਾਂ, ਪਹਾੜੀ ਇਲਾਕੇ ਦਾ ਰਾਜਾ ਘੁਮੰਡ ਚੰਦ, ਕਲਾਨੌਰ ਦਾ ਉਬੈਦ ਖ਼ਾਂ, ਦੁਆਬਾ ਬਾਰੀ ਦਾ ਮੁਰਾਦ ਖ਼ਾਨ ਤੇ ਦੁਆਬਾ ਰਚਨਾ ਤੇ ਸਿੰਧ ਸਾਗਰ ਦਾ ਜਹਾਨ ਖ਼ਾਂ, ਕਸ਼ਮੀਰ ਦਾ ਨੂਰਦੀਨ ਬੋਮਜ਼ਈ ਨੂੰ ਦੇ ਕੇ ਆਪ 12 ਦਸੰਬਰ, 1762 ਨੂੰਅਫ਼ਗਾਨਿਸਤਾਨ ਵਲ ਕੂਚ ਕਰ ਗਿਆ। ਅਬਦਾਲੀ ਨੇ ਮਾਝੇ ਅਤੇ ਮਾਲਵੇ ਦੇ ਸਿੱਖਾਂ ਵਿਚਕਾਰ ਫੁੱਟ ਵੀ ਪਾਉਣੀ ਚਾਹੀ, ਪਰੰਤੂਜੱਸਾ ਸਿੰਘ ਆਹਲੂਵਾਲੀਏ ਦੀ ਮੂਲ ਸਿੱਖਧਾਰਾਂ ਤੋਂ ਪਰੇ ਖਿਸਕਣ ਨਾ ਦਿੱਤਾ। ਇਹ ਸਰਦਾਰ ਜੱਸਾ ਸਿੰਘ ਦੀ ਵਡਿਆਈ ਸੀ, ਉਸਦੀ ਉਚੇਰੀ ਪ੍ਰਤਿਭਾ ਦਾ ਪ੍ਰਮਾਣ ਸੀ।

ਭਾਵੇਂ ਜੱਸਾ ਸਿੰਘ ਤੇ ਉਸਦੇ ਸਿਪਾਹੀਆਂ ਦੇ ਮਨਾਂ ਵਿਚ ਅਫ਼ਗਾਨਾਂ ਪ੍ਰਤੀ ਬੜਾ ਕਰੋਧ ਸੀ। ਪਰ ਫਿਰ ਵੀ ਉਨ੍ਹਾਂ ਨੇ ਆਪਣਾ ਗੁਸਾ ਕਾਬੂਵਿਚ ਰਖਿਆ ਅਤੇ ਉਨ੍ਹਾਂ ਨੇ ਇਕ ਵੀ ਅਫ਼ਗਾਨ ਕੈਦੀ ਨੂੰ ਬੇਦਰਦੀ ਨਾਲ ਕਤਲ ਨਹੀਂ ਕੀਤਾ।

## ਕਾਂਡ ਤੇਰ੍ਹਵਾ

# ਪੱਤ ਦਾ ਰਾਖਾ

ਅਹਿਮਦ ਸ਼ਾਹ ਦੀ ਅਫ਼ਗਾਨਿਸਾਨ ਜਾਣ ਦੀ ਢਿਲ ਸੀ ਕਿ ਸਿੰਘਾਂ ਨੇ ਮੁੜ ਆਪਣੀਆਂ ਪੁਰਾਣੀਆਂ ਮੱਲਾਂ ਮਲ ਲਈਆਂ। ਇਸ ਵੇਲੇ ਸਰਦਾਰ ਜੱਸਾ ਸਿੰਘ ਨੇ ਖ਼ਾਲਸਾ ਦਲ ਦੇ ਸਰਦਾਰਾਂ ਨਾਲ ਰਲ ਕੇ ਸਲਾਹ ਕੀਤੀ ਕਿ ਇਸ ਵੇਲੇ ਖ਼ਾਲਸਾ ਜੀ ਲਈ ਇਹ ਦੋਨੋਂ ਗੱਲਾਂ ਅਤਿ ਜ਼ਰੂਰੀ ਹਨ ਕਿ ਮਾਰੀਆਂ ਹੋਈ ਮੱਲਾਂ ਮੁੜ ਪਕੀਆ ਕਰ ਲਈਆਂ ਜਾਣ ਅਤੇ ਢਾਹੇ ਗਏ ਦਰਬਾਰ ਸਾਹਿਬ ਦੀ ਸੇਵਾ ਦੀ ਸੰਭਾਲ ਵੀ ਅਰੰਭ ਕੀਤੀ ਜਾਏ। ਇਸ ਲਈ ਫ਼ੈਸਲਾ ਹੋਇਆ ਕਿ ਦੁਆਬੇ ਅਤੇ ਮਾਲਵੇ ਦੀਆਂ ਮਿਸਲਾਂ, ਆਹਲੂਵਾਲੀਆਂ, ਸਿੰਘਪੁਰੀਆਂ, ਡੱਲੇਵਾਲੀਆ, ਕਰੋੜ ਸਿੰਘੀਆ, ਨਿਸ਼ਾਨ ਵਾਲੀਆ ਅਤੇ ਸ਼ਹੀਦ-ਇਲਾਕੇ ਵਿਚ ਨਿਕਲਣ ਅਤੇ ਮਾਝੇ ਅਤੇ ਰਿਆੜਕੀ ਵਾਲੀਆਂ ਮਿਸਲਾ ਰਾਮਗੜੀਆ, ਕਨ੍ਹਈਆ, ਸ਼ੁਕਰਚਕੀਆ, ਭੰਗੀ ਅਤੇ ਨਕਈ-ਸ੍ਰੀ ਅੰਮ੍ਰਿਤਸਰ ਟਿਕਣ।

ਕਸੂਰ ਦੇ ਬ੍ਰਾਹਮਣ ਦੀ ਇਸਤਰੀ ਦੀ ਪੱਤ ਦਾ ਰਾਖਾ

10 ਅਪ੍ਰੈਲ ਸੰਨ 1763 ਦੀ ਵਿਸਾਖੀ ਵਾਲੇ ਦਿਹਾੜੇ ਸਰਬੱਤ ਖਾਲਸੇ ਦਾ ਪ੍ਰੰਪਰਾਗਤ ਇੱਕਠ ਹੋਇਆ। ਦੂਰ ਦੂਰ ਤੋਂ ਸਿੰਘ ਦਰਸ਼ਨਾਂ ਲਈ ਆਏ। ਸਾਰੇ ਸਰਦਾਰ ਤੇ ਮਿਸਲਦਾਰ ਆਪਣੇ ਆਪਣੇ ਜੱਥਿਆਂ ਸਮੇਤ ਹਰਿਮੰਦਰ ਸਾਹਿਬ ਵਿਚ ਸਤਿਗੁਰੂਦੀ ਹਜ਼ੂਰੀ ਭਰ ਕੇ ਅਕਾਲ ਤਖ਼ਤ ਦੇ ਸਾਹਮਣੇ ਵਾਲੇ ਮੈਦਾਨ ਵਿਚ ਕੀਰਤਨ ਸੁਣਨ ਲਈ ਦੀਵਾਨ ਵਿਚ ਸਜ ਗਏ। ਐਨ ਇਸ ਮੌਕੇ ਤੇ ਇਕ ਬ੍ਰਾਹਮਣ ਨੌਜਵਾਨ ਹੱਥ ਜੋੜੀ ਉਠ ਖੜਾ ਹੋਇਆ। ਉਹ ਕਸੂਰ ਤੋਂ ਆਇਆ ਸੀ। ਉਸਨੇ ਪੁਕਾਰ ਕੀਤੀ ਕਿ ਕਸੂਰ ਦੇ ਹਾਕਮ ਉਸਮਾਨ ਖ਼ਾਂ ਨੇ ਉਸਦੀ ਪਤਨੀ ਖੋਹ ਲਈ ਹੈ ਅਤੇ ਉਸਦੀ ਗੁਰੂਪੰਥ ਅੱਗੇ ਬੇਨਤੀ ਹੈ ਕਿ ਉਹ ਉਸਦੀ ਸਹਾਇਤਾ ਕਰੇ ਅਤੇ ਉਸਨੂੰ ਆਪਣੀ ਪਤਨੀ ਵਾਪਸ ਦਿਲਾਏ। ਗੁਰੂਪੰਥ ਦੀਨ-ਦੁਖੀਆਂ ਦਾ ਰਖਵਾਲਾ ਹੈ ਅਤੇ ਉਸਨੂੰ ਵਿਸ਼ਵਾਸ ਹੈ ਕਿ ਉਹ ਉਸਦੀ ਰਖਿਆ ਕਰੇਗਾ। ਪਾਨੀਪਤ ਦੇ ਮੈਦਾਨ ਵਿਚ ਮਰਾਠਿਆਂ ਨੂੰ ਹਰਾਉਣ ਪਿਛੋਂ ਜਦੋਂ ਅਹਿਮਦਸ਼ਾਹ ਅਬਦਾਲੀ 2200 ਖ਼ੁਬਸੂਰਤ ਹਿੰਦੂਲੜਕੀਆਂ ਲੈ ਜਾ ਰਿਹਾ ਸੀ ਅਤੇ ਉਨ੍ਹਾਂ ਦੇ ਮਾਪਿਆਂ ਨੇ ਇਸੇ ਪਾਵਨ ਥਾਂ ਤੇ ਆ ਕੇ ਪੁਕਾਰ ਕੀਤੀ ਸੀ ਤਾਂ ਗੁਰੂਪੰਥ ਨੇ ਜਾਨਾਂ ਹੀਲ ਕੇ ਗੋਇੰਦਵਾਲ ਦੇ ਪਤਣ ਤੇ ਅਫ਼ਗਾਨੀ ਜਰਵਾਣੇ ਅਹਿਮਦਸ਼ਾਹ ਅਬਦਾਲੀ ਦੀ ਫ਼ੌਜ ਨਾਲ ਟਕਰ ਲੈ ਕੇ ਉਨ੍ਹਾਂ ਨੂੰ ਛੁਡਵਾਇਆ ਸੀ ਅਤੇ ਫਿਰ ਉਨ੍ਹਾਂ ਨੂੰ ਉਨ੍ਹਾਂ ਦੇ ਮਾਪਿਆਂ ਦੇ ਘਰਾਂ ਵਿੱਚ ਵੀ ਪੁਚਾਇਆ ਸੀ। ਉਸਨੂੰ ਵੀ ਯਕੀਨ ਹੈ ਕਿ ਖ਼ਾਲਸਾ ਜੀ ਉਸਦਾ ਵੀ ਦੁਖ ਨਵਿਰਤ ਕਰਨਗੇ। ਗੁਰੂਪੰਥ 'ਬੰਦੀਛੋੜ' ਦੁਖ ਹਰਤਾ, ਅਸੁਰਾਂ ਦਾ ਸੰਘਾਰ ਕਰਨ ਵਾਲਾ ਹੈ, ਯਕੀਨਨ ਇਹ ਉਸਦੀ ਪਤਨੀ ਵਾਪਸ ਦਿਲਵਾ ਕੇ ਹੀ ਛਡੇਗਾ। ਉਸ ਮੌਕੇ ਤੇ ਇਤਫ਼ਾਕ ਨਾਲ ਰਬਾਬੀ, ਸਿੰਘ ਗੁਰੂਗੋਬਿੰਦ ਸਿੰਘ ਜੀ ਦਾ ਇਹ ਸ਼ਬਦ 'ਦੇਹਿ ਸਿਵਾ ਬਰ ਮੋਹਿ ਇਹੈ ਸ਼ੁਭ ਕਰਮਨ ਤੇ ਕਬਹੂੰ ਨਾ ਟਰੋਂ' ਇਨੀ ਮਿਠੀ ਸੁਰ ਵਿਚ ਗਾ ਰਹੇ ਸਨ ਕਿ ਇਸ ਦਾ ਅੰਤ੍ਰੀਵ ਭਾਵ ਸਿੱਖਾਂ ਦੇ ਹਿਰਦੇ ਦੀਆਂ ਡੂੰਘਾਈਆਂ ਤਕ ਪਹੁੰਚਣਾ ਸੁਭਾਵਿਕ ਸੀ।

ਗਲ ਸੁਣਦਿਆਂ ਸਾਰ ਸ. ਜੱਸਾ ਸਿੰਘ ਬੜੇ ਰੋਹ ਵਿਚ ਆ ਗਿਆ। ਤਲਵਾਰ ਮਿਆਨ ਵਿਚੋਂ ਕੱਢੀ ਤੇ ਲਲਕਾਰਾਂ ਮਾਰਿਆ "ਸਿੰਘੋਂ ਨਿਤਰਨ ਦਾ ਮੌਕਾ ਹੈ। ਫ਼ਰਿਆਦ ਆਪਦੇ ਸਾਹਮਣੇ ਹੈ, ਇਹ ਫ਼ਰਿਆਦ ਅਕਾਲ ਤਖ਼ਤ ਦੇ ਸਾਹਮਣੇ ਕੀਤੀ ਗਈ ਹੈ-ਉਹ ਤਖ਼ਤ ਜੋ ਅਮਰ ਹੈ ਅਤੇ ਜੋ ਦੁਨੀਆਂ ਵਿਚ ਇਨਸਾਫ਼ ਅਤੇ ਸਚਾਈ ਦੀ ਰਾਖੀ ਲਈ ਬਣਿਆ ਹੈ। ਜ਼ੁਲਮ ਅਤੇ ਜਬਰ ਨੂੰ ਖ਼ਤਮ ਕਰਨਾ ਅਤੇ ਇਨਸਾਫ਼, ਸਮਾਜਿਕ ਸਮਾਨਤਾ, ਕਿਰਤ ਤੇ ਸਤਿਕਾਰ ਦੇ ਆਧਾਰ ਤੇ ਸਿਖ ਸਮਾਜ ਦਾ ਨਵ-ਨਿਰਮਾਣ ਕਰਨ ਇਸ ਦਾ ਮੁਖ ਕਰਤੱਵ ਹੈ। ਇਕ ਇਸਤਰੀ ਦੀ ਬੇਦਅਬੀ ਜੁਰਮ ਵੀ ਹੈ ਤੇ ਨੈਤਿਕ ਅਸੂਲ ਦੀ ਉਲੰਘਣਾ ਵੀ ਹੈ, ਸਮਾਜਿਕ ਸਮਾਨਤਾ ਦੇ ਅਸੂਲਾਂ ਦੀ ਵਿਰੋਧਤਾ ਵੀ ਹੈ।"

ਜੱਸਾ ਸਿੰਘ ਦੇ ਬੋਲਾਂ ਦਾ ਤੁਰੰਤ ਪ੍ਰਭਾਵ ਪਿਆ। ਸਨਾਟਾ ਛਾ ਗਿਆ। ਕਈ ਸਰਦਾਰ ਉਸਦੀ ਇਸ ਗੱਲ ਨਾਲ ਸਹਿਮਤ ਨਹੀਂ ਸਨ। ਉਨ੍ਹਾਂ ਵਿਚੋਂ ਇਕ ਉਠਿਆ ਤੇ ਕਹਿਣ ਲੱਗਾ "ਕਸੂਰ ਪਠਾਣਾਂ ਦਾ ਗੜ੍ਹ ਹੈ। ਉਸਮਾਨ ਖ਼ਾਂ ਇਕ ਹੰਡਿਆ ਹੋਇਆ ਜਰਨੈਲ ਤੇ ਉਚਪਾਏ ਦਾ ਯੋਧਾ ਹੈ। ਉਸ ਨਾਲ ਲੜਾਈ ਲੈਣਾ-ਖ਼ਾਸ ਤੌਰ ਤੇ ਇਸ ਸਮੇਂ ਜਦੋਂ ਖ਼ਾਲਸੇ ਨੂੰ ਮੁਸ਼ਕਲ ਨਾਲ ਸੁਖ ਦਾ ਸਾਹ ਮਿਲਿਆ ਹੈ ਅਤੇ ਕਈ ਠੋਸ ਯੋਜਨਾਵਾਂ ਨੂੰ ਸਿਰੇ ਚਾੜ੍ਹਨ ਦਾ ਕੰਮ ਅਜੇ ਬਾਕੀ ਹੈ। ਫਿਰ ਕਸੂਰ ਵਿਚ ਅਨੇਕਾਂ ਗੜ੍ਹੀਆਂ ਹਨ ਜੋ ਜੰਗੀ ਸਾਮਾਨ ਨਾਲ ਭਰੀਆਂ ਪਈਆਂ ਹਨ। ਦੂਸਰੇ ਖ਼ਾਲਸੇ ਪਾਸ ਨਫ਼ਰੀ ਵੀ ਪੂਰੀ ਨਹੀਂ। ਘਟੋਂ ਘਟ ਦਸ ਹਜ਼ਾਰ ਸਿੰਘਾਂ ਨੂੰ ਸ਼ਹੀਦੀ ਦੇਣੀ ਪਵੇਗੀ ਅਤੇ ਫਿਰ ਮਾਮਲਾ ਕੇਵਲ ਇਕ ਇਸਤਰੀ ਨੂੰ ਬਚਾਉਣ ਦਾ ਹੈ। ਇਕ ਇਸਤਰੀ ਲਈ 10 ਹਜ਼ਾਰ ਸਿੰਘਾਂ ਨੂੰ ਕੁਰਬਾਨ ਕਰਵਾ ਦੇਣਾ ਸੂਝ ਭਰੀ ਨੀਤੀ ਨਹੀਂ ਹੋਵੇਗੀ। ਖ਼ਾਲਸਾ ਜੀ ਨੂੰ ਜਜ਼ਬਾਤ ਤੋਂ ਕੰਮ ਨਹੀਂ ਲੈਣਾ ਚਾਹੀਦਾ, ਸੋਚ ਸਮਝ ਕੇ ਕਦਮ ਚੁਕਣਾ ਚਾਹੀਦਾ ਹੈ।"

ਸ. ਜੱਸਾ ਸਿੰਘ ਦਾ ਚਿਹਰਾ ਲਾਲ ਹੋ ਉਠਿਆ। ਗਰਜ ਕੇ ਆਖਿਆ "ਇਹ ਬ੍ਰਾਹਮਣ ਕਿਸੇ ਵਿਅਕਤੀ ਪਾਸ ਨਹੀਂ ਆਇਆ, ਇਹ ਗੁਰੂਪੰਥ ਪਾਸ ਆਇਆ ਹੈ, ਪੁਕਰ ਲੈ ਕੇ ਇਹ ਅਕਾਲ ਤਖ਼ਤ ਪਾਸ ਆਇਆ, ਰਖਿਆ ਲਈ। ਅਕਾਲ ਤਖ਼ਤ ਗੁਰੂਪੰਥ ਦਾ ਹੈ। ਇਥੋਂ ਮੀਰੀ ਪੀਰੀ ਦੀ ਤਲਵਾਰ ਜੇ ਦੁਸ਼ਟਾਂ ਦਾ ਦਮਨ ਤੇ ਮਜ਼ਲੂਮਾਂ ਦੀ ਰਖਿਆ ਨਹੀਂ ਕਰੇਗੀ ਤਾਂ ਇਹ ਕਿਹੜੇ ਕਾਰਜ ਸਾਧੇਗੀ। ਫਿਰ ਜੋ ਪੁਕਾਰ ਕੀਤੀ ਗਈ ਹੈ, ਉਹ ਸਾਡੇ ਅਸੂਲਾਂ ਨੂੰ ਵੰਗਾਰਿਆ ਗਿਆ ਹੈ, ਗੁਰੂਸਾਡੀ ਅਜ਼ਮਾਇ ਕਰਨਾ ਚਾਹੁੰਦਾ ਹੈ ਕਿ ਅਸੀਂ ਕੇਵਲ ਗਾਲੜੀ ਹੀ ਹਾਂ ਕਿ ਰਹਿਣੀ ਅਤੇ ਕਰਨੀ ਦੇ ਪੂਰੇ ਵੀ ਹਾਂ। ਭਾਈ ਜਿਉਣਾ ਅਤੇ ਮਰਦਾ ਸਿੰਘਾਂ ਲਈ ਕੋਈ ਅਰਥ ਨਹੀਂ ਰਖਦਾ। ਅਸੀਂ ਮੌਤ ਨੂੰ ਜ਼ਿੰਦਗੀ ਸਮਝਦੇ ਹਾਂ ਜੋ ਇਹ ਕਿਸੇ ਲੇਖੇ ਲਗੇ ਅਤੇ ਜੀਵਨ ਨੂੰ ਵੀ ਮੌਤ ਜੇ ਇਹ ਕਿਸੇ ਦੇ ਕੰਮ ਨਾ ਆਏ। ਕੀ ਤੁਸਾਂ ਨਹੀਂ ਪੜ੍ਹਿਆ ਜਾ ਸੁਣਿਆ "ਜੇ ਪੂਰਣ ਵਰਮਾਂ ਨੰਦ ਮਿਲ ਜਾਵੇ, ਤਾਂ ਉਸ ਮਰਨ ਤੋਂ ਡਰੀਦਾ ਨਹੀਂ, ਸਗੋਂ ਅਨੰਦ ਮਿਲਦਾ ਹੈ।

ਫਿਰ ਵੀ ਜੇ ਤੁਹਾਨੂੰ ਸਮਝ ਨਹੀਂ ਆਉਂਦੀ ਤਾਂ ਆਓ ਗੁਰੁਗ੍ਰੰਥ ਸਾਹਿਬ ਦਾ ਵਾਕ ਸੁਣੋ:-

ਜਦੋਂ ਗੁਰੁਗ੍ਰੰਥ ਸਾਹਿਬ ਤੋਂ ਵਾਕ ਲਿਆ ਗਿਆ ਤਾਂ ਹੁਕਮ ਹੋਇਆ:-

ਥਿਰੁ ਘਰਿ ਬੈਸਹੁ ਹਰਿਜਨ ਪਿਆਰੇ

ਸਤਿਗੁਰਿ ਤੁਮਰੇ ਕਾਜ ਸਵਾਰੇ ॥੧॥ਰਹਾਉ।

ਦੁਸਤ ਦੂਤ ਪਰਮੇਸੁਰਿ ਮਾਰੇ।

ਜਨ ਕੀ ਪੈਜ ਰਖੀ ਕਰਤਾਰੇ।

ਗਿਆਨੀ ਗਿਆਨ ਸਿੰਘ ਜੀ ਨੇ ਲਿਖਿਆ ਹੈ:-

ਜੱਸਾ ਸਿੰਘ ਸਰਦਾਰ ਭਾਖਯੋ ਵਿਚਾਰ।

ਅਬ ਚਲੋ ਦਰਬਾਰ ਵਾਕ ਚਾਹੀਏ ਗੁਰੁਲਯੋ।

ਜਾਇ ਖੜੇ ਕਰੇਂ, ਗੁਰੂਪੰਥ ਜੀ ਪੁਕਾਰੇ

ਪੈਜ ਰਾਖੀ ਕਰਤਾਰੇ, ਦੂਤ ਦੁਸਤ ਕਰੇ ਖਯੋ।

ਬਨ ਕੇ ਮਹਾਨ, ਮੋਦ ਪੰਥ ਮਾਨਤ ਨਹੀਂ

ਬਾਟ ਕੇ ਤਿਹਾਵਲੇ, ਉਤਾਵਲੇ ਚਚੇ ਭਯੋ।

ਇਹ ਕਹਿ ਕੇ ਸਰਦਾਰ ਜੱਸਾ ਸਿੰਘ 'ਬੋਲੇ ਸੋ ਨਿਹਾਲ' ਦਾ ਜੈਕਾਰਾ ਛਡ ਕਸੂਰ ਵੰਨੀ ਤੁਰ ਪਿਆ। ਸ. ਚੜ੍ਹਤ ਸਿੰਘ ਸ਼ੁਕਰਚਕੀਆ ਨੇ ਸ਼ਮਸ਼ੀਰ ਹੱਥ ਵਿਚ ਲਈ ਅਤੇ ਉਸ ਦੇ ਪਿਛੇ ਹੋ ਤੁਰਿਆ। ਹਰੀ ਸਿੰਘ ਭੰਗੀ ਨੇ ਲਲਕਾਰਾ ਮਾਰਿਆ ਤੇ ਆਪਣੇ ਸਾਥੀਆਂ ਸਮੇਤ ਸ. ਜੱਸਾ ਸਿੰਘ ਦੀ ਸਹਾਇਤਾ ਲਈ ਤਰੰਤ ਕੂਚ ਕਰ ਦਿੱਤਾ। ਹੋਰ ਹਜ਼ਾਰਾਂ ਸੂਰਬੀਰਾਂ ਨੇ ਅਕਾਲ ਤਖ਼ਤ ਦੇ ਸਨਮੁਖ ਮੱਥਾ ਟੇਕਿਆ, ਪ੍ਰਣ ਲਿਆ ਅਤੇ ਦੁਸ਼ਟ ਦਮਨ ਲਈ ਹੋ ਤੁਰੇ। ਖ਼ਾਲਸਾ ਜੀ ਨੇ ਕਸੂਰ ਤੇ ਚੜ੍ਹਾਈ ਕਰ ਦਿੱਤੀ। ਇੰਨੀ ਤੇਜੀ ਨਾਲ ਸਿੰਘ ਅਗੇ ਵਧੇ ਕਿ ਦੁਪਹਿਰ ਹੋਣ ਤੱਕ ਉਹ ਕਸੂਰ ਵਿਚ ਪੁੱਜ ਗਏ। ਉਨ੍ਹਾਂ ਨੇ ਰਸਤੇ ਵਿਚ ਨਾ ਨਿਸ਼ਾਨ ਖੋਲ੍ਹੇ ਨਾ ਨਗਾਰੇ ਵਜਾਏ, ਨਾ ਕਿਸੇ ਨੂੰ ਛੇੜਿਆ ਅਤੇ ਚੁਪ ਚਪੀਤੇ ਸਿਖਰ ਦੁਪਹਿਰ ਸ਼ਹਿਰ ਵਿਚ ਜਾ ਵੜੇ। (1763) ਰਮਜ਼ਾਨ ਦਾ ਮਹੀਨਾ ਸੀ, ਗਰਮੀ ਜ਼ੋਰਾ ਤੇਸੀ, ਕਸੂਰੀਏ ਪਠਾਣ ਆਪਣੇ ਆਪਣੇ ਭੋਰਿਆਂ ਵਿਚ ਵੜੇ ਹੋਏ ਸਨ। ਸਿਖਾਂ ਦੇ ਅਚਾਨਕ ਆ ਪੁਜਣ ਤੇ ਉਨ੍ਹਾਂ ਵਿਚ ਭਗਦੜ ਮੱਚ ਗਈ। ਉਸਮਾਨ ਖ਼ਾਂ ਫਿਰ ਵੀ ਟਾਕਰੇ ਲਈ ਆਇਆ। ਘਮਸਾਨ ਦੀ ਲੜਾਈ ਹੋਈ। ਉਸਮਾਨ ਖ਼ਾਂ ਮਾਰਿਆ ਗਿਆ। ਸਿਖਾਂ ਦਾ ਵੀ ਕਾਫ਼ੀ ਨੁਕਸਾਨ ਹੋਇਆ ਪਰ ਅੰਤ ਫ਼ਤਹਿ 'ਖ਼ਾਲਸਾ ਜੀ' ਦੀ ਹੋਈ।

ਬ੍ਰਾਹਮਣ ਦੀ ਇਸਤਰੀ ਛੁਡਾ ਕੇ ਉਸਦੇ ਹਵਾਲੇ ਕੀਤੀ ਗਈ। ਜਦੋਂ ਉਸਨੇ ਧੰਨਵਾਦ ਕਰਨਾ ਚਾਹਿਆ, ਤਾਂ ਉਸਨੂੰ ਸਿਰਫ਼ ਇਹ ਗੱਲ ਕਹੀ, "ਸਤਿਗੁਰੂਦਾ ਧੰਨਵਾਦ ਕਰੋ ਜਿਸ ਨੇ ਸਾਨੂੰ ਨਿਮਾਣਿਆਂ ਨੂੰ ਇਕ ਸੁੱਚਜਾ ਕੰਮ ਕਰਨ ਲਈ ਬਲ ਬਖ਼ਸ਼ਿਆ।"

ਕਸੂਰ ਤੋਂ ਸਰਦਾਰ ਜੱਸਾ ਸਿੰਘ ਪਹਿਲੋਂ ਜਲੰਧਰ ਦੁਆਬੇ ਵਿਚ ਪੁਜਿਆ। ਉਥੇ ਉਸਨੂੰ ਸਹਿਜੇ ਹੀ ਦਬਦਬਾ ਜਮਾ ਲਿਆ। ਅਹਿਮਦਸ਼ਾਹ ਅਬਦਾਲੀ ਵਲੋਂ ਨਿਯੁਕਤ ਕੀਤੇ ਗਏ ਫ਼ੌਜਦਾਰ ਸਆਦਤਖ਼ਾਨ ਨੂੰ ਜਲੰਧਰ ਤੋਂ ਬਾਹਰ ਆਉਣ ਦੀ ਹੀ ਹਿਮਤ ਨਾ ਪਈ।

ਇਨ੍ਹੀਂ ਦਿਨੀਂ ਸਰਦਾਰ ਨੇ ਕਾਠਗੜ੍ਹ ਦੇ ਗੋਲੇ ਖ਼ਾਂ ਤੇ ਸ਼ੰਕਰ ਗੜ੍ਹ ਦੇ ਰੰਘੜਾਂ ਨੂੰ ਸੋਧਿਆ ਅਤੇ ਇਨ੍ਹਾਂ ਦੋਹਾਂ ਥਾਵਾਂ ਤੇ ਕਬਜ਼ਾ ਕਰ ਲਿਆ। ਇਸ ਨਾਲ ਅਨੰਦਪੁਰ ਸਾਹਿਬ ਜਾਣ ਵਾਲਾ ਰਸਤਾ ਸਿਖਾਂ ਲਈ ਸੁਰਖਿੱਅਤ ਹੋ ਗਿਆ।

ਇਸ ਤੋਂ ਪਿਛੋਂ ਸ. ਜੱਸਾ ਸਿੰਘ ਤੇ ਉਸਦੇ ਸਾਥੀ ਮਾਲਵਾ ਵਿਚ ਜਾ ਪੁਜੇ। ਉਨ੍ਹਾਂ ਨੇ ਮਲੇਰੀਏ ਅਫ਼ਗ਼ਾਨਾਂ ਨੂੰ ਕਰੜੀ ਸਜ਼ਾ ਦਿੱਤੀ। ਜਿਨ੍ਹਾਂ ਨੇ ਘਲੂਘਾਰੇ ਵੇਲੇ ਉਨ੍ਹਾਂ ਨੂੰ ਬਹੁਤ ਹਾਨੀ ਪਹੁੰਚਾਈ ਸੀ। ਨਵਾਬ ਭੀਖਣ ਖ਼ਾਂ ਇਸ ਲੜਾਈ ਵਿਚ ਮਾਰ ਦਿੱਤਾ ਗਿਆ।

ਇਸਤੋਂ ਪਿਛੋਂ ਸਰਹਿੰਦ ਦੇ ਦੁਆਲੇ ਦਾ ਇਲਾਕਾ ਸਿੰਘਾਂ ਨੇ ਉਗਰਾਹਿਆ।

ਪੰਜ ਨਵੰਬਰ ਸੰਨ 1763 ਈ. ਨੂੰ ਸਰਬੱਤ ਖ਼ਾਲਸੇ ਨੇ ਦੀਵਾਲੀ ਦੇ ਮੌਕੇ ਤੇ ਇਕ ਮਤਾ ਕੀਤਾ ਕਿ ਛੇਤੀ ਤੋਂ ਛੇਤੀ ਜਦੋਂ ਮੌਕਾਂ ਮਿਲੇ ਸਰਹਿੰਦ ਨੂੰ ਸੋਧਣਾ ਚਾਹੀਦਾ ਹੈ। ਇਨੀ ਦਿਨ੍ਹੀਂ ਹੀ ਖ਼ਬਰ ਮਿਲੀ ਕਿ ਅਹਿਮਦਸ਼ਾਹ ਦੁਰਾਨੀ ਦਾ ਭੇਜਿਆ ਹੋਇਆ। ਜਰਨੈਲ ਜਹਾਨ ਖਾਨ ਅਟਕ ਪਾਰ ਕਰ ਚੁਕਿਆ ਹੈ ਅਤੇ ਦਰਿਆ ਚਨਾਬ ਟਪ ਕੇ ਸਿਆਲਕੋਟ ਵਲ ਵਧ ਰਿਹਾ ਹੈ ਜਿਥੇ ਉਸਨੂੰ ਜੰਮੂਦੇ ਰਾਜਾ ਰਣਜੀਤ ਦਿਓ ਪਾਸੋਂ ਸਹਾਇਤਾ ਆਉਣ ਦੀ ਆਸ ਹੈ । ਸਰਦਾਰ ਜੱਸਾ ਸਿੰਘ ਆਹਲੂਵਾਲੀਆਂ ਹੋਰਨਾ ਸਰਦਾਰਾਂ ਨੂੰ ਨਾਲ ਲੈ ਕੇ ਤੁਰੰਤ ਚੜ੍ਹਤ ਸਿੰਘ ਸ਼ੁਕਰਚਕੀਆ ਦੀ ਸਹਾਇਤਾ ਲਈ ਜਾ ਪਹੁੰਚਿਆਂ। ਸਿੰਘਾਂ ਨੇ ਰਲ ਕੇ ਅਜਿਹਾ ਹੱਲਾ ਬੋਲਿਆ ਕਿ ਜਹਾਨ ਖ਼ਾਂ ਦਾ ਘੋੜਾ ਮਾਰਿਆ ਗਿਆ ਅਤੇ ਉਹ ਆਪ ਜ਼ਮੀਨ ਤੇ ਡਿਗ ਪਿਆ ਅਤੇ ਬੜੀ ਮੁਸ਼ਕਲ ਨਾਲ ਜਾਨ ਬਚਾ ਕੇ ਰੋਹਤਾਸ ਦੇ ਕਿਲ੍ਹੇ ਵਿਖੇ ਪੁਜਣ ਵਿਚ ਸਫ਼ਲ ਹੋ ਗਿਆ। ਉਸ ਦਾ ਇਕ ਖ਼ਾਸ ਹਾਥੀ, ਕਾਮ ਬਖ਼ਸ਼, ਸਾਰਾ ਜੰਗੀ ਸਾਮਾਨ, ਕਈ ਜ਼ਨਾਨੇ ਰਿਸ਼ਤੇਦਾਰ ਅਤੇ ਸੰਬੰਧੀ ਸਿੰਘਾਂ ਦੇ ਹੱਥ ਆ ਗਏ।

ਇਸ ਵੇਲੇ ਜਹਾਨ ਖ਼ਾਨ ਦੀ ਬੇਗਮ ਨੇ ਸਰਦਾਰ ਚੜ੍ਹਤ ਸਿੰਘ ਪਾਸ ਅਰਜ਼ ਕੀਤੀ ਕਿ ਇਸ ਵੇਲੇ ਸਾਡਾ ਪੜਦਾ ਅਤੇ ਇਜ਼ਤ ਤੁਹਾਡੇ ਅਖ਼ਤਿਆਰ ਵਿਚ ਹੈ। ਸਰਦਾਰ ਜੱਸਾ ਸਿੰਘ ਨੂੰ ਇਹ ਵੀ ਖ਼ਬਰ ਦਿੱਤੀ ਗਈ ਕਿ ਜਹਾਨ ਖ਼ਾਨ ਦਾ ਤੋਸ਼ਾ ਖ਼ਾਨ ਅਤੇ ਬਹੁਤ ਸਾਰਾ ਜੇਵਰ ਵੀ ਇਨ੍ਹਾ ਜ਼ਨਾਨੀਆਂ ਦੀ ਤਹਿਵੀਲ ਵਿਚ ਹੈ।

"ਸਰਦਾਰ ਨੇ ਅੱਗੋਂ ਉੱਤਰ ਦਿੱਤਾ ਕਿ ਖਾਲਸਾ ਅਜਿਹੇ ਮਾਲ ਜਿਹੜਾ ਜਨਾਨੀਆਂ ਦੇਪਾਸ ਹੈ ਨੂੰ ਬਿਲਕੁਲ ਹੱਥ ਨਹੀਂ ਲਗਾਏਗਾ। ਸਰਦਾਰ ਜੱਸਾ ਸਿੰਘ ਨੇ ਬੇਗਮ ਸਾਹਿਬਾਂ ਨੂੰ ਕਿਹਾ ਕਿ ਤੁਸਾਂ ਉਕਾ ਹੀ ਕੋਈ ਫ਼ਿਕਰ ਨਾ ਕਰੋ। ਸਾਡਾ ਤੁਹਾਡੇ ਨਾਲ ਕੋਈ ਵੈਰ ਨਹੀਂ। ਲੜਨ ਵਾਲਿਆਂ ਨਾਲ ਸਾਡੀ ਲੜਾਈ ਸੀ। ਤੁਹਾਡੀ ਅਤੇ ਤੁਹਾਡੇ ਮਾਲ ਦੀ ਹਰ ਤਰ੍ਹਾਂ ਨਾਲ ਪੂਰੀ ਪੂਰੀ ਰਖਿਆ ਕੀਤੀ ਜਾਵੇਗੀ। ਜਿਥੇ ਵੀ ਤੁਸੀ ਜਾਣਾ ਚਾਹੋ, ਉਥੇ ਤੁਹਾਨੂੰ ਖੇਰੀਅਤ ਨਾਲ ਪਹੁੰਚਾ ਦਿੱਤਾ ਜਾਵੇਗਾ। ਬੇਗਮ ਨੇ ਜੰਮੂਜਾਣ ਦੀ ਇੱਛਾ ਪਰਗਟ ਕੀਤੀ ਅਤੇ ਸਰਦਾਰ ਨੇ ਸ. ਚੜ੍ਹਤ ਸਿੰਘ ਰਾਹੀਂ ਉਸਨੂੰ ਸਣੇ ਉਸਦੇ ਸਮਾਨ ਦੇ ਜੰਮੂਪਹੁੰਚਾ ਦਿੱਤਾ।

ਮੁਫ਼ਤੀ ਅਲੀ-ਉਦੀਨ ਲਿਖਦਾ ਹੈ ਕਿ ਇਸ ਜ਼ਮਾਨੇ ਦੇ ਸਿੱਖ ਪਰਾਈਆਂ ਇਸਤਰੀਆਂ ਤੋਂ ਬੜਾ ਪਰਹੇਜ ਕਰਦੇ ਹਨ। ਇਸ ਲਈ ਉਨ੍ਹਾਂ ਨੇ ਜਹਾਨਖਾਂ ਦੇ ਟਬਰਾਂ ਨੂੰ ਜੰਮੂਭੇਜ ਦਿੱਤਾ

# ਸਰਹਿੰਦ ਦੀ ਫਤਹਿ

ਅਗਲੇ ਸਾਲ ਅਰਥਾਤ ਸੰਨ 1764 ਜਨਵਰੀ ਵਿਚ ਸ. ਜੱਸਾ ਸਿੰਘ ਖਾਲਸੇ ਦੇ ਦੀਵਾਲੀ ਦੇ ਮਤੇ ਅਨੁਸਾਰ ਸਰਹਿੰਦ ਨੂੰ ਸੋਧਣ ਲਈ ਤਿਆਰ ਹੋ ਗਏ। ਭੰਗੀ, ਸ਼ੁਕਰਚਕੀਏ, ਕਨ੍ਹਈਏ ਅਤੇ ਰਾਮਗੜ੍ਹੀਏ ਸਰਦਾਰਾਂ ਨੂੰ ਸਦ ਲਿਆ ਅਤੇ ਚੁਪ ਚਪੀਤੇ ਚਮਕੌਰ ਸਾਹਿਬ ਵਿਖੇ ਆ ਇੱਕਠ ਕੀਤਾ । ਇਥੇ ਉਸਨੂੰ ਪਤਾ ਲੱਗਾ ਕਿ ਸਰਹਿੰਦ ਦਾ ਦੀਵਾਨ ਲਕਸ਼ਮੀ ਨਾਰਾਇਣ ਲਾਗਲੇ ਪਿੰਡਾਂ ਵਿਚ ਮਾਲੀਏ ਦੀ ਉਗਰਾਹੀ ਕਰਨ ਚੜ੍ਹਿਆ ਹੋਇਆ ਹੈ। ਇਹ ਸੁਣਦਿਆਂ ਸਾਰ ਹੀ ਖਾਲਸੇ ਨੇ ਉਧਰ ਕੂਚ ਕਰ ਦਿੱਤਾ। ਦੀਵਾਨ ਖਾਲਸੇ ਨੂੰ ਦੂਰੋਂ ਹੀ ਵੇਖ ਕੇ ਘਬਰਾ ਗਿਆ ਅਤੇ ਉਸਨੇ ਸਭ ਕੁਝ ਛੜ ਛੱਡਾ ਕੇ ਕੁਰਾਲੀ ਵਿਚ ਜਾ ਸਾਹ ਲਿਆ। ਉਸਦਾ ਸਾਰਾ ਡੇਰਾ ਸਿੰਘਾਂ ਦੇ ਹੱਥ ਆਇਆ।

ਪ੍ਰਾਚੀਨ ਪੰਥ ਪ੍ਰਕਾਸ਼ ਦੇ ਲੇਖਕ ਅਨੁਸਾਰ ਇਥੇ ਸਿੰਘਾਂ ਨੂੰ ਬਹੁਤ ਸਾਰੀ ਦੌਲਤ ਮਿਲੀ।

ਕੁਰਾਲੀ ਤੋਂ ਪਿਛੋਂ ਸਿੰਘਾਂ ਨੇ ਮੁਰਿੰਡਾ ਜਾ ਮਰੰਡਿਆ। ਇਥੋਂ ਦੇ ਰੰਘੜ ਸਿੰਘਾਂ ਨੂੰ ਬਹੁਤ ਤੰਗ ਕਰਿਆ ਕਰਦੇ ਸਨ। ਇਨ੍ਹਾਂ ਨੇ ਗੁਰੂਗੋਬਿੰਦ ਸਿੰਘ ਸਾਹਿਬ ਦੇ ਦੋ ਛੋਟੇ ਸਾਹਿਬਜ਼ਾਦਿਆਂ ਨੂੰ ਸਰਹਿੰਦ ਦੇ ਫੌਜਦਾਰ ਵਜ਼ੀਰ ਖਾਂ ਪਾਸ ਪਹੁੰਚਾਇਆ ਸੀ ਜਿਸਨੇ ਉਨ੍ਹਾਂ ਨੂੰ 13 ਪੋਹ ਸੰਮਤ 1762 ਨੂੰ ਕਤਲ ਕਰਵਾ ਦਿੱਤਾ ਸੀ। ਇਸ ਕਰਕੇ ਸਿੰਘਾਂ ਨੂੰ ਉਨ੍ਹਾਂ ਵਿਰੁੱਧ ਸਖਤ ਰੋਸ ਸੀ। ਫਿਰ ਵੀ ਜੱਸਾ ਸਿੰਘ ਕੁਝ ਕਾਰਣਾ ਕਰਕੇ ਉਨ੍ਹਾਂ ਨੂੰ ਹਾਲ ਦੀ ਘੜੀ ਕੁਝ ਨਹੀਂ ਕਹਿਣਾ ਚਾਹੁੰਦਾ ਸੀ। ਪਰ ਜਦੋਂ ਉਨ੍ਹਾਂ ਨੇ ਸਿੰਘਾਂ ਨੂੰ ਕਬੋਲ ਬੋਲੇ ਅਤੇ ਸੀੜ੍ਹ ਦੇ ਰੱਸੇ ਵਿਖਾ ਕੇ ਕਿਹਾ ਕਿ ਇਹ ਸਿੰਘਾਂ ਦੇ ਕੇਸਾਂ ਦੇ ਵੱਟੇ ਸਨ, ਹੁਣ ਪੁਰਾਣੇ ਹੋ ਗਏ ਹਨ। ਇਸ ਲਈ ਸਾਨੂੰ ਹੁਣ ਨਵੇਂ ਚਾਹੀਦੇ ਹਨ, ਤਾਂ ਸਿੰਘ ਬਰਦਾਸ਼ਤ ਨਾ ਕਰ ਸਕੇ ਅਤੇ ਸ. ਜੱਸਾ ਸਿੰਘ ਨੂੰ ਉਨ੍ਹਾਂ ਉੱਤੇ ਹੱਲਾ ਬੋਲਣ ਲਈ ਰਾਜ਼ੀ ਕਰ ਲਿਆ। ਬਸ ਹੁਣ ਫਿਰ ਕੀ ਸੀ। ਮੁਰਿੰਡਾ ਮੁਰਿੰਡ ਦਿੱਤਾ ਗਿਆ। ਰੰਘੜਾਂ ਨੂੰ ਚੰਗੀ ਰਘੜ ਲੱਗੀ। ਰੰਗੜਾਂ ਨੂੰ ਆਪਣੇ ਕੀਤੇ ਦਾ ਫਲ ਭੁਗਤਣਾ ਪਿਆ।

ਹੁਣ ਸਰਹਿੰਦ ਦੀ ਵਾਰੀ ਦਾ ਗਈ। ਮਰਿੰਡੇ ਤੋਂ ਸਰਹਿੰਦ ਪੰਦਰਾਂ ਕੋਹ ਦੀ ਵਿਥ ਤੇ ਹੈ। ਇਹ ਮੁਗਲ ਕਾਲ ਦਾ ਘੁਗ ਵਸਦਾ ਸ਼ਹਿਰ ਸੀ। ਇਕ ਅੰਦਾਜ਼ੇ ਅਨੁਰਾਰ ਲਾਹੌਰ ਸ਼ਹਿਰ ਦੀ ਵਸੋਂ ਅਤੇ ਵਪਾਰ ਦੇ ਪਖੋਂ ਇਸਤੋਂ ਦੂਜੇ ਨੰਬਰ ਤੇ ਗਿਣਿਆ ਜਾਂਦਾ ਸੀ । ਸਿਖ ਖਾਸ ਤੌਰ ਤੇ ਇਸ ਸ਼ਹਿਰ ਨਾਲ ਘਿਰਣਾ ਕਰਦੇ ਸਨ। ਕਿਉਂਕਿ ਇਥੋਂ ਦੇ ਨਕਸ਼ਬੰਦੀਆਂ ਦੀਆਂ ਸਾਜ਼ਸ਼ਾਂ ਤੇ ਕੁਚਾਲਾਂ ਸਦਕਾ ਪਹਿਲਾਂ ਗੁਰੂਅਰਜਨ ਸਾਹਿਬ ਤੇ ਫਿਰ ਗੁਰੂਤੇਗ ਬਹਾਦੁਰ ਜੀ ਨੂੰ ਸ਼ਹੀਦੀ ਦਾਜਾਮ ਪੀਣਾ ਪਿਆ ਸੀ। ਇਥੇ ਦਸਮ ਗੁਰੂਸਾਹਿਬ ਦੇ ਛੋਟੇ ਸਪੁੱਰਤ ਜ਼ੋਰਾਵਰ ਸਿੰਘ ਤੇ ਫਤਹਿ ਸਿੰਘ ਕੰਧ ਵਿਚ ਚੁਣਵਾਏ ਗਏ ਸਨ। ਇਸ ਲਈ ਇਸ ਸ਼ਹਿਰ ਦਾ ਨਾਮ ਸੁਣਦਿਆ ਹੀ ਸਿਖਾਂ ਦੇ ਮਨ ਵਿਚ ਰੋਹ ਦੀ ਜਵਾਲਾ ਭੜਕ ਉਠਦੀ ਸੀ । ਉਹ ਇਸਨੂੰ ਸਰਾਪਿਆ ਹੋਇਆ ਮਨਹੂਸ ਸ਼ਹਿਰ ਮੰਨਦੇ ਸਨ ਅਤੇ ਇਸਨੂੰ ਬਰਬਾਦ ਕਰਨ ਦੇ ਭਰਪੂਰ ਚਾਹਵਾਨ ਸਨ। ਬੰਦਾ ਬਹਾਦਰ ਵੇਲੇ ਉਨ੍ਹਾਂ ਨੇ ਇਸ ਦਾ ਕਾਫ਼ੀ ਉਜਾੜਾ ਕੀਤਾ ਸੀ, ਅਤੇ ਅਜੇ ਉਹ ਰੱਜੇ ਨਹੀਂ ਸਨ। ਉਹ ਤਾਂ ਇਸਦੀ ਇੱਟ ਨਾਲ ਇੱਟ ਖੜਕਾਉਣ ਦੇ ਉਤਸ਼ਾਹਜਨਕ ਇਛੱਕ ਸਨ। ਹੁਣ ਇਸ ਵਾਰੀ ਉਨ੍ਹਾਂ ਦਾ ਜਥੇਦਾਰ ਜੱਸਾ ਸਿੰਘ ਆਹਲੂਵਾਲੀਆਂ ਸਰਬੱਤ ਖਾਲਸਾ ਦੇ

ਗੁਰਮਤੇ ਨੂੰ ਅਮਲੀ ਜ਼ਾਮਾ ਪਹਿਨਾਉਣਾ ਚਾਹੁੰਦੇ ਸਨ।ਹੁਣ ਉਨ੍ਹਾਂ ਨੂੰ ਚਿਰਾਂ ਦੀ ਖਾਹਸ਼ ਪੂਰੀ ਕਰਨ ਦਾ ਮੌਕਾ ਮਿਲਣ ਦੀ ਆਸ ਸੀ।

ਖੁਸ਼ਕਿਮਤੀ ਇਹ ਸੀ ਕਿ ਇਸ ਵੇਲੇ ਤਕ ਸਰਹਿੰਦ ਦਾ ਫੌਜਦਾਰ ਜ਼ੈਨ ਖ਼ਾਂ ਆਪਣੀਆਂ ਕੋਝੀਆ ਕਰਤੂਤਾਂ,ਅਤੇ ਜਨ ਸਾਧਾਰਨ ਵਿਰੁਧ ਕਰਵਾਈਆਂ ਦੇ ਕਾਰਣ ਬਹੁਤ ਬਦਨਾਮ ਹੋ ਚੁਕਿਆ ਸੀ। ਤਹਿਮਾਸ ਨਾਮਾ ਦਾ ਲੇਖਕ ਤਹਿਮਾਸ ਖਾਨ ਜੋ ਇਸ ਸਮੇਂ ਸਰਹਿੰਦ ਵਿਚ ਮੌਜੂਦ ਸੀ ਜੈਨ ਖਾਂ ਦੀਆਂ ਵਧੀਕਿਆਂ ਨੂੰ ਅਖੀਂ ਵੇਖ ਰਿਹਾ ਸੀ। ਉਹ ਲਿਖਦਾ ਹੈ ਕਿ ਜੈਨ ਖਾਂ ਨੇ ਪੁਰਾਣੇ ਕਾਨੂੰਨ ਕਾਇਦੇ ਸਭ ਛਿੱਕੇ ਤੇ ਟੰਗ ਦਿਤੇ ਸਨ। ਪਿੰਡਾਂ ਨੂੰ ਬੇਦਰਦੀ ਨਾਲ ਲੁਟ ਰਿਹਾ ਸੀ। ਸਿਪਾਹੀਆਂ ਦੀ ਬਣਦੀ ਤਨਖਾਹ ਦੇ ਬਦਲੇ ਚੌਥਈ ਦੇ ਉਨ੍ਹਾਂ ਨੂੰ ਦਾਣੇ ਦਿੰਦਾ ਸੀ। ਉਸਨੇ ਪਹਾੜੀ ਰਾਜਿਆਂ ਨਾਲ ਦੋਸਤਾਨਾ ਗੰਢ ਰਖਿਆ ਸੀ ਅਤੇ ਕੇਵਲ ਧਨ ਇੱਕਠਾ ਕਰਨ ਲਈ ਮਾਰੋਮਾਰ ਕਰ ਰਿਹਾ ਸੀ। ਇਨ੍ਹਾਂ ਜ਼ੁਲਮਾਂ ਅਤੇ ਮੂਰਖਤਾ ਦੇ ਕੰਮ ਤਾਂ ਸਦਾ ਦੁਖ ਦਾ ਕਾਰਣ ਬਣਦੇ ਹਨ। ਮੈਂ ਸਮਝਦਾ ਹਾਂ ਉਨ੍ਹਾਂ ਲਈ ਕਿਸੇ ਉੱਜਲ ਭਵਿਖ ਦੀ ਆਸ ਰਖਣਾ ਮੂਰਖਤਾ ਹੈ। ਮੈਂ ਆਪਣੇ ਸਾਰੇ ਸਾਥੀਆਂ ਨੂੰ ਕਿਹਾ ਕਿ ਜੈਨ ਖਾਨ ਦੀ ਫੌਜ ਛੇਤੀ ਹੀ ਤਬਾਹ ਹੋ ਜਾਵੇਗੀ। (ਤਹਿਮਾਸ ਨਾਮਾ, 113-114 ਰਾਓ ਪੰਨਾ 9) ਤਹਿਮਾਸ ਖਾਨ ਦੀ ਇਹ ਗੱਲ ਇੰਨ ਬਿੰਨ ਠੀਕ ਸਿਧ ਹੋਈ। ਮਾਲੂਮ ਹੁੰਦਾ ਹੈ ਕਿ ਤਹਿਮਾਨ ਖਾਂ ਨੂੰ ਖਾਲਸਾ ਜਦੋਂ ਜਹਿਦ ਦੀ ਅੰਤਰੀਵ ਤਾਕਤ ਦਾ ਪੂਰਾ ਗਿਆਨ ਸੀ।

ਜੈਨ ਖਾਂ ਨੂੰ ਇਸ ਬਾਰੇ ਕੋਈ ਬਾਹਰੋਂ ਮਦਦ ਵੀ ਨਹੀਂ ਮਿਲ ਸਕਦੀ ਸੀ। ਅਹਿਮਦਸ਼ਾਹ ਦੁਰਾਨੀ ਦੂਰ ਅਫ਼ਗਾਨਿਸਤਾਨ ਵਿਚ ਸੀ। ਬਖਸ਼ੀ ਜਹਾਨ ਖਾਂ ਨੂੰ ਖਾਲਸਾ ਜੀ ਨੇ ਹੁਣੇ ਹੀ ਇਕ ਤਕੜੀ ਸੱਟ ਮਾਰੀ ਸੀ ਅਤੇ ਉਹ ਰੁਹਤਾਸ ਜਾਂ ਜੰਮੂਵਿਚ ਮਰਹੱਮ ਪਟੀ ਕਰਵਾ ਰਿਹਾ ਸੀਂ ਲਾਹੌਰ ਦੇ ਹਾਕਮ ਕਾਬਲੀ ਮੱਲ ਮਸਾ ਇੰਨੀ ਕੁ ਫੌਜ ਸੀ ਕਿ ਉਹ ਮੁਸ਼ਕਲ ਨਾਲ ਲਾਹੌਰ ਸੰਭਾਲੀ ਬੈਠਾ ਸੀ।

ਦੂਸਰੇ ਪਾਸੇ ਸਿੰਘਾਂ ਵਿਚ ਅਥਾਹ ਜੋਸ਼ ਸੀ। ਉਨ੍ਹਾਂ ਵਿਚ ਜੈਨ ਖਾਂਨ ਪਾਸੋਂ ਬਦਲਾ ਲੈਣ ਦੀ ਭਾਵਨਾ ਵੀ ਸੀ ਤੇ ਸਿਖ ਵਿਚਾਰਧਾਰਾ ਅਨੁਸਾਰ ਸਮਾਜਿਕ ਨਿਰਮਾਣ ਵਾਸਤੇ ਨਵੀਨ ਢੰਗ ਦੇ ਰਾਜ ਨੂੰ ਸਥਾਪਿਤ ਕਰਨ ਲਈ ਉਤਸ਼ਾਹ ਵੀ ਸੀ। ਸਾਰੇ ਸਰਦਾਰ ਸੁਲਤਾਨੁਲ ਕੌਮ ਜੱਸਾ ਸਿੰਘ ਦੀ ਅਗਵਾਈ ਹੇਠ ਇੱਕਠੇ ਹੋ ਗਏ ਸਨ। ਸਰਦਾਰ ਚੜ੍ਹਤ ਸਿੰਘ ਸ਼ੁਕਰਚਕੀਆਂ, ਝੰਡਾ ਸਿੰਘ ਅਤੇ ਗੰਡਾ ਸਿੰਘ ਭੰਗੀ ਅਤੇ ਰਾਹੋਵਾਲਾ ਤਾਰਾ ਸਿੰਘ ਗ਼ੈਬਾ ਅਤੇ ਦੂਸਰੇ ਮਿਸਲਦਾਰ ਸਰਦਾਰ ਤਾਂ ਆਏ ਹੋਏ ਹੀ ਸਨ, ਬਾਬਾ ਆਲ੍ਹਾ ਸਿੰਘ ਪਟਿਆਲੇ ਵਾਲਾ ਵੀ ਆਪਣੀ ਫੌਜ ਨਾਲ ਲੈ ਕੇ ਆ ਪੁੱਜਾ, ਜਿਸ ਦੇ ਕਮਾਨ ਡਰ ਅਫ਼ਸਰ ਹਿੰਮਤ ਸਿੰਘ ਤੇ ਚੈਨ ਸਿੰਘ ਸਨ।

ਸਰਦਾਰ ਜੱਸਾ ਸਿੰਘ ਨੇ ਵਿਉਤ ਬਣਾਈ ਕਿ ਜੈਨ ਖਾਂ ਨੂੰ ਜੋ ਉਸ ਵੇਲੇ ਉਗਰਾਹੀ ਚੜ੍ਹਿਆ ਹੋਇਆ ਸੀ ਸਰਹਿੰਦ ਤੋਂ ਬਾਹਰ ਹੀ ਘੇਰ ਲਿਆ ਜਾਏ ਅਤੇ ਉਸਨੂੰ ਸਰਹਿੰਦ ਵਿਚ ਦਾਖਲ ਹੋਣ ਤੋਂ ਹਰ ਹਾਲਤ ਵਿਚ ਰੋਕਿਆ ਜਾਏ ਤਾਂ ਜੋ ਉਹ ਕਿਲ੍ਹੇ ਵਿਚ ਜਾ ਕੇ ਸਖਤ ਟਾਕਰਾ ਨਾ ਕਰ ਸਕੇ। ਇਸ ਮੰਤਵ ਲਈ 13 ਜਨਵਰੀ, ਸੰਨ 1764 ਈ. ਨੂੰ ਸਿੰਘ ਹਰ ਵਿਚ ਆਏ। ਬੁਢਾ ਦਲ ਨੇ ਸਰਦਾਰ ਜੱਸਾ ਸਿੰਘ ਦੀ ਕਮਾਨ ਹੇਠ ਬੱਸੀ ਤੋਂ ਅਤੇ ਤਰੁਣਾ ਦਲ ਨੇ ਦਖਣ ਚੜ੍ਹਦੇ ਨੂੰ ਮਮਹੇੜ ਤਕ ਦਾ ਪਾਸਾ ਜਾ ਮੱਲਿਆ। ਰਹੱਸ ਇਹ ਸੀ ਕਿ ਜੈਨ ਖਾਨ ਕਿਸੇ ਪਾਸੇ ਤੋਂ ਵੀ ਸਰਹਿੰਦ ਵਿਚ ਦਾਖਲ ਨਾ ਹੋ ਸਕੇ।

ਜੈਨ ਖਾਨ ਨੂੰ ਸਿੰਘਾਂ ਦੀ ਚਾਲ ਦਾ ਪਤਾ ਲਗ ਗਿਆ। ਮੂੰਹ ਹਨੇਰੇ 19 ਜਨਵਰੀ 1764ਈ. ਨੂੰ ਜੈਨ ਖਾਨ ਮਨਹੇੜੇ ਵਲੋਂ ਚੁਪ ਚਾਪ ਸਵਾਰ ਹੋਕੇ ਥੋੜੇ ਜਿਹੇ ਬੰਦਿਆ ਨਾਲ ਅੱਖ ਬਚਾ ਕੇ ਸਰਹਿੰਦ ਪਹੁੰਚਣ ਦੀ ਨੀਅਤ ਨਾਲ ਉਠ ਟੁਰਿਆ। ਉਸਨੇ ਫੌਜ ਨੂੰ ਵੀ ਕੋਈ ਭੇਦ ਨਾ ਦਿੱਤਾ, ਸਗੋਂ ਇਹ ਕਹਿ ਰੱਖਿਆ ਕਿ ਉਹ ਧੌਂਸੇ ਤੇ ਨਗਾਰੇ ਬਜਾਉਣ ਤੇ ਸਿੱਖਾਂ ਦਾ ਮੁਕਾਬਲਾ ਕਰਨ। ਯੋਜਨਾ ਇਹ ਸੀ ਕਿ ਨਗਾਰਿਆਂ ਤੇ ਧੌਂਸਿਆਂ ਦੀ ਅਵਾਜ਼ ਸੁਣ ਕੇ ਸਿੰਘਾਂ ਦਾ ਸਾਰਾ ਧਿਆਨ ਉਧਰ ਹੋ ਜਾਏਗਾ ਅਤੇ ਉਹ ਚੁਪ ਚੁਪਾਤੇ ਸਰਹਿੰਦ ਵਿਚ ਪਰਵੇਸ਼ ਕਰਨ ਵਿਚ ਸਫ਼ਲ ਹੋ ਜਾਏਗਾ।

ਪਰ ਸ. ਜੱਸਾ ਸਿੰਘ ਨੇ ਵੀ ਕੱਚੀਆਂ ਗੋਲੀਆਂ ਨਹੀਂ ਖੇਡੀਆਂ ਹੋਈਆਂ ਸਨ। ਉਸਨੂੰ ਵੀ ਸਭ ਪੈਂਤੜਿਆਂ ਦਾ ਪਤਾ ਸੀ। ਉਸਨੇ ਸ਼ਾਰੀਂ ਪਾਸੀਂ ਮੋਹਰਚੇ ਰਖੇ ਹੋਏ ਸਨ। ਧੌਂਸਿਆ ਦੀ ਆਵਾਜ਼ ਸੁਣਕੇ ਤੁਰਦਾ ਦਲ ਵਾਲੇ ਮੁੜੈਲ ਵਹੀਰ ਵਲ ਹੋ ਤੁਰੇ। ਪਰੰਤੂਛੇਤੀ ਮੁਹਰਖਿਆਂ ਨੇ ਉਨ੍ਹਾਂ ਨੂੰ ਚੋਕਸ ਕਰ ਦਿੱਤਾ। ਜੈਨ ਖਾਂਨ ਗੁਪਤ ਸਕੀਮ ਅਨੁਸਾਰ ਸਰਿਹੰਦ ਵੜਨ ਲਈ ਅੱਗੇ ਵਧਿਆ। ਖਾਲਸੇ ਨੇ ਬੰਦੂਕਾਂ ਨਾਲ ਉਸਦਾ ਸਵਾਗਤ ਕੀਤਾ। ਉਹ ਭੁਇੰ ਤੇ ਡਿਗ ਪਿਆ, ਉਸ ਦੇ ਸਾਥੀਆਂ ਵਿਚ ਰੌਲਾ ਪੈ ਗਿਆ। ਬਰਕੁਨ, ਬਰਕੁਨ (ਚੁਕ ਲਉ ਚੁਕ ਲਉ) ਦੀਆਂ ਆਵਾਜ਼ਾਂ ਸੁਣ ਕੇ ਸਿੰਘ ਸਮਝ ਗਏ ਕਿ ਇਥੇ ਜੈਨ ਖਾਂਨ ਡਿਗਾ ਪਿਆ ਹੋਇਆ ਹੈ ਅਤੇ ਬਹੁਤ ਸਾਰੇ ਸਿੰਘ ਆ ਪੁਜੇ। ਮਾੜੀ ਵਾਲੇ ਤਾਰਾ ਸਿੰਘ ਨੇ ਅੱਗੇ ਹੋ ਕੇ ਜੈਨ ਖਾਂਨ ਦਾ ਸਿਰ ਲਾਹ ਦਿੱਤਾ। ਜੈਨ ਖਾਂਨ ਦੇ ਮਰਨ ਦੀ ਦੇਰ ਹੀ ਸੀ ਕਿ ਅਫ਼ਗਾਨੀ ਫੌਜ ਪਿੰਡ ਪੁੰਡ ਗਈ।

14 ਜਨਵਰੀ 1764 ਈ. ਨੂੰ ਸਿੰਘਾਂ ਨੇ ਸਰਹਿੰਦ ਮਾਰ ਲਈ। ਅਜੇ ਪੂਰੇ ਦੋ ਸਾਲ ਨਹੀਂ ਹੋਏ ਸਨ ਕਿ ਖਾਲਸੇ ਨੇ ਘਲੂਘਾਰੇ ਦਾ ਬਦਲਾ ਸਰਹਿੰਦ ਫਤਹਿ ਕਰਕੇ ਦੁਰਾਨੀਆਂ ਪਾਸੋਂ ਲੈ ਲਿਆ। ਵਾਸਤਬ ਵਿਚ ਘਲੂਘਾਰੇ ਦੇ ਸਮੇਂ ਸਿੱਖਾਂ ਦਾ ਨੁਕਸਾਨ ਤੇ ਫਿਰ ਉਨ੍ਹਾਂ ਦੇ ਕੇਂਦਰੀ ਧਰਮ ਅਸਥਾਨ ਸ੍ਰੀ ਅੰਮ੍ਰਿਤਸਰ ਸਾਹਿਬ ਦੀ ਬੇਅਦਬੀ ਨਾਲ ਉਨ੍ਹਾਂ ਦੇ ਹਿਰਦਿਆਂ ਤੇ ਅਜਿਹਾ ਬਾਣ ਲਗਾ ਕਿ ਉਨ੍ਹਾਂ ਵਿਚ ਅਮੁਕ ਰੋਸ ਜਾਗ ਉਠਿਆ ਅਤੇ ਉਨ੍ਹਾਂ ਨੇ ਤਹੀਆ ਕਰ ਲਿਆ ਕਿ ਉਹ ਦੁਰਾਨੀਆਂ ਨੂੰ ਸੁਖ ਦੀ ਨੀਂਦ ਨਹੀਂ ਸੌਣ ਦੇਣਗੇ। ਅਤੇ ਉਨ੍ਹਾਂ ਨੇ ਦੁਰਾਨੀਆਂ ਦਾ ਸਤਲੁਜ ਪਾਰ ਇਲਾਕੇ ਵਿਚੋਂ ਵੀ ਸਫਾਇਆ ਕਰ ਦਿੱਤਾ। ਸਰਹਿੰਦ ਦੀ ਜਿੱਤ ਖਾਲਸੇ ਦੀ ਸਪਿਰਟ ਦੀ ਜਿਤ ਸੀ ਅਤੇ ਪੁਰਾਤਨਵਾਦੀ ਅਫ਼ਗਾਨ. ਤਾਕਤ ਦੇ ਅੰਤ ਦਾ ਚਿੰਨ ਸੀ। ਇਹ ਇਸ ਗੱਲ ਦੀ ਲਖਾਇਕ ਸੀ ਕਿ ਖਾਲਸਾ ਆਪਣੀ ਵਿਚਾਰਧਾਰਾ ਤੇ ਆਧਾਰਿਤ ਰਾਜ ਸਥਾਪਿਤ ਕਰੇਗਾ। ਯਕੀਨਨ ਇਹ ਸ. ਜੱਸਾ ਸਿੰਘ ਆਹਲੂਵਾਲੀਆਂ ਦੀ ਸਯੋਗ ਲੀਡਰਸ਼ਿਪ ਦਾ ਵੀ ਪ੍ਰਗਟਾ ਕਰਦੀ ਸੀ।

ਸਰਹਿੰਦ ਦੀ ਜੋ ਹੁਣ ਤਬਾਹੀ ਹੋਈ, ਉਸਦਾ ਅੰਦਾਜ਼ਾ ਮੀਲਾਂ ਵਿਚ ਢੱਠੀਆਂ ਗੜ੍ਹੀਆਂ, ਉਜੜੀਆਂ ਹਵੇਲੀਆਂ ਅਤੇ ਬਰਬਾਦ ਹੋਏ ਮਕਾਨਾਂ ਦੇ ਖਿਲਰੇ ਮਲਬੇ ਤੋਂ ਲੱਗਾਇਆ ਜਾ ਸਕਦਾ ਹੈ। ਤਬਾਹੀ ਦਾ ਇਹ ਭੌਤਿਕ ਰੂਪ ਸੀ, ਪਰ ਇਸ ਦਾ ਦੂਜਾ ਇਕ ਹੋਰ ਰੂਪ ਵੀ ਸੀ ਅਤੇਉਹ ਸੀ ਕਲਪਨਾ ਦਾ ਵਿਕਾਸ ਜੋ ਹਰ ਹੀਲੇ ਪੁਰਾਤਨ ਮੁਗਲਈ ਜਾਂ ਅਫ਼ਗਾਨੀ ਰਾਜਨੀਤਕ ਅਤੇ ਸਮਾਜਿਕ ਢਾਂਚੇ ਨੂੰ ਕਾਇਮ ਰੱਖਣ ਦੀ ਮੁਦੱਈ ਸੀ।

ਇਸ ਵੇਲੇ ਇਕ ਅਜੀਬ ਘਟਨਾ ਵਾਪਰੀ। ਕਿਸੇ ਵਿਅਕਤੀ ਨੇ ਸ੍ਰ. ਜੱਸਾ ਸਿੰਘ ਨੂੰ ਜਾ ਆਖਿਆ ਕਿ ਗੁਰੂਗੋਬਿੰਦ ਸਿੰਘ ਜੀ ਨੇ ਕਿਹਾ ਸੀ ਕਿ ਸਰਹਿੰਦ ਦੀ ਇਟ ਇਟ ਉਖਾੜੀ ਜਾਏਗੀ ਅਤੇ ਇਥੇ ਖੋਤਿਆਂ ਦੇ ਹਲ ਵਗਣਗੇ। ਇਸ ਗੱਲਾ ਦਾ ਭਾਵੇਂ ਕੋਈ ਠੋਸ ਇਤਿਹਾਸਕ ਸਬੂਤ ਨਹੀਂ ਮਿਲਦਾ, ਪਰੰਤੂਸ. ਜੱਸਾ ਸਿੰਘ ਜੋ ਇਕ ਸੂਝਵਾਨ ਸਿੱਖ ਸੀ, ਨੇ

ਗੁਰੂਸਾਹਿਬ ਦੇ ਇਸ ਕਥਨ ਨੂੰ ਸੱਚ ਮੰਨਕੇ ਬਹੁਤ ਸਾਰੇ ਖੋਤੇ ਮੰਗਵਾਏ ਤੇ ਬਹੁਤ ਸਾਰੇ ਲੋਕਾਂ ਤੇ ਸਿੰਘਾਂ ਰਾਹੀਂ ਹਲ ਵਹਾ ਦਿੱਤੇ। ਸ਼ਹਿਰ ਦੇ ਬੜੇ ਬੜੇ ਮਕਾਨ ਤਾਂ ਇਸ ਵੇਲੇ ਹੀ ਢਹਿ ਢੇਰੀ ਹੋ ਗਏ ਸਨ, ਅਤੇ ਕੁਝ ਬਾਦ ਵਿਚ ਜਦੋਂ ਲੋਕ ਉਜੜ ਕੇ ਬਾਹਰ ਚਲੇ ਗਏ, ਡਿਗ ਪਏ। ਇਸ ਉਪਰੰਤ ਇਹ ਰਵਾਜ ਵੀ ਪੈ ਗਿਆ ਕਿ ਜੋ ਸਿੱਖ ਇਥੋਂ ਦੀ ਲੰਘਦਾ, ਉਹ ਇਕ ਇਟ ਆਪਣੇ ਨਾਲ ਲਿਜਾ ਕੇ ਸਤਲੁਜ ਜਾਂ ਜਮਨਾ ਜਾਂ ਸਰਿਹੰਦ ਦੀ ਜੂਹ ਤੋਂ ਪਰੇ ਸੁਟਦਾ।

ਸਰਹਿੰਦ ਦੀ ਫਤਿਹ ਮਗਰੋਂ ਇਸ ਫੌਜਦਾਰੀ ਦਾ ਸਾਰਾ ਇਲਾਕਾ ਦੁਰਾਨੀਆਂ ਦੇ ਜੂਲੇ ਹੇਠੋਂ ਨਿਕਲ ਕੇ ਸਿੰਘਾਂ ਦੇ ਕਬਜ਼ੇ ਵਿਚ ਆ ਗਿਆ। ਇਸਦੀ ਲੰਮਾਈ ਲਗਭਗ 220 ਮੀਲ ਅਤੇ ਚੌੜਾਈ 160 ਮੀਲ ਸੀ ਅਤੇ ਇਸਦੀਆਂ ਹੱਦਾਂ ਉੱਤਰ ਨੂੰ ਸਤਲੁਜ ਤੋਂ ਲੈ ਕੇ ਕਰਨਾਲ ਅਤੇ ਰੋਹਤਕ ਤਕ ਸਨ ਅਤੇ ਪੂਰਵ ਵਲੋਂ ਜਮਾਨਾ ਤੋਂ ਬਹਾਵਲਪੁਰ ਦੇ ਇਲਾਕੇ ਤਕ ਸਨ। ਹੁਣ ਦੁਕਾਨਦਾਰ, ਸਰਦਾਰ ਇਲਾਕੇ ਵਿਚ ਫਿਰ ਨਿਕਲੇ ਤੇ ਥਾਉਂ ਥਾਈਂ ਆਪਣੀਆਂ ਆਪਣੀਆਂ ਪੈੜਾਂ ਜਮਾਂ ਲਈਆਂ।

ਸ਼ੁਕਰਚਕੀਆਂ, ਕਨ੍ਹੀਆਂ ਅਤੇ ਰਾਮਗੜ੍ਹੀਆਂ ਦਾ ਧਿਆਨ ਚੂੰਕਿ ਜਲੰਧਰ ਦੁਆਬ ਅਤੇ ਇਸ ਦੇ ਉੱਦਰ ਨੂੰ ਸੀ, ਇਸ ਲਈ ਇਨ੍ਹਾਂ ਤੋਂ ਬਿਨਾਂ ਹੋਰ ਸਾਰਿਆਂ ਨੇ ਸਰਹਿੰਦ ਦੀ ਵੰਡ ਵਿਚ ਕੁਝ ਨਾ ਕੁਝ ਹਿੱਸਾ ਜ਼ਰੂਰ ਆਪਣੇ ਕਬਜ਼ੇ ਵਿਚ ਕੀਤਾ। ਇਸ ਵੇਲੇ ਖਾਲਸੇ ਨੇ ਜਿਥੇ ਜਿਥੇ ਕਬਜ਼ੇ ਕੀਤੇ ਉਨ੍ਹਾਂ ਦਾ ਮੋਟਾ ਮੋਟਾ ਵੇਰਵਾ ਲੁਧਿਆਣਾ, ਅੰਬਾਲਾ ਅਤੇ ਸਮਾਣੇ ਦੀਆਂ ਪਹਿਲੀਆਂ ਬੰਦੋਬਸਤਾਂ ਦੀਆਂ ਰਿਪੋਰਟਾਂ ਵਿਚ ਦਿੱਤਾ ਹੋਇਆ ਹੈ। ਸ.ਜੱਸਾ ਸਿੰਘ ਆਹਲੂਵਾਲੀਆਂ ਚੂੰਕਿ ਸੁਤੰਤਰਤਾ ਦੀ ਇਸ ਲੜਾਈ ਅਤੇ ਜਿੱਤ ਵਿਚ ਪੰਥ ਦਾ ਬਾਦਸ਼ਾਹ, ਸੁਲਤਾਨੁਲਕੌਮ ਅਤੇ ਖਾਲਸੇ ਦਾ ਮੁਖੀ ਸਰਦਾਰ ਸੀ ਅਤੇ ਸੁਭਾਵਿਕ ਤੌਰ ਤੇ ਬੜਾ ਸੰਤੋਖੀ ਸੀ, ਇਸ ਲਈ ਉਸਨੇ ਇਥੇ ਆਪ ਕੋਈ ਇਲਾਕੇ ਨਹੀਂ ਮੱਲੇ ਸਨ ਕੇਵਲ ਨਾਮ ਮਾਤਰ ਹੀ ਨਿਸ਼ਾਨੀ ਦੇ ਤੌਰ ਤੇ ਪੰਜ ਪਿੰਡ ਨਾਰਾਇਨਗੜ੍ਹ, ਭੜੌਂਗ, ਸਰਵਾਲੀਆ, ਜਗਰਾਉਂ ਅਤੇ ਫਤਿਹਗੜ੍ਹ ਉਤੇ ਆਪਣੀ ਮੇਰ ਰਖੀ।

ਸਰਹਿੰਦ ਸ਼ਹਿਰ ਨੂੰ ਗੁਰੂਦੀ ਮਾਰੀ ਨਗਰੀ ਸਮਝ ਕੇ ਕੋਈ ਲੈਣ ਨੂੰ ਤਿਆਰ ਨਹੀਂ ਸੀ, ਅਤੇ ਸ. ਜੱਸਾ ਸਿੰਘ ਜੀ ਨੇ ਫੈਸਲਾ ਕੀਤਾ ਕਿ ਸਰਹਿੰਦ ਦੇ ਉਸ ਇਕ ਮਹੱਲੇ ਦੇ ਲੋਕ ਜੋ ਉਜਾੜੇ ਨਹੀਂ ਗਏ ਸਨ ਜਿਸ ਸਰਦਾਰ ਦਾ ਪੱਲਾ ਫੜ ਲੈਣ, ਉਸਦਾ ਨਾਉਂ ਗੁਰੂਪੰਥ ਵਲੋਂ ਪ੍ਰਵਾਨ ਕਰ ਲਿਆ ਜਾਵੇ। ਉਸਨੂੰ ਕੋਈ ਦੋਸ਼ ਨਹੀਂ ਹੋਵੇਗਾ। ਸ਼ਹਿਰ ਦੇ ਲੋਕਾਂ ਨੇ ਭਾਈ ਬੁੱਢਾ ਸਿੰਘ ਦਾ ਪੱਲਾ ਫੜ ਲਿਆ। ਸਾਰੇ ਦਲਾਂ ਨੇ ਅਰਦਾਸ ਕਰ ਦਿਤੀ। ਪਰੰਤੂਭਾਈ ਜੀ ਵੀ ਇਸ ਨੂੰਰਖ ਕੇ ਖੁਸ਼ ਨਹੀਂ ਸਨ। ਇਸ ਲਈ ਉਨ੍ਹਾਂ ਨੇ ਪੰਝੀ ਹਜ਼ਾਰ ਰੁਪਈਆਂ ਲੈ ਕੇ ਇਸ ਦਾ ਪ੍ਰਬੰਧ 2 ਅਗਸਤ ਸੰਨ 1764 ਈ. ਨੂੰ ਬਾਬਾ ਆਲਾ ਸਿੰਘ ਨੂੰ ਦੇ ਦਿੱਤਾ। ਦੋ ਵਰ੍ਹੇ ਪਿਛੋਂ ਮਹਾਰਾਜਾ ਅਮਰ ਸਿੰਘ ਨੇ ਭਾਈ ਬੁਢਾ ਸਿੰਘ ਨੂੰ ਬਾਰਾਂ ਪਿੰਡ ਆਦਮਪੁਰ ਅਤੇ ਟੋਰਮੱਲ ਆਦਿ ਦੇ ਕੇ ਇਹ ਸ਼ਹਿਰ ਪੱਕੀ ਤਰ੍ਹਾਂ ਹੀ ਲੈ ਲਿਆ।

ਸਰਹਿੰਦ ਦੀ ਜਿੱਤ ਪਿੱਛੋਂ ਇਹ ਖਿਆਲ ਆਮ ਪ੍ਰਚਲਤ ਸੀ ਕਿ ਹੁਣ ਮਲੇਰਕੋਟਲਾ ਅਤੇ ਰਾਏ ਕੋਟ ਦੀ ਖੈਰ ਨਹੀਂ। ਪਰ ਸਿੰਘਾਂ ਨੇ ਇਨ੍ਹਾਂ ਦੋਹਾਂ ਸ਼ਹਿਰਾਂ ਨੂੰ ਉਕਾ ਹੀ ਕੁਝ ਨਾ ਆਖਿਆ। ਜਿੱਤ ਨੇ ਸਿੰਘਾਂ ਦੇ ਸਿਰ ਨਹੀਂ ਫੇਰੇ ਸਨ। ਸ. ਜੱਸਾ ਸਿੰਘ ਆਹਲੂਵਾਲੀਆਂ ਖਾਲਸੇ ਦੀ ਆਭਾ ਵਿਚ ਇਸ ਵਾਧੇ ਨੂੰ ਵਾਹਿਗੁਰੂਦੀ ਮਿਹਰ ਸਮਝਦਾ ਸੀ। ਫਿਰ ਉਹ

ਮਲੇਰਕੋਟਲਾ ਅਤੇ ਰਾਏਕੋਟ ਨੂੰ ਕਿਵੇਂ ਤਬਾਹ ਕਰ ਸਕਦਾ ਸੀ। ਉਨ੍ਹਾਂ ਨੂੰ ਯਾਦ ਸੀ ਕਿ ਜਿਸ ਵੇਲੇ ਵਜ਼ੀਰ ਖਾਨ ਨੇ ਸਰਹਿੰਦ ਵਿਚ ਸਾਹਿਬਜ਼ਾਦਿਆਂ ਨੂੰ ਕਤਲ ਕਰਨ ਦਾ ਹੁਕਮ ਕੀਤਾ ਸੀ ਤਾਂ ਉਥੇ ਬੈਠੇ ਮਲੇਰਕੋਟਲਾ ਦੇ ਨਵਾਬ ਸ਼ੇਰ ਮੁਹੰਮਦ ਖਾਂ ਨੇ ਉਸਨੂੰ ਵਰਜਣ ਦਾ ਜਤਨ ਕੀਤਾ ਸੀ ਅਤੇ ਜਦੋਂ ਉਸਦੀ ਪੇਸ਼ ਨਹੀਂ ਗਈ ਸੀ, ਤਾਂ ਉਹ ਹਾ ਦਾ ਨਾਅਰਾ ਮਾਰ ਕੇ ਉਥੋਂ ਉਠ ਆਇਆ ਸੀ। ਹਰ ਕਾਮਯਾਬੀ ਨੂੰ ਵਾਹਿਗੁਰੂ ਦਾ ਸ਼ੁਕਰ ਮੰਨਣ ਵਾਲੇ ਸਿੰਘ ਭਲਾ ਉਸਦੀ ਕੀਤੀ ਕਿਵੇਂ ਭੁਲਾ ਸਕਦੇ ਸਨ। ਇਸ ਤਰ੍ਹਾਂ ਰਾਏਕੋਟ ਦਾ ਹਾਕਮ ਰਾਏਕਲ੍ਹਾ ਦੇ ਵੰਸ਼ ਵਿਚੋਂ ਸੀ ਜਿਸ ਨੇ ਆਪਣਾ ਆਦਮੀ ਨੂਰ੍ਹਭੇਜ ਕੇ ਸਾਹਿਬਜ਼ਾਦਿਆਂ ਸੰਬੰਧੀ ਖਬਰ ਗੁਰੂਸਾਹਿਬ ਨੂੰ ਸਰਹਿੰਦ ਤੋਂ ਮੰਗਵਾ ਕੇ ਦਿਤੀ ਸੀ। ਕਿਸੇ ਵੀ ਸਿਖ ਮਿਸਲਦਾਰ ਜਾਂ ਸਰਦਾਰ ਨੇ ਇਸ ਵੰਨੀ ਕੈਰੀ ਅੱਖ ਨਾ ਕੀਤੀ ਅਤੇ ਜਗਰਾਉਂ ਦਾ ਇਲਾਕਾ ਮੁਸਲਮਾਨ ਹਾਕਮਾਂ ਪਾਸ ਹੀ ਰਹਿਣ ਦਿੱਤਾ।

## ਕਾਂਡ ਪੰਦਰਵਾਂ

# ਗੁਰੂ ਕੀ ਚਾਦਰ

ਸਰਹਿੰਦ ਦੀ ਲੁਟ ਵਿਚ ਬਹੁਤ ਸਾਰੀ ਮਾਤਰਾ ਵਿੱਚ ਧਨ ਸਿੰਘਾਂ ਦੇ ਹੱਥ ਲੱਗਾ ਸੀ। ਨੌ ਲੱਖ ਰੁਪਏ ਦੀ ਇਕ ਵੱਡੀ ਰਕਮ ਸ. ਜੱਸਾ ਸਿੰਘ ਆਹਲੂਵਾਲੀਆਂ ਦੇ ਹਿਸੇ ਆਈ ਸੀ। ਇਸ ਤਰ੍ਹਾਂ ਹੋਰਨਾਂ ਸਰਦਾਰਾਂ ਨੂੰ ਵੱਡੀਆਂ ਵੱਡੀਆਂ ਰਕਮਾਂ ਪ੍ਰਾਪਤ ਹੋਇਆਂ ਸਨ।

ਪਰ ਇਹ ਇਸ ਕੰਮ ? ਅਹਿਮਦਸ਼ਾਹ ਅਬਦਾਲੀ ਘਲੂਘਾਰੇ ਤੋਂ ਮੁੜਦਾ ਹੋਇਆ ਦਬਬਾਰ ਸਾਹਿਬ ਤੇ ਇਸ ਦੇ ਇਹਾਤੇ ਵਿਚ ਸਥਿਤ ਅਕਾਲ ਬੁੰਗਾ ਅਤੇ ਹੋਰ ਕਈ ਬੁੰਗੇ ਬਰੂਦ ਦੇ ਕੁਪਿਆਂ ਨਾਲ ਉੱਡਾ ਗਿਆ ਸੀ। ਅਜੇ ਤੀਕ ਨਾ ਤਾਂ ਹਰਮੰਦਰ ਸਾਹਿਬ ਦੀ ਇਮਾਰਤ ਬਣੀ ਸੀ ਤੇ ਨਾ ਅਕਾਲ ਤਖ਼ਤ ਅਤੇ ਹੋਰ ਬੁੰਗਿਆਂ ਦੀ ਸੇਵਾ ਕੀਤੀ ਗਈ ਸੀ। ਇਸ ਗੱਲ ਦੀ ਚੋਭ ਉਂਜ ਤਾਂ ਸਾਰੇ ਸਿਖ ਹੀ ਮਹਿਸੂਸ ਕਰਦੇ ਸਨ, ਪਰ ਜੱਸਾ ਸਿੰਘ ਦੀ ਪੀੜਾ ਅਣਆਲੀ ਸੀ। ਉਹ ਸਿਖੀ ਦੇ ਸੋਮੇ, ਟਕਸਾਲ ਅਤੇ ਸਿਖ ਜਗਤ ਦੇ ਹਾਵਾਂ-ਭਾਵਾਂ ਦਾ ਪ੍ਰਤੀਕ, ਟੇਕ ਅਤੇ ਆਸ਼ਾ ਦੇ ਚਿੰਨ੍ਹ ਦੁਬਾਰਾ ਪੁਰਾਣੀ ਆਭਾ ਵਿਚ ਦੇਖਣਾ ਚਾਹੁੰਦਾ ਸੀ। ਅਤੇ ਫਿਰ ਜਦੋਂ ਸਿਖਾਂ ਨੇ ਮੱਲਾਂ ਮਾਰ ਲਈਆਂ ਹੋਣ, ਇਨ੍ਹਾਂ ਦੇ ਵੈਰੀ ਭੈ-ਭੀਤ ਹੋ ਚੁਕੇ ਹੋਣ, ਉਨ੍ਹਾਂ ਕੋਲ ਧਨ ਦੀ ਕੋਈ ਥੁੜ ਨਾ ਰਹਿ ਗਈ ਹੋਵੇ, ਦਰਬਾਰ ਸਾਹਿਬ ਦੀ ਸੇਵਾ ਵਲੋਂ ਢਿਲ ਜੱਸਾ ਸਿੰਘ ਕਿਵੇਂ ਬਰਦਾਸ਼ਤ ਕਰ ਸਕਦਾ ਸੀ? ਉਸਨੇ ਤਹੀਆ ਕਰ ਲਿਆ ਕਿ ਉਹ ਆਪਣੇ ਹਿੱਸੇ ਦੀ ਰਕਮ ਵਿਚੋਂ ਇਕ ਪੈਸਾ ਵੀ ਆਪਣੇ ਨਿੱਜ ਲਈ ਖ਼ਰਚ ਨਹੀਂ ਕਰੇਗਾ।

ਉਸਨੇ ਅਰਦਾਸ ਕੀਤੀ। ਸਰਬੱਤ ਖਾਲਸੇ ਦੀ ਸਭਾ ਬੁਲਾਈ। ਦਰਬਾਰ ਸਾਹਿਬ ਦੀ ਸੇਵਾ ਲਈ ਮਾਇਆ ਇੱਕਠੀ ਕਰਨ ਵਾਸਤੇ ਇਕ ਚਾਦਰ ਵਿਛਾ ਦਿਤੀ ਜਿਸ ਨੇ ਸਭ ਤੋਂ ਪਹਿਲਾਂ ਉਸਨੇ ਆਪਣੇ ਨੌ ਲੱਖ ਰੁਇਆ ਢੇਰੀ ਕਰ ਦਿੱਤਾ। ਦੂਸਰੇ ਸਰਦਾਰਾਂ ਨੈ ਵੀ ਯਥਾ ਸ਼ਕਤ ਮਾਇਆ ਉਥੇ ਰਖ ਦਿੱਤੀ। ਇਕ ਅੰਦਾਜ਼ੇ ਅਨੁਸਾਰ ਕੁਝ ਹੀ ਪੱਲਾਂ ਵਿਚ 24 ਲੱਖ ਦੀ ਰਕਮ ਇੱਕਠੀ ਹੋ ਗਈ। ਇਹ ਸਾਰੀ ਰਕਮ ਭਾਈ ਦੇਸ ਰਾਜ ਬਿੱਧੀ-ਚੰਦੀਏ ਦੇ ਹਵਾਲੇ ਕਰ ਦਿੱਤੀ ਤਾਂ ਕਿ ਦਰਬਾਰ ਸਾਹਿਬ ਦੀ ਸੇਵਾ ਤੇ ਲਾ ਦਿੱਤੀ ਜਾਵੇ। ਭਾਈ ਦੇਸ ਰਾਜ ਨੇ ਬੜੀ ਈਮਾਨਦਾਰੀ ਤੇ ਸ਼ਰਧਾ ਸਹਿਤ ਸੇਵਾ ਨਿਭਾਈ। ਇਹ ਚਾਦਰ ਇਤਿਹਾਸ ਵਿਚ 'ਗੁਰੂ ਕੀ ਚਾਦਰ' ਦੇ ਨਾਮ ਨਾਲ ਪਰਸਿਧ ਹੈ।

## ਕਾਂਡ ਸੋਲਵਾਂ

# ਜਵਾਹਰ ਸਿੰਘ ਭਰਤਪੁਰੀਏ ਦੀ ਸਹਾਇਤਾ

ਸਰਹਿੰਦ ਦੀ ਫਤਿਹ ਤੋਂ ਪਿਛੋਂ ਤੁਰਨਾ ਦਲ ਦੇ ਸਿੰਘਾਂ ਨੇ ਜਲੰਧਰ ਦੁਆਬ, ਦੁਆਬਾ ਬਾਰੀ ਤੇ ਦੁਆਬਾ ਰਚਨਾ ਦੇ ਵੱਖ ਵੱਖ ਇਲਾਕਿਆਂ ਤੇ ਸਹਿਜੇ ਹੀ ਮੁੜ ਕਬਜ਼ਾ ਜਮਾ ਲਿਆ। ਜਲੰਧਰ ਦੁਆਬ ਦਾ ਫ਼ੌਜਦਾਰ ਸਰਹਿੰਦ ਦੇ ਫ਼ੌਜਦਾਰ ਜੈਨ ਖ਼ਾਂ ਦੀ ਮੌਤ ਤੋਂ ਡਰਦਾ ਹੋਇਆ ਚੁਪ ਕਰ ਕੇ ਖਿਸਕ ਗਿਆ। ਲਾਹੌਰ ਦਾ ਹਾਕਮ ਕਾਬੁਲੀ ਮੱਲ ਵੀ ਠਠੰਬਰ ਗਿਆ। ਖਾਲਸੇ ਦੀ ਪਹਿਲੀ ਟੱਕਰ ਇਥੇ ਉਬੈਦ ਖ਼ਾਨ ਨਾਲ ਹੋਈ ਜਿਸ ਵਿਚ ਉਹ ਮਾਰਿਆ ਗਿਆ। ਕਾਬੁਲੀ ਮੱਲ ਨੇ ਈਨ ਮੰਨ ਲਈ ਅਤੇ ਸਿੰਘਾਂ ਦੇ ਕਹਿਣ ਤੇ ਲਾਹੌਰ ਦੇ ਪਤਵੰਤਿਆਂ ਦੀ ਸਲਾਹ ਨਾਲ ਉਨ੍ਹਾਂ ਤਿੰਨ ਕਸਾਈਆਂ ਦੇ ਹੱਥ ਅਤੇ ਨੱਕ ਕਟਵਾ ਦਿੱਤੇ ਜਿਨ੍ਹਾਂ ਨੇ ਹਿੰਦੂਆਂ ਦੇ  ਧਾਰਮਕ ਹਾਵਾਂ-ਭਾਵਾਂ ਨੂੰ ਠੇਸ ਪਹੁੰਚਾਈ ਸੀ। ਉਪਰੰਤ ਉਸ ਨੇ ਨਜ਼ਰਾਨਾ ਵੀ ਪੇਸ਼ ਕੀਤਾ ਅਤੇ ਇਸ ਤਰ੍ਹਾਂ ਲਾਹੌਰ ਦੀ ਰਾਜਧਾਨੀ ਵਿਚ ਪਹਿਲੀ ਵਾਰੀ ਖਾਲਸੇ ਦੀ ਈਨ ਮੰਨੇ ਜਾਣ ਦਾ ਮੁਢ ਬਝ ਗਿਆ।

ਲਾਹੌਰ ਤੋਂ ਅੱਠ ਕੁ ਮੀਲ ਦੀ ਦੂਰੀ ਤੇ ਨਿਆਜ਼ਬੇਗ ਵਿਚ ਸਰਦਾਰ ਸੋਭਾ ਸਿੰਘ ਦਾ ਕਬਜ਼ਾ ਸੀ ਅਤੇ ਉਥੇ ਉਹ ਜਗਾਤ ਉਗਰਾਹ ਰਿਹਾ ਸੀ। ਇਸ ਤਰ੍ਹਾਂ ਦਰਿਆ ਚਨਾਬ ਤੋਂ ਚੜ੍ਹਦੇ ਵਲ ਦੁਰਾਨੀਆਂ ਦੀ ਹਕੂਮਤ ਕੇਵਲ ਲਾਹੌਰ ਸ਼ਹਿਰ ਅਤੇ ਕਿਲ੍ਹੇ ਤਕ ਰਹਿ ਗਈ ਸੀ। ਦਰਿਆ ਚਨਾਬ ਤੋਂ ਪੱਛਮ ਨੂੰ ਜਿਹਲਮ ਤਕ ਅਤੇ ਦੱਖਣ-ਲਹਿੰਦੇ ਨੂੰ ਮੁਲਤਾਨ ਵਲੋਂ ਜੋ ਕੁਝ ਉਨ੍ਹਾਂ ਦਾ ਅਸਰ ਸੀ ਉਸ ਦਾ ਅੰਤ ਸਰਦਾਰ ਚੜ੍ਹਤ ਸਿੰਘ ਅਤੇ ਭੰਗੀ ਸਰਦਾਰਾਂ ਨੇ ਸੰਨ 1764 ਦੀਆਂ ਗਰਮੀਆਂ ਵਿਚ ਕਰ ਦਿੱਤਾ। ਇਸ ਕਾਰਜ ਦੇ ਦੌਰਾਨ ਚੜ੍ਹਤ ਸਿੰਘ ਨੇ ਅਹਿਮਦਸ਼ਾਹ ਅਬਦਾਲੀ ਦੇ ਚਾਚੇ ਸਰਬੁਲੰਦ ਖਾਂ ਨੂੰ ਗੁਜਰਾਤ ਦੇ ਕਿਲ੍ਹੇ ਵਿਚ ਘੇਰ ਲਿਆ। ਚਾਰ ਮਹੀਨੇ ਘੇਰਾ ਪਿਆ ਰਿਹਾ ਅਤੇ ਕਿਲ੍ਹਾ ਸਰ ਨਾ ਹੋਇਆ। ਹੁਣ ਚੜ੍ਹਤ ਸਿੰਘ ਨੇ ਆਪਣੇ ਸਹਾਇਕ ਸਰਦਾਰਾਂ ਨਾਲ ਸਲਾਹ ਕਰਕੇ ਘੇਰਾ ਚੁਕ ਲਿਆ ਅਤੇ ਪਿਛੇ ਹਟਣ ਦਾ ਬਹਾਨਾ ਕੀਤਾ। ਜਦੋਂ ਸਰਬੁਲੰਦ ਖ਼ਾਨ ਸਿੰਘਾਂ ਦੇ ਪਿਛੇ ਪੈਣ ਲਈ ਬਹਾਰ ਨਿਕਲਿਆ ਤਾਂ ਸਰਦਾਰ ਚੜ੍ਹਤ ਸਿੰਘ ਨੇ ਇਕ ਦਮ ਹਮਲਾ ਕਰ ਕੇ ਉਸ ਨੂੰ ਆਪਣੇ ਕਬਜ਼ੇ ਵਿਚ ਕਰ ਲਿਆ। ਸਰਦਾਰ ਚੜ੍ਹਤ ਸਿੰਘ ਨੇ ਉਸ ਨਾਲ ਬਹੁਤ ਚੰਗਾ ਵਰਤਾਉ ਕੀਤਾ। ਉਸਨੇ ਹੈਰਾਨ ਹੋ ਕਿ ਕਿਹਾ ਕਿ ਜੇ ਤੂੰ ਬਾਦਸ਼ਾਹ ਬਣ ਜਾਵੇਂ ਤਾਂ ਮੈਂ ਤੇਰਾ ਫ਼ੌਜਦਾਰ ਬਣ ਕੇ ਸੇਵਾ ਕਰਨ ਨੂੰ ਤਿਆਰ ਹਾਂ। ਸਰਦਾਰ ਨੇ ਅਗੋਂ ਉਤਰ ਦਿੱਤਾ, ਪਾਦਸ਼ਾਹੀ ਤਾਂ ਸਤਿਗੁਰੂ ਨੇ ਖਾਲਸੇ ਨੂੰ ਅਗੇ ਹੀ ਬਖ਼ਸ਼ੀ ਹੋਈ ਹੈ ਅਸੀਂ ਤਾ ਤੈਨੂੰ ਇਸ ਕਰਕੇ ਕੈਦ ਵਿਚ ਰਖਣਾ ਹੈ ਕਿ ਦੁਨੀਆਂ ਨੂੰ ਪਤਾ ਲਗ ਜਾਏ ਕਿ ਚੜ੍ਹਤ ਸਿੰਘ ਨੇ ਅਹਿਮਦਸ਼ਾਹ ਬਾਦਸ਼ਾਹ ਦੇ ਚਾਚੇ ਨੂੰ ਵੀ ਪਕੜ ਰਖਿਆ ਹੈ। ਇਹ ਸੁਣ ਕੇ ਸਰਬੁਲੰਦ ਖ਼ਾਨ ਨੇ ਕਿਹਾ ਕਿ ਮੈਨੂੰ ਛਡ ਦੇਣ ਵਿਚ ਤੇਰੀ ਹੋਰ ਵੀ ਜ਼ਿਆਦਾ ਸ਼ੋਭਾ ਹੋਵੇਗੀ ਕਿ ਚੜ੍ਹਤ ਸਿੰਘ ਨੇ ਅਹਿਮਦ ਸ਼ਾਹ ਅਬਦਾਲੀ ਦੇ ਚਾਚੇ ਨੂੰ ਛੱਡ ਦਿੱਤਾ। ਇਸ ਉਤੇ ਚੜ੍ਹਤ ਸਿੰਘ ਨੇ ਸਰਬੁਲੰਦ ਖ਼ਾਨ ਨੂੰ ਬੜੇ ਸਤਿਕਾਰ ਨਾਲ ਵਿਦਿਆ ਕਰ ਦਿੱਤਾ। ਇਸ ਜਿਤ ਦੇ ਸਿੱਟੇ ਵਜੋਂ ਜਿਹਲਮ ਅਤੇ ਸਿੰਧ ਦੇ ਵਿਚਕਾਰ ਦਾ ਸਾਰਾ ਇਲਾਕਾ ਖਾਲਸੇ ਦੇ ਹੱਕ ਵਿਚ ਆ ਗਿਆ ਜੋ ਸ: ਚੜ੍ਹਤ ਸਿੰਘ ਅਤੇ ਭੰਗੀ ਸਰਦਾਰਾਂ ਨੇ ਆਪਸ ਵਿਚ ਵੰਡ ਲਿਆ। ਉਪਰੰਤ ਸਰਦਾਰ ਹਰੀ ਸਿੰਘ ਭੰਗੀ, ਹੀਰਾ ਸਿੰਘ ਨਕਈ ਨੇ ਮੁਲਤਾਨ ਮਾਰ ਲਿਆ ਅਤੇ ਦਰਿਆ ਸਿੰਧ ਤੋਂ ਪਰੇ ਡੇਰਾ ਇਸਮਾਈਲ ਖ਼ਾਂ ਅਤੇ ਡੇਰਾ ਗਾਜ਼ੀ ਖਾਨ ਤਕ ਪੁਜ ਗਏ।

ਇਨ੍ਹੀਂ ਦਿਨੀਂ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਪਾਸ ਭਰਤਪੁਰ ਦੇ ਨਰੇਸ਼ ਸੁਰਗਵਾਸੀ ਸੂਰਜ ਮੱਲ ਜਾਟ ਦੇ ਪੁੱਤਰ ਰਾਜਾ ਜਵਾਹਰ ਸਿੰਘ ਦੇ ਵਕੀਲ ਆਏ ਅਤੇ ਬੇਨਤੀ ਕੀਤੀ ਕਿ ਨਜੀਬੁਦੌਲਾ ਰੁਹੇਲਾ ਸਾਡੇ ਇਲਾਕੇ ਵਿਚ ਊਧਮ ਮਚਾ ਰਿਹਾ ਹੈ। ਕਿਰਪਾ ਕਰਕੇ ਸਹਾਇਤਾ ਕੀਤੀ ਜਾਏ। ਇਹ ਬੇਨਤੀ ਜੱਸਾ ਸਿੰਘ ਆਹਲੂਵਾਲੀਆ ਨੇ ਮੰਨ ਲਈ। ਇਸ ਦੇ ਕਈ ਕਾਰਣ ਸਨ। ਪਹਿਲਾ, ਨਜੀਬਉਦੌਲਾ ਅਹਿਮਦ ਸ਼ਾਹ ਅਬਦਾਲੀ ਦਾ ਬੜਾ ਵੱਡਾ ਹਮਾਇਤੀ ਤੇ ਹੱਥ-ਠੋਕਾ ਸੀ। ਉਸ ਦੀ ਹਾਰ ਨਾਲ ਦੁਰਾੱਨੀਆਂ ਦੀ ਤਾਕਤ ਹੋਰ ਘਟਣੀ ਲਾਜ਼ਮੀ ਸੀ। ਦੂਜੇ, ਪੰਜਾਬ ਤੋਂ ਬਾਹਰ ਸਿੰਘਾਂ ਦਾ ਰੁਹਬ ਜੰਮ ਜਾਏਗਾ ਅਤੇ ਮਾਲਵੇ ਦੇ ਸਿੱਖ ਸਰਦਾਰਾਂ ਲਈ ਇਲਾਕੇ ਫਤਿਹ ਕਰਨੇ ਸੌਖੇ ਹੋ ਜਾਣਗੇ।

ਉਪਰੋਕਤ ਸੋਚ ਦੇ ਸਨਮੁਖ, ਜਵਾਹਰ ਸਿੰਘ ਦੀ ਸਹਾਇਤਾ ਕਰਨ ਦਾ ਸਭ ਤੋਂ ਵਧੀਆ ਤਰੀਕਾ ਇਹ ਮਿਥਿਆ ਗਿਆ ਕਿ ਨਜੀਬਉਦੋਲਾ ਦੇ ਇਲਾਕੇ ਉਤੇ ਹੱਲਾ ਬੋਲ ਦਿੱਤਾ ਜਾਏ ਤਾਂ ਕਿ ਉਸ ਨੂੰ ਭਰਤਪੁਰ ਤੋਂ ਫ਼ੌਜ ਹਟਾਣੀ ਪਵੇ।

ਇੰਜ ਹੀ ਕੀਤਾ ਗਿਆ। ਸਰਦਾਰ ਜੱਸਾ ਸਿੰਘ ਦੀ ਕਮਾਨ ਹੇਠ 40 ਹਜ਼ਾਰ ਦੇ ਕਰੀਬ ਸਿੰਘਾਂ ਨੇ ਸਹਾਰਨਪੁਰ ਤੇ ਕਬਜ਼ਾ ਕਰ ਲਿਆ। ਇਥੋਂ ਵਖ ਵਖ ਥਾਵਾਂ ਮਿਥ ਕੇ ਮਿਸਲਦਾਰ ਸਰਦਾਰ ਆਪਣੇ ਆਪਣੇ ਨਿਸ਼ਾਨੇ ਵਲ ਨੂੰ ਹੋ ਪਏ। ਇਹ ਖ਼ਬਰ ਸੁਣਦਿਆਂ ਸਾਰ ਨਜੀਬਉਦੌਲਾ ਨੇ ਭਰਤਪੁਰ ਦਾ ਘੇਰਾ ਉਠਾਇਆ ਅਤੇ ਵਾਪਸ ਆਪਣੇ ਇਲਾਕੇ ਵਿਚ ਪਹੁੰਚ ਗਿਆ। ਇਥੇ ਉਸ ਦੇ ਭਾ ਦੀ ਬਣ ਗਈ। ਜੇ ਉਹ ਇਕ ਪਾਸੇ ਵਲ ਧਿਆਨ ਕਰਦਾ ਤਾਂ ਦੂਜੇ ਪਾਸੇ ਸਿੱਖ ਹਮਲਾ ਕਰ ਦਿੰਦੇ। ਥੋੜੇ ਹੀ ਚਿਰ ਵਿਚ ਖਾਲਸੇ ਨੇ ਸ਼ਾਮਲੀ, ਕਾਂਧਲਾ, ਅੰਬਨੀ, ਮੀਰਾਂਪੁਰ, ਦਿਓਬੰਦ, ਮੁਜਬੁਦੌਲਾ ਨੂੰ ਸਾਹੋਸਾਹੀ ਕਰ ਦਿੱਤਾ। ਅਜਿਹੀ ਜਟਿਲ ਅਵਸਥਾ ਦੇ ਸਨਮੁਖ, ਨਜੀਬੁਦੌਲਾ ਨੇ ਖਾਲਸੇ ਪਾਸ ਵਕੀਲ ਭੇਜੇ ਅਤੇ ਗਿਆਰਾਂ ਲਖ ਰੁਪਈਆ ਨਜ਼ਰਾਨੇ ਵਜੋਂ ਭੇਟ ਕੀਤਾ।

ਹੁਣ ਸਿੱਖਾਂ ਦਾ ਮਤਲਬ ਪੂਰਾ ਹੋ ਚੁਕਿਆ ਸੀ। ਇਸ ਲਈ ਸ: ਜੱਸਾ ਸਿੰਘ ਨੇ ਹੋਰਨਾਂ ਸਰਦਾਰਾਂ ਸਮੇਤ ਪੰਜਾਬ ਵਲ ਵਾਗਾਂ ਮੋੜ ਲਈਆਂ ਅਤੇ ਇਥੇ ਫਰਵਰੀ 1764 ਦੇ ਅੰਤ ਵਿਚ ਪੁੱਜ ਗਏ।

ਪਰ ਅਜੇ ਜਵਾਹਰ ਮੱਲ ਦਾ ਮਨ ਪਤੀਜਿਆ ਨਹੀਂ ਸੀ। ਉਹ ਵਾਸਤਵ ਵਿਚ ਆਪਣੇ ਪਿਤਾ ਕਰਨ ਮੱਲ ਦੇ ਕਤਲ ਦਾ ਬਦਲਾ ਨਜੀਬ ਪਾਸੋਂ ਲੈਣਾ ਚਾਹੁੰਦਾ ਸੀ। ਉਸ ਨੇ ਉਪਰੋਕਤ ਘਟਨਾ ਦੇ ਤੁਰੰਤ ਪਿੱਛੋਂ ਮਲਹਾਰ ਰਾਓ ਹੌਲਕਰ ਨਾਲ ਗੰਢ ਤੁਪ ਕਰ ਲਈ ਅਤੇ ਖਾਲਸਾ ਜੀ ਨੂੰ ਸਹਾਇਤਾ ਲਈ ਲਿਖਿਆ। ਨਜੀਬੁਦੌਲਾ ਇਸ ਵੇਲੇ ਦਿੱਲੀ ਵਿਚ ਅਹਿਮਦਸ਼ਾਹ ਦੁਰਾਨੀ ਵਲੋਂ ਮੁਗ਼ਲ ਬਾਦਸ਼ਾਹ ਸ਼ਾਹ ਆਲਮ ਦੂਜੇ ਪਾਸ ਵਕੀਲੇ-ਮੁਤਲਕ ਅਰਥਾਤ ਕੁੱਲੀ-ਕਾਰ-ਮੁਖ਼ਤਾਰ ਸੀ। ਇਸ ਲਈ ਜਵਾਹਰ ਸਿੰਘ ਨੇ ਦਿੱਲੀ ਉਤੇ ਧਾਵਾ ਬੋਲ ਦਿੱਤਾ ਅਤੇ 15-16 ਨਵੰਬਰ 1764 ਨੂੰ ਪਹਿਲੀਆਂ ਟਕਰਾਂ ਹੋਈਆਂ। ਇਸ ਵੇਲੇ ਮਲਹਾਰ ਰਾਉ ਤਮਾਸ਼ਾ ਵੇਖਦਾ ਰਿਹਾ ਅਤੇ ਉਸ ਨੇ ਕੋਈ ਵਿਸ਼ੇਸ਼ ਮਦਦ ਨਾ ਕੀਤੀ।

ਸਰਦਾਰ ਜੱਸਾ ਸਿੰਘ ਆਹਲੂਵਾਲੀਆ ਵੀ ਦਲ ਖਾਲਸਾ ਦੇ ਪੰਦਰਾਂ ਹਜ਼ਾਰ ਸਿੰਘਾਂ ਨਾਲ ਦਸੰਬਰ 1764 ਦੇ ਅੰਤਲੇ ਜਾਂ ਜਨਵਰੀ 1765 ਦੇ ਪਹਿਲੇ ਦਿਨੀਂ ਦਿਲੀ ਜਾ ਪਹੁੰਚਿਆ।

ਜਵਾਹਰ ਸਿੰਘ ਉਸ ਨੂੰ ਬਰਾਰੀ ਘਾਟ ਤੇ ਮਿਲਣ ਲਈ ਗਿਆ। ਉਸ ਵੇਲੇ ਦੀਵਾਨ ਸਜਿਆ ਹੋਇਆ ਸੀ।

ਜਵਾਹਰ ਸਿੰਘ ਦੇ ਨਾਲ ਹੀ ਉਸ ਦਾ ਅਰਦਲੀ ਹੁੱਕਾ ਚੁੱਕੀ ਆ ਗਿਆ। ਸਿੰਘਾਂ ਨੇ ਉਸ ਨੂੰ ਬਾਹਰ ਹੀ ਰੋਕ ਦਿੱਤਾ। ਗੱਲਬਾਤ ਹੋਈ, ਹੋਣ ਪਿੱਛੋਂ ਅਰਦਾਸੀਏ ਸਿੰਘ ਨੇ ਇਹ ਸ਼ਬਦ ਆਖੇ, "ਹੇ ਸਤਿਗੁਰੂ ਸੂਰਜ ਮੱਲ ਦਾ ਪੁੱਤਰ ਜਵਾਹਰ ਸਿੰਘ ਗੁਰੂ ਨਾਨਕ ਦਾ ਸ਼ਰਧਾਲੂ ਖਾਲਸਾ ਜੀ ਦੀ ਸ਼ਰਣ ਆਇਆ ਹੈ। ਆਪ ਦੀ ਕਿਰਪਾ ਨਾਲ ਆਪਣੇ ਪਿਉ ਦਾ ਬਦਲਾ ਲੈਣਾ ਚਾਹੁੰਦਾ ਹੈ ਆਦਿ।" ਜਵਾਹਰ ਸਿੰਘ ਨੂੰ ਖਾਲਸਾ ਰਹੁਰੀਤੀ ਦਾ ਪਤਾ ਨਹੀਂ ਸੀ। ਉਸ ਨੂੰ ਪਤਾ ਨਹੀਂ ਸੀ ਕਿ ਸਿੰਘਾਂ ਲਈ ਹੁੱਕਾ ਪੀਣਾ ਜਾ ਉਸ ਨੂੰ ਛੂਣਾ ਕੁਰਹਿਤ ਹੈ। ਨਾ ਹੀ ਉਸ ਨੂੰ ਖ਼ਾਲਸਈ ਦੀਵਾਨਾਂ ਦੀ ਰੂਪ ਰੇਖਾ ਸੰਬੰਧੀ ਕੋਈ ਜਾਣਕਾਰੀ ਨਹੀਂ ਸੀ। ਉਹ ਤਾਂ ਆਪਣੇ ਹੀ ਦਰਬਾਰਾਂ ਦਾ ਹਿਲਿਆ ਹੋਇਆ ਸੀ ਜਿਥੇ ਉਸ ਦੇ ਪੈਰ ਰਖਦਿਆਂ ਸਾਰ ਸਾਰੇ ਉਠ ਕੇ ਖੜੇ ਜਾਂਦੇ ਸਨ। ਪਰ ਖ਼ਾਲਸਈ ਦੀਵਾਨਾਂ ਵਿਚ ਆਉਣ ਵਾਲਾ ਵਿਅਕਤੀ ਹੱਥ ਖੱਬੇ ਬੈਠੀ ਸੰਗਤ ਨੂੰ ਬੜੀ ਅਧੀਨਗੀ ਨਾਲ ਫਤਹਿ ਬੁਲਾਉਂਦਾ ਹੈ ਅਤੇ ਜਿਥੇ ਥਾਂ ਮਿਲੇ ਬੈਠ ਜਾਂਦਾ ਹੈ। ਰਾਜਾ ਅਰ ਰੰਕ ਵਿਚ ਕੋਈ ਫਰਕ ਨਹੀਂ ਸਮਝਿਆ ਜਾਂਦਾ। ਇਸ ਲਈ ਸਿੰਘਾਂ ਵਲੋਂ ਉਸ ਦੇ ਹੁਕਈ ਨੂੰ ਰੋਕਣਾ ਉਸਨੂੰ ਚੰਗਾ ਨਾ ਲਗਿਆ ਤੇ ਨਾ ਹੀ ਉਸ ਦੇ ਮਨ ਨੂੰ ਦੀਵਾਨ ਦੇ ਤੌਰ ਤਰੀਕੇ ਭਾਏ। ਭਾਵੇਂ ਇਹ ਸਭ ਕੁਝ ਉਸ ਦੀ ਆਪਣੀ ਨਾਵਾਕਫ਼ੀ ਦੇ ਕਾਰਣ ਸੀ, ਪਰ ਉਸ ਨੂੰ ਇਸ ਵੇਲੇ ਖ਼ਾਲਸਾ ਜੀ ਦੀ ਸਹਾਇਤਾ ਦੀ ਲੋੜ ਸੀ, ਇਸ ਲਈ ਉਸ ਨੇ ਕੋਈ ਗੱਲ ਵਧਾਈ ਨਹੀਂ।

ਸ: ਜੱਸਾ ਸਿੰਘ ਦੀ ਸਰਦਾਰੀ ਹੇਠ ਖ਼ਾਲਸੇ ਨੇ ਸਬਜ਼ੀ ਮੰਡੀ ਵਲੋਂ ਦਿਲੀ ਤੇ ਹਮਲਾ ਕਰ ਦਿੱਤਾ। ਨਜੀਬੁਦੌਲਾ ਅਤੇ ਸਿੱਖਾਂ ਵਿਚਕਾਰ ਇਕ ਤਕੜੀ ਲੜਾਈ ਹੋਈ ਜਿਸ ਵਿਚ ਰੁਹੇਲਿਆਂ ਨੂੰ ਹਾਰ ਹੋਈ।

ਇੰਨੇ ਨੂੰ ਸੂਚਨਾ ਪੁਜੀ ਕਿ ਨਜੀਬੁਦੌਲਾ ਦੇ ਨਿਮੰਤ੍ਰਿਤ ਕਰਨ ਉਤੇ ਅਹਿਮਦ ਸ਼ਾਹ ਅਬਦਾਲੀ ਪੰਜਾਬ ਵਿਚ ਆ ਪੁਜਿਆ ਹੈ। ਇਸ ਦੌਰਾਨ ਦਿੱਲੀ ਦੀ ਰਾਜਨੀਤੀ ਵਿਚ ਵੀ ਕਾਫ਼ੀ ਤਬਦੀਲੀ ਆ ਗਈ।

ਮਰਾਠਿਆਂ ਨੂੰ ਫ਼ਿਕਰ ਪੈ ਗਿਆ ਅਤੇ ਮਲਹਾਰ ਰਾਓ ਹੁਲਕਰ ਨੇ ਨਜੀਬੁਦੌਲਾ ਨਾਲ ਸੁਲਾਹ ਕਰ ਲਈ। ਇਮਾਦੁਲ ਮੁਲਕ ਗ਼ਾਜੀ-ਓ-ਦੀਨ ਵੀ ਜੋ ਸੂਰਜ ਮੱਲ ਦੇ ਸਮੇਂ ਤੋਂ ਭਰਤਪੁਰ ਵਿਖੇ ਪਨਾਹ ਗੁਜ਼ੀਰ ਸੀ ਅੰਦਰੋਂ ਨਜੀਬ ਨਾਲ ਇਕ ਸੁਰ ਹੋ ਗਿਆ। ਇਕਲਾ ਜਵਾਹਰ ਸਿੰਘ ਹੀ ਸੁਲਾਹ ਦੇ ਹੱਕ ਵਿਚ ਨਹੀਂ ਸੀ। ਅੰਤ ਉਸ ਨੇ ਵੀ ਸੁਲਾਹ ਦੀ ਗੱਲ ਪਰਵਾਨ ਕਰ ਲਈ। ਸਿੰਘਾਂ ਨੂੰ ਇਸ ਕੌਤਕ ਦਾ ਉਦੋਂ ਪਤਾ ਲਗਿਆ ਜਦੋਂ ਜਵਾਹਰ ਸਿੰਘ ਨੇ ਵਾਪਸ ਭਰਤਪੁਰ ਮੋੜੇ ਪਾ ਲਏ। ਹੁਣ ਸ: ਜੱਸਾ ਸਿੰਘ ਲਈ ਉਥੇ ਠਹਿਰਣ ਦਾ ਕੋਈ ਮਤਲਬ ਨਹੀਂ ਸੀ। ਉਧਰ ਅਹਿਮਦਸ਼ਾਹ ਅਬਦਾਲੀ ਪੰਜਾਬ ਵਿਚ ਆ ਪੁੱਜਾ ਸੀ ਅਤੇ ਉਸ ਦਾ ਪੰਜਾਬ ਵਿਚ ਪਹੁੰਚਣਾ ਬਹੁਤ ਜ਼ਰੂਰੀ ਸੀ।

## ਕਾਂਡ ਸਤ੍ਹਾਰਵਾਂ

# ਦੁਰਾਨੀ ਦੇ ਅੰਤਲੇ ਹਮਲੇ ਤੇ ਸ.ਜੱਸਾ ਸਿੰਘ

ਜਦੋਂ ਅਹਿਮਦ ਸ਼ਾਹ ਅਬਦਾਲੀ ਨੂੰ ਪਤਾ ਲਗਾ ਕਿ ਸਿੰਘਾਂ ਨੇ ਪੰਜਾਬ ਵਿਚੋਂ ਦੁਰਾਨੀਆਂ ਦਾ ਸਫ਼ਾਇਆਂ ਕਰ ਦਿੱਤਾ ਅਤੇ ਦਿੱਲੀ ਵਿਚ ਉਨ੍ਹਾਂ ਦਾ ਬੋਲ-ਬਾਲਾ ਹੋ ਗਿਆ ਹੈ, ਤਾਂ ਉਸਨੂੰ ਬਹੁਤ ਰੋਹ ਚੜ੍ਹਿਆ। ਉਸਨੂੰ ਇਹ ਫ਼ਿਕਰ ਵੀ ਖਾਣ ਲੱਗਾ ਕਿ ਕਿਥੇ ਉਹ ਪੰਜਾਬ ਨੂੰ ਅਫ਼ਗਾਨਿਸਤਾਨ ਦਾ ਹਿੱਸਾ ਬਣਾਉਣਾ ਚਾਹੁੰਦਾ ਸੀ ਤੇ ਕਿਥੇ ਹੁਣ ਸਿੰਘ

ਡੇਰਾਜਾਤ ਉਤੇ ਆਪਣਾ ਪਰਭਾਵ ਕਾਇਮ ਕਰਕੇ ਅਫ਼ਗਾਨਿਸਤਾਨ ਲਈ ਖਤਰਾ ਬਣ ਗਏ ਹਨ। ਇਸਲ ਈ ਉਸਨੇ ਆਪਣੇ ਨਾਮੀ ਜਰਨੈਲਾਂ ਅਤੇ ਮਿੱਤਰ ਹਾਕਮਾਂ ਨੂੰ ਮੁੜ ਵੰਗਾਰਿਆ। ਉਸਨੇ ਕਲਾਤ ਦੇ ਬਲੋਚ ਹਾਕਮ ਮੀਰ ਨਸੀਰ ਖਾਨ ਨੂੰ ਲਿਖਿਆ ਕਿ ਉਹ ਹੱਜ ਲਈ ਮੌਕੇ ਜਾਣ ਦਾ ਵਿਚਾਰ ਛੱਡ ਕੇ ਆਪਣੀ ਪੂਰੀ ਫੌਜ ਲੈ ਕੇ ਸਿੰਘਾਂ ਵਿਰੁੱਧ ਜਹਾਦ ਲਈ ਪੰਜਾਬ ਵਿਚ ਉਸਦੇ ਨਾਲ ਸ਼ਾਮਲ ਹੋਵੇ। ਉਧਰ ਮੀਰਨਸੀਰ ਖਾਨ ਨੇ ਵੀ ਸਿੰਘਾਂ ਦੀਆਂ ਸਰਗਰਮੀਆਂ ਬਾਬਤ ਕਾਫੀ ਕੁਝ ਸੁਣ ਲਿਆ ਹੋਇਆ ਸੀ। ਉਸਨੂੰ ਇਹ ਗੰਮ ਖਾਣ ਲਗ ਪਿਆ ਸੀ ਕਿ ਕਿਤੇ ਜੇ ਸਿੰਘ ਹੋਰ ਜ਼ੋਰ ਪਕੜ ਗਏ ਤਾਂ ਉਸਦੀ ਹਕੂਮਤ ਵੀ ਖ਼ਤਰੇ ਵਿਚ ਪੈ ਜਾਏਗੀ।

ਇਸ ਤੱਥ ਨੂੰ ਮੁੱਖ ਰਖਦਿਆ ਉਸਨੇ ਅਹਿਮਦਸ਼ਾਹ ਦੀ ਤਜਵੀਜ਼ ਮੰਨ ਲਈ ਅਤੇ ਸਿੰਘਾਂ ਵਿਰੁੱਧ ਜਹਾਦ ਕਰਨ ਦੀ ਤਜਵੀਜ਼ ਮੁਲਾਣਿਆਂ ਪਾਸ ਫ਼ਤਵੇ ਲਈ ਪੇਸ਼ ਕੀਤੀ ਜਿਨ੍ਹਾਂ ਨੇ ਇਸ ਦੀ ਪਰੋੜ੍ਹਤਾ ਕੀਤੀ ਅਤੇ ਬਾਦਸ਼ਾਹ ਅਹਿਮਦ ਸ਼ਾਹ ਪਾਸੋਂ ਆਗਿਆ ਲੈ ਲੈਣ ਦੀ ਸਲਾਹ ਦਿੱਤੀ।

ਇਸ ਤਰ੍ਹਾਂ ਅਹਿਮਦਸ਼ਾਹ ਅਬਦਾਲੀ ਅਤੇ ਮੀਰ ਨਸੀਰ ਖ਼ਾਨ ਬਲੋਚ ਅਕਤੂਬਰ 1764 ਈ. ਵਿਚ ਸਿੰਘਾਂ ਦੇ ਵਿਰੁੱਧ ਜਹਾਜ ਦਾ ਨਿਸ਼ਚਾ ਕਰਕੇ ਪੰਜਾਬ ਤੇ ਆ ਚੜ੍ਹੇ ਅਤੇ ਐਮਨਾਬਾਦ ਦੇ ਨਿਕਟ ਅਠ੍ਹਾਰਾ ਹਜ਼ਾਰ ਦੁਰਾਨੀਆਂ ਅਤੇ 12 ਹਜ਼ਾਰ ਬਲੋਚਾਂ ਦੀਆਂ ਦੋਵੇਂ ਫ਼ੌਜਾਂ ਇਕੱਠੀਆਂ ਹੋ ਗਈਆਂ। ਗੁੰਜਾਬੇ ਦਾ ਕਾਜ਼ੀ ਨੂਰ ਮੁਹੰਮਦ ਵੀ ਨਸੀਰ ਖ਼ਾਨ ਦੇ ਲਸ਼ਕਰ ਵਿਚ ਜਾ ਰਲਿਆ ਅਤੇ ਬੇਨਤੀ ਕੀਤੀ ਕਿ ਇਸ ਧਰਮ-ਯੁੱਧ ਤੋਂ ਮੁੜਨ ਤੋਂ ਜਦ ਅਹਿਮਦਸ਼ਾਹ ਤੁਹਾਨੂੰ ਡੇਰਿਆ ਅਤੇ ਸ਼ਿਕਾਰਪੁਰ ਦਾ ਇਲਾਕਾ ਬਖ਼ਸ਼ੇ ਤਾਂ ਮੈਨੂੰ ਇਨ੍ਹਾਂ ਦੋਹਾਂ ਵਿਚੋਂ ਵਿਚੋਂ ਇਕ ਥਾਂ ਕਾਜ਼ੀ ਬਣਾ ਦੇਣਾ ਅਤੇ ਮੈਂ ਤੁਹਾਡੇ ਨਾਲ ਚਲਾਂਗਾ ਅਤੇ ਇਸ ਜੰਗ ਦਾ ਹਾਲ ਲਿਖਕੇ ਪੇਸ਼ ਕਰਾਂਗਾ। ਨਸੀਰ ਖ਼ਾਨ ਨੇ ਉਸਦੀ ਇਹ ਬੇਨਤੀ ਪਰਵਾਨ ਕਰ ਲਈ, ਜਿਸਦੇ ਫਲਸਰੂਪ ਕਾਜ਼ੀ ਨੂਰ ਮੁਹੰਮਦ ਨੇ 'ਜੰਗ ਨਾਮਾ ਪੰਜਾਬ' ਨਾਮਕ ਇਕ ਪੁਸਤਕ ਲਿਖੀ।

ਚੁੰਕਿ ਉਸ ਸਮੇਂ ਕੇਂਦਰੀ ਪੰਜਾਬ ਲਗਭਗ ਸਿੰਘਾਂ ਤੋਂ ਖ਼ਾਲੀ ਪਿਆ ਸੀ, ਕਿਉਂਕਿ ਜੱਸਾ ਸਿੰਘ ਆਹਲੂਵਾਲੀਆਂ ਬੁੱਢਾ ਦਲ ਦੇ ਕਈ ਸਰਦਾਰਾਂ ਸਮੇਤ ਦਿੱਲੀ ਵਲ ਗਿਆ ਹੋਇਆ ਸੀ ਅਤੇ ਤਰੁਣਾ ਦਲ ਦੇ ਬਹੁਤ ਸਾਰੇ ਸਰਦਾਰ ਦੱਖਣੀ ਪੰਜਾਬ ਦੀਆਂ ਇਲਾਕਿਆ ਵਿਚ ਆਪਣਾ ਪਸਾਰ ਕਰ ਰਹੇ ਸਨ, ਇਸ ਲਈ ਅਹਿਮਦਸ਼ਾਹ ਬੇ ਰੋਕ ਟੋਕ ਨਵੰਬਰ 1764 ਦੇ ਤੀਜੇ ਹਫਤੇ ਲਾਹੌਰ ਪੁਜ ਗਿਆ। ਸਿੰਘਾਂ ਵਲੋਂ ਕਿਸੇ ਕਿਸਮ ਦੀ ਕੋਈ ਵਿਰੋਧਤਾ ਨਾ ਵੇਖ ਕੇ ਅਚੰਭਿਤ ਹੋ ਗਿਆ ਅਤੇ ਇਸ ਦਾ ਸਹੀ ਕਾਰਣ ਲਭਣ ਲਈ ਸੋਚ ਦੇ ਸਮੁੰਦਰ ਵਿਚ ਤਾਰੀਆਂ ਲਾਣ ਲਗ ਪਿਆ ਅਜੇ ਇਹੋ ਜਿਹੀ ਮਨੋਦਸ਼ਾ ਤੋਂ ਮੁਕਤ ਨਹੀਂ ਹੋਇਆ ਸੀ ਕਿ ਅਚਨਚੇਤ ਅਗਲੀ ਸਵੇਰ ਚੜ੍ਹਤ ਸਿੰਘ ਸ਼ੁਕਰਚਕੀਆ ਨੇ ਦੁਰਾਨੀਆਂ ਦੇ ਮੁਹਰੇ ਹਰਾਵਲ ਦਸਤੇ ਤੇ ਜ਼ੋਰਾਵਰ ਹਮਲਾ ਕਰ ਦਿੱਤਾ। ਅਹਿਮਦ ਖ਼ਾਂ ਅਤੇ ਉਸਦਾ ਪੁੱਤਰ ਪਹਿਲੀ ਝਪਟ ਵਿਚ ਹੀ ਮਾਰੇ ਗਏ । ਮੀਰ ਅਬਦੁਲ ਨਬੀ ਰਈਸਾਨੀ ਅਤੇ ਮੀਰ ਨਸੀਰ ਖ਼ਾਨ ਆਪਣੇ ਦਸਤੇ ਦੀ ਸਹਾਇਤਾ ਲਈ ਪੁੱਜੇ ਤਾਂ ਉਨ੍ਹਾਂ ਨੂੰ ਵੀ ਬੜੀ ਔਖ਼ਿਆਈ ਦਾ ਸਾਹਮਣਾ ਕਰਨਾ ਪਿਆ। ਮੀਰ ਨਸੀਰ ਖ਼ਾਂ ਦਾ ਘੋੜਾ ਮਾਰਿਆ ਗਿਆ ਅਤੇ ਆਪ ਵੀ ਉਹ ਮੁਸ਼ਕਲ ਨਾਲ ਜਾਨ ਬਚਾ ਸਕਿਆ। ਰਾਤ ਤਕ ਗਹਿਗੱਚ ਲੜਾਈ ਹੁੰਦੀ ਰਹੀ। ਹਨੇਰਾ ਪੈਣ ਕਾਰਣ ਇਹ ਲੜਾਈ ਮੁਕੀ ਅਤੇ ਚੜ੍ਹਤ ਸਿੰਘ ਅਤੇ ਉਸਦੇ ਸਾਥੀ ਤੁਰੰਤ ਅਲੋਪ ਹੋ ਗਏ।

ਅਹਿਮਦ ਸ਼ਾਹ ਨੇ ਇਥੋਂ ਅੰਮ੍ਰਿਤਸਰ ਵਲ ਕੂਚ ਕੀਤਾ। ਉਸਨੂੰ ਸੂਹ ਮਿਲੀ ਸੀ ਕਿ ਸਿੰਘ ਉਥੇ ਇੱਕਠੇ ਹੋ ਰਹੇ ਹਨ। ਤਿੰਨ ਦਿਨ ਤੇ ਤਿੰਨ ਰਾਤਾਂ ਰਾਹ ਵਿਚ ਲਗ ਗਈਆਂ। ਯਕੀਨਨ ਰਸਤੇ ਵਿਚ ਸਿੰਘਾਂ ਦੇ ਦਸਤਿਆਂ ਨੇ ਉਸਨੂੰ ਬਹੁਤ ਜਿੱਚ ਕੀਤਾ ਸੀ। ਚੋਥੀ ਰਾਤ ਜਦੋਂ ਉਹ ਦਰਬਾਰ ਸਾਹਿਬ ਪੁੱਜਾ ਤਾਂ ਉਥੇ ਕੋਈ ਵੀ ਸਿੰਘ ਨਜ਼ਰੀ ਨਾ ਪਿਆ। ਜਦੋਂ ਸ਼ਾਹ ਪਰਕਰਮਾਂ ਵਿਚ ਗਿਆ ਤਾਂ ਬੁੰਗਿਆਂ ਵਿਚੋਂ ਤੀਹ ਸਿੰਘ ਨਿਕਲੇ ਅਤੇ ਸ਼ਾਹ ਦੀ ਫ਼ੌਜ ਉਤੇ ਟੁੱਟ ਪਏ ਜਿਸ ਦੀ ਗਿਣਤੀ ਤੀਹ ਹਜ਼ਾਰ ਸੀ। ਕਾਜ਼ੀ ਨੂਰ ਮੁਹੰਮਦ ਨੇ ਆਪਣੀ ਪੁਸਤਕ ਵਿਚ ਜੋ ਕੁਝ ਲਿਖਿਆ ਹੈ, ਉਸਦਾ ਪੰਜਾਬੀ ਅਨੁਵਾਦ ਨਿਮਨ ਦਰਜ ਕੀਤਾ ਜਾਂਦਾ ਹੈ:

"ਜਦੋਂ ਬਾਦਸ਼ਾਹ ਅਤੇ ਸ਼ਾਹ ਲਸ਼ਕਰ ਗੁਰੁਚੱਕ ਅੰਮ੍ਰਿਤਸਰ ਪੁੱਜਾ ਤਾਂ ਕੋਈ ਕਾਫ਼ਰ ਉਥੇ ਨਜ਼ਰ ਨਾ ਆਇਆ। ਪਰ ਕੁਝ ਥੋੜੇ ਜਿਹੇ ਬੰਦੇ ਗੜ੍ਹੀ (ਬੁੰਗੇ) ਵਿਚ ਟਿਕੇ ਹੋਏ ਸਨ ਕਿ ਆਪਣਾ ਖ਼ੂਨ ਡੋਲ੍ਹ ਦੇਣ ਅਤੇ ਜਿਨ੍ਹਾਂ ਨੇ ਆਪਣੇ ਆਪ ਨੂੰ ਗੁਰੂਤੋਂ ਕੁਰਬਾਨ ਕਰ ਦਿੱਤਾ। ਜਦ ਉਨ੍ਹਾਂ ਨੇ ਬਾਦਸ਼ਾਹ ਅਤੇ ਇਸਲਾਮੀ ਲਸ਼ਮਰ ਨੂੰ ਦੇਖਿਆ ਤਾਂ ਉਹ ਸਾਰੇ ਬੁੰਗੇ ਵਿਚੋਂ ਨਿਕਲ ਪਏ। ਉਹ ਸਾਰੇ ਗਿਣਤੀ ਵਿਚ ਤੀਹ ਸਨ। ਉਹ ਜ਼ਰਾਂ ਭਰ ਵੀਨ ਡਰੇ ਅਤੇ ਘਬਰਾਏ ਨਹੀਂ। ਉਨ੍ਹਾਂ ਨੂੰ ਨਾ ਕਤਲ ਹੋਣ ਦਾ ਡਰ ਸੀ, ਤੇ ਨਾ ਮੋਤ ਦਾ ਭੈ। ਉਹ ਗਾਜ਼ੀਆਂ ਨਾਲ ਜੁਟ ਪਏ ਅਤੇ ਉਲਝਣ ਵਿਚ ਆਪਣਾ ਲਹੂਡੋਹਲ ਗਏ। ਇਸਤਰ੍ਹਾਂ ਉਹ ਸਾਰੇ ਹੀ (ਸਿੰਘ) ਕਤਲ ਹੋ ਗਏ ਸਨ ਅਤੇ ਸਤਵੇਂ ਨਰਕ ਨੂੰ ਚਲੇ ਗਏ।"

3● ਸਿੰਘਾਂ ਦੇ ਸ਼ਹੀਦੀ ਦੇ ਸ਼ਹੀਦੀ ਪਰਾਪਤ ਕਰਨ ਤੋਂ ਪਿੱਛੋਂ ਅਮਿਹਦਸ਼ਾਹ ਅਬਦਾਲੀ ਲਾਹੌਰ ਮੁੜਿਆ ਤੇ ਦਿਲੀ ਵੱਲ ਤੁਰ ਪਿਆ। ਪਹਿਲਾਂ ਉਹ ਬਟਾਲੇ ਪੁਜਿਆ ਜਿਥੇ ਉਸਨੇ ਸਾਰਾ ਇਲਾਕਾ ਲੁਟ ਮਾਰਿਆ। ਦੁਰਾਨੀਆਂ ਦੀ ਬਰਬਰੀਅਤ ਅਤੇ ਲੁਟ ਸਦਕਾ, ਲੋਕਾਂ ਵਿਚ ਪਰਸਿੱਧ ਹੋ ਗਿਆ ਕਿ

**'ਖਾਦਾ ਪੀਤਾ ਲਾਹੇ ਦਾ।।**

**ਰਹਿੰਦਾ ਅਹਿਮਦ ਸ਼ਾਹੇ ਦਾ।।**

ਇਥੋਂ ਦੁਰਾਨੀ ਹੁਸ਼ਿਆਰਪੁਰ ਦੇ ਜ਼ਿਲੇ ਵਿਚ ਦਾਖ਼ਲ ਹੋਇਆ। ਫਿਰ ਉਧਰ ਦੀ ਬਜਾਏ ਸਿੱਧਾ ਕੁੱਜਪੁਰੇ ਵੱਲ ਤੁਰ ਪਿਆ ਤਾਂ ਕਿ ਦਿਲੀ ਵਿਖੇ ਨਜੀਬ ਦੀ ਸਹਾਇਤਾ ਕਰ ਸਕੇ। ਇਹ ਫਰਵਰੀ ਦੇ ਅਧ ਦੀ ਗਲ ਹੈ।

ਇਸ ਤੋਂ ਤੁਰੰਤ ਬਾਦ ਜਦ ਉਸਨੂੰ ਪਤਾ ਲੱਗਾ ਕਿ ਨਜੀਬ ਨੂੰ ਮਰਾਠਿਆਂ ਅਤੇ ਜਵਾਹਰ ਸਿੰਘ ਵਲੋਂ ਖ਼ਤਰਾ ਨਹੀਂ ਰਿਹਾ, ਤਾਂ ਉਸਨੂੰ ਲਾਹੌਰ ਵੱਲ ਨੂੰ ਚਾਲੇ ਪਾਏ। ਉਹ ਸਰਹਿੰਦ ਪਹੁੰਚਿਆ ਜੋ ਉਜੜਿਆ ਪਿਆ ਸੀ ਤੇ ਜਿਥੇ ਉਲੂਬੋਲ ਰਹੇ ਸਨ। ਜ਼ੈਨ ਖਾਂ ਦੀ ਮੌਤ ਪਿਛੋਂ ਇਹ ਸ਼ਹਿਰ ਬਾਬਾ ਆਲ੍ਹਾ ਸਿੰਘ ਦੇ ਤਹਿਤ ਸੀ। ਇਸ ਵਕਤ ਤਕ ਅਹਿਮਦਸ਼ਾਹ ਨੂੰ ਯਕੀਨ ਹੋ ਚੁੱਕਾ ਸੀ ਕਿ ਸਰਹਿੰਦ ਦੀ ਫ਼ੌਜਦਾਰੀ ਸਿਖ ਤੋਂ ਬਿਨਾਂ ਕਿਸੇ ਹਰ ਕੋਲੋਂ ਸੰਭਾਲੀ ਨਹੀਂ ਜਾ ਸਕਦੀ। ਸੋ ਉਸਨੂੰ ਸਰਦਾਰ ਆਲ੍ਹਾ ਸਿੰਘ ਨੂੰ ਸਰਹਿੰਦ ਸਦ ਕੇ ਉਸਨੂੰ ਰਾਜਗੀ ਦੀਆਂ ਨਿਸ਼ਾਨੀਆਂ ਧੌਂਸਾ ਅਤੇ ਝੰਡਾ (ਤਬਲ-ਓ-ਅਲਮ) ਦਿੱਤੀਆਂ ਅਤੇ ਉਸਦੇ ਕਹਿਣ ਤੇ ਇਕ ਸਾਲ ਦਾ ਮਮਲਾ ਵੀ ਛੱਡ ਦਿੱਤਾ ਤਾਂ ਕਿ ਸ਼ਹਿਰ ਨੂੰ ਛੇਤੀ ਵਸਾਇਆ ਜਾ ਸਕੇ।

ਉਪਰੋਕਤ ਕਦਮ ਅਹਿਮਦਸ਼ਾਹ ਅਬਦਾਲੀ ਦੀ ਕੇਵਲ ਇਕ ਚਾਲ ਸੀ, ਵਾਸਤਕ ਵਿਚ ਉਹ ਸਿਖਾਂ ਨੂੰ

ਮੁਕਾਉਣਾ ਚਾਹੁੰਦਾ ਸੀ ਕਿ ਉਹ ਦੂਸਰੇ ਸਿੱਖਾਂ ਪਾਸੋਂ ਇਸੇ ਤਰ੍ਹਾ ਈਨ ਮਨਾਉਣਾ ਚਾਹੁੰਦਾ ਸੀ। ਪਰੰਤੂ ਸ. ਜੱਸਾ ਸਿੰਘ ਅਤੇ ਹੋਰ ਸਰਦਾਰ ਇਹ ਗੱਲ ਮੰਨਣ ਲਈ ਤਿਆਰ ਨਹੀਂ ਸੀ। ਸੁਲਤਾਨੁਲਕੌਮ ਜੋ ਸਮੁੱਚੇ ਪੰਥ ਦੇ ਸਤਿਕਾਰ ਦਾ ਪ੍ਰਤੀਕ ਬਣ ਚੁੱਕਾ ਸੀ, ਭਲਾ ਗੈਰ ਮੁਲਕ ਦੀ ਈਨ ਕਿਵੇਂ ਮੰਨ ਸਕਦਾ ਸੀ । ਪੰਥ ਨੂੰ ਰਾਜ ਤਾਂ ਗੁਰੂ ਨੇ ਬਖ਼ਸ਼ਿਆ ਹੋਇਆ ਸੀ, ਉਨ੍ਹਾਂ ਦਾ 'ਪਾਦਸ਼ਾਹ' ਸੰਸਾਰ ਮਨੁੱਖਾਂ ਨੂੰ ਕਿਸੇ ਲਈ ਮਿਲੇ? ਉਧਰੋਂ ਹੁਣ ਤਕ ਜੱਸਾ ਸਿੰਘ ਅਤੇ ਹੋਰਨਾਂ ਮਿਸਲਾਂ ਦੇ ਸਰਦਾਰ ਦਿੱਲੀ ਤੋਂ ਮੁੜ ਆਏ ਸਨ। ਉਨ੍ਹਾਂ ਨੇ ਗੁਰਮਤਾ ਕੀਤਾ ਕਿ ਅਹਿਮਦਸ਼ਾਹ ਰੋਜ਼ ਰੋਜ਼ ਆ ਕੇ ਤੰਗ ਕਰਦਾ ਹੈ, ਐਤਕੀਂ ਦੋ ਹੱਥ ਕਰਕੇ ਦੇਖ ਲਓ।" ਸੋ ਇਕ ਡਟਵੇਂ ਟਾਕਰੇ ਦੀ ਸਲਾਹ ਕਰਕੇ ਖ਼ਾਲਸਾ ਫ਼ਲੌਰ ਅਤੇ ਤਲਵਨ ਦੇ ਪੱਤਣ ਤੇ ਰੁਕ ਗਏ ਅਤੇ ਸ਼ਾਹ ਦੀ ਉਡੀਕ ਕਰਨ ਲਗੇ।

ਅਹਿਮਦਸ਼ਾਹ ਵੀ ਸਿੰਘਾਂ ਨੂੰ ਚੰਗੀ ਤਰ੍ਹਾਂ ਜਾਣਦਾ ਸੀ। ਉਸਨੇ ਚੁਪ ਚੁਪੀਤਾ ਰੋਪੜ ਦੇ ਪੱਛਮ ਤੋਂ ਦਰਿਆ ਪਾਰ ਕੀਤਾ। ਹੁਣ ਉਹ ਦੁਆਬੇ ਵਿਚ ਪੁੱਜ ਗਿਆ ਸੀ। ਅਜੇ ਉਹ ਥੋੜੀ ਹੀ ਦੂਰ ਗਿਆ ਸੀ ਕਿ ਖ਼ਾਲਸਾ ਦਲ ਨੇ ਆ ਰਾਹ ਰੋਕਿਆ ਅਤੇ ਸ਼ਾਹ ਨੂੰ ਲੜਾਈ ਲਈ ਵੰਗਾਰਿਆ। ਜਦੋਂ ਸ਼ਾਹ ਨੂੰ ਇਸ ਦਾ ਪੱਤਾ ਲਗਿਆ ਤੇ ਉਸਨੇ ਆਪਣੇ ਸਿਪਾਹੀਆਂ ਨੂੰ ਵੰਗਾਰਦੇ ਹੋਏ ਕਿਹਾ:-

ਇਹ ਦੀਨ ਦੀ ਲੜਾਈ ਹੈ, ਕਰ ਦਿਓ ਚੜ੍ਹਾਈ ਇਨ੍ਹਾਂ ਕਾਫ਼ਰਾਂ ਉਤੇ-"ਕਿ ਗ਼ਜ਼ੀਆਂ ਜੰਗਿ ਦੀਨ ਅਸਤ ਦੀ, ਬਿਤਾਜ਼ੀਦ ਬਰ ਕਾਫ਼ਰਾਨਿ ਲਈ।" ਉਸਨੇ ਵੱਡੇ ਵਜ਼ੀਰ ਸ਼ਾਹਵਲੀ ਖ਼ਾਂ, ਬਖ਼ਸ਼ੀ ਜਹਾਨ ਖ਼ਾਂ ਅਜੰਲਾ ਖ਼ਾਨ, ਸ਼ਾਹ ਪਸੰਦ ਖ਼ਾਨ ਅਤੇ ਹੋਰ ਨਾਮੀ ਸਰਦਾਰਾਂ ਨੂੰ ਸੱਜੇ ਪਾਸੇ ਦੀ ਫ਼ੌਜ ਦੀ ਕਮਾਨ ਦਿੱਤੀ ਅਤੇ ਮੀਰ ਨਸੀਰ ਖ਼ਾਨ ਬੋਲਚ ਨੂੰ ਖੱਬੇ ਪਾਸੇ ਦੀ।

ਉਧਰ ਖ਼ਾਲਸੇ ਦੀ ਫ਼ੌਜ ਦਾ ਆਗੂ ਪੰਥ ਦਾ ਪਾਦਸ਼ਾਹ" ਸ. ਜੱਸਾ ਸਿੰਘ ਆਹਲੂਵਾਲੀਆ ਸੀ ਜੋ ਸਭ ਦੇ ਵਿਚਕਾਰ ਸੀ। ਸੱਜੇ ਪਾਸੇ ਸਰਦਾਰ ਚੜ੍ਹਤ ਸਿੰਘ ਸੀ ਅਤੇ ਉਸਦੇ ਨਾਲ ਝੰਡਾ ਸਿੰਘ, ਲਹਿਣਾ ਸਿੰਘ ਭੰਗੀ ਅਤੇ ਜੈ ਸਿੰਘ ਕਨ੍ਹਈਆ ਸਨ। ਇਨ੍ਹਾਂ ਦੇ ਮੁਕਾਬਲੇ ਤੇ ਨਸੀਰ ਖ਼ਾਨ ਸੀ। ਸ. ਜੱਸਾ ਸਿੰਘ ਦੇ ਖੱਬੇ ਪਾਸੇ ਸਰਦਾਰ ਹਰੀ ਸਿੰਘ ਲੰਗਾ, ਰਾਮਦਾਸ, ਗੁਲਾਬ ਸਿੰਘ ਅਤੇ ਗੁੱਜਰ ਸਿੰਘ ਭੰਗੀ ਸਨ ਜਿਨ੍ਹਾਂ ਦੇ ਮੁਕਾਬਲੇ ਤੇ ਸ਼ਾਹ ਵਲੀ ਖ਼ਾਨ, ਆਦਿ ਸਨ। ਬੜੀ ਘਸਮਾਨ ਦੀ ਲੜਾਈ ਹੋਈ ਪਰ ਸ਼ਾਮ ਤਕ ਕੋਈ ਫ਼ੈਸਲਾ ਨਾ ਹੋ ਸਕਿਆ।

ਕਾਜ਼ੀ ਨੂਰ ਮੁਹੰਮਦ ਨੇ ਇਸ ਲੜਾਈ ਵਿਚ ਦੁਰਾਨੀਆਂ ਅਤੇ ਬਲੋਚਾਂ ਦੇ ਬਹੁਤ ਗੁਣ ਗਾਏ ਹਨ ਕਿਉਂਕਿ ਉਹ ਮੀਰ ਨਸੀਰ ਖ਼ਾਨ ਕਲਾਤ ਵਾਲੇ ਨਾਲ ਇਸ ਮੁਹਿੰਮ ਤੇ ਆਇਆ ਹੀ ਉਨ੍ਹਾਂ ਦੀ ਬਹਾਦਰੀ ਦਾ ਹਾਲ ਲਿਖਣ ਲਈ ਸੀ। ਪਰ ਉਸਦੇ ਮਨ ਤੇ ਸਿੱਖਾਂ ਦੀ ਬਹਾਦਰੀ ਨੇ ਵੀ ਬਹੁਤ ਡੂੰਘਾ ਅਸਰ ਕੀਤਾ ਅਤੇ 'ਜੰਗਨਾਮਾ' ਲਿਖਣ ਵੇਲੇ ਸਿੰਘਾਂ ਨਾਲ ਇਸ ਪਹਿਲੇ ਦਿਨ ਦੀ ਲੜਾਈ ਤੋਂ ਬਾਦ ਅਠਵੰਜਾ ਬੰਦਾਂ ਦਾ ਇਕ ਪੂਰਾ ਅਧਿਆਇ ਨੰਬਰ 41 (ਪੰਨਾ 156-59) ਸਿੰਘਾਂ ਦੀ ਦਲੇਰੀ ਅਤੇ ਪੰਥ ਲਈ ਕੁਰਬਾਨੀ ਦੇ ਜਜ਼ਬੇ ਸਬੰਧੀ ਲਿਖਿਆ ਹੈ ਜਿਸਦਾ ਸਿਰਲੇਖ "ਦਰ ਬਿਆਨ ਮਰਦਾਨਗੀ ਅਇ ਸਗਾਂ ਵਕਤਿ ਜੰਜ ਦੀਨ ਵਾ ਮਰਦਾਨਗੀ-ਇ-ਉਸ਼ਾ ਗੋਇਦ" ਉਸਦੇ ਮਨ ਉਤੇ ਹੋਏ ਅਮਿੱਟ ਅਸਰ ਦਾ ਸਪਸ਼ਟ ਸੂਚਕ ਹੈ।

ਦੂਜੇ ਦਿਨ ਦੀ ਲੜਾਈ ਸੂਰਜ ਚੜ੍ਹਦਿਆਂ ਸਾਰ ਸ਼ੁਰੂ ਹੋ ਗਈ। ਇਸ ਦਿਨ ਸਿੰਘਾਂ ਨੇ ਆਪਣੀ ਸੈਨਾ ਦੇ ਪਾਸੇ ਬਦਲ ਦਿੱਤੇ ਹੋਏ ਸਨ। ਸੱਜੇ ਵਾਲੇ ਖੱਬੇ ਅਤੇ ਖੱਬੇ ਵਾਲੇ ਸੱਜੇ ਕਰ ਦਿੱਤੇ ਸਨ। ਇਸ ਤਰ੍ਹਾਂ ਮੁਰ੍ਹੇਲਾ ਸੈਨਾ ਧੇਮੀ ਹੋ ਗਈ ਸੀ ਅਤੇ ਧੰਨੇ ਵਾਲੇ ਮੁਰ੍ਹੇਲ ਹੋ ਗਏ ਸਨ। ਭਾਵੇਂ ਇਸ ਦਿਨ ਵੀ ਠੁਕਵਾਂ ਫੈਸਲਾ ਨਹੀਂ ਹੋ ਸਕਿਆ ਸੀ, ਪਰ ਸਿਖਾਂ ਦਾ ਪਾਸਾ ਜ਼ਰਾ ਕੁ ਭਾਰੀ ਰਿਹਾ ਜਾਪਦਾ ਸੀ।

ਤੀਸਰੇ ਦਿਨ ਦੀ ਲੜਾਈ ਵੀ ਪਿਛੇ ਵਾਂਗ ਹੀ ਸੀ। ਸਵੇਰ ਹੁੰਦੇ ਸਾਰ ਜਦ ਅਹਿਮਦ ਸ਼ਾਹ ਪੰਜ ਛੇ ਕੋਹ ਹੀ ਡੇਰੇ ਤੋਂ ਅੱਗੇ ਗਿਆ ਸੀ ਕਿ ਸਿੰਘਾਂ ਨੇ ਜਾ ਹੱਲਾ ਕੀਤਾ ਅਤੇ ਰਾਹ ਰੋਕ ਦਿਤਾ। ਸਾਰਾ ਦਿਨ ਝਪਟਾ ਮਾਰ ਮਾਰ ਕੇ ਉਸਨੂੰ ਹੈਰਾਨ ਕਰ ਦਿੱਤਾ ਅਤੇ ਸਦਾ ਦੀ ਤਰ੍ਹਾਂ ਸ਼ਾਮ ਨੂੰ ਹਨੇਰੇ ਪਏ ਡੇਰੇ ਨੂੰ ਮੁੜ ਗਏ।

ਚੌਥੇ ਪੰਜਵੇਂ ਅਤੇ ਛੇਵੇਂ ਦਿਨ ਵੀ ਇਹੋ ਹਾਲ ਰਿਹਾ। ਕਾਜ਼ੀ ਨੂਰ ਮੁਹੰਮਦ ਨੇ ਚੌਥੇ, ਪੰਜਵੇਂ, ਛੇਵੇਂ ਦਿਨਾਂ ਦੀਆਂ ਲੜਾਈਆਂ ਦਾ ਕੋਈ ਜ਼ਿਕਰ ਨਹੀਂ ਕੀਤਾ ਅਤੇ ਸਤਵੇਂ ਦਿਨ ਬਿਆਸਾ ਦੇ ਦਖਣ ਨੂੰ ਸਿੰਘਾਂ ਦੇ ਹਲੇ ਦਾ ਬਿਉਰਾ ਦਿੱਤਾ ਹੈ।

ਨੂਰ ਮੁਹੰਮਦ ਦੇ 'ਜੰਗ ਨਾਮੇ' ਦੇ ਅਧਿਐਨ ਦੇ ਪਿਛੋਂ ਇਹ ਗਲ ਸਪੱਸ਼ਟ ਹੋ ਜਾਂਦੀ ਹੈ ਕਿ ਸਤਲੁਜ ਅਤੇ ਬਿਆਸ ਵਿਚਕਾਰ ਸਿੰਘਾਂ ਨੇ ਜੱਸਾ ਸਿੰਘ ਆਹਲੂਵਾਲੀਏ ਦੀ ਅਗਵਾਈ ਹੇਠ ਛਾਪੇ ਮਾਰ ਕੇ ਅਹਿਮਦ ਸ਼ਾਹ ਨੂੰ ਇੰਨਾ ਜਿੱਚ ਕੀਤਾ ਕਿ ਉਸਨੇ ਸਾਰੇ ਦੁਆਬੇ ਵਿਚ ਇਕ ਦਿਨ ਵੀ ਟਿਕ ਕੇ ਸ਼ਾਹ ਲੈਣਾ ਨਸੀਬ ਨਾ ਹੋਇਆ। ਉਹ ਅਹਿਮਦ ਸ਼ਾਹ ਜੋ ਸਿੰਘਾਂ ਦੀ ਗੈਰ ਹਾਜ਼ਰੀ ਵਿਚ ਸ਼ੁਰੂ ਦਸੰਬਰ ਵਿਚ ਲਾਹੌਰੋਂ ਚਲਦਾ ਹੈ ਅਤੇ ਕਈ ਕਈ ਦਿਨ ਰਿਆੜਕੀ ਅਤੇ ਦੁਆਬੇ ਵਿਚ ਟਿਕ ਟਿਕ ਕੇ ਆਰਾਮ ਨਾਲ ਸ਼ਹਿਰਾਂ ਅਤੇ ਪਿੰਡਾਂ ਨੂੰ ਲੁਟਦਾ ਕਈ ਮਹੀਨਿਆਂ ਵਿਚ ਸਰਹਿੰਦ ਪੁਜਦਾ ਹੈ ਅਤੇ ਰਾਹ ਵਿਚ ਗੰਨੇ, ਗੁੜ, ਗਊਆਂ ਦਾ ਮਾਸ ਰੱਜ ਰੱਜ ਕੇ ਖਾਂਦਾ ਹੈ, ਪਰ ਜਦ ਸਿੰਘ ਦਿੱਲੀ ਤੋਂ ਸਰਦਾਰ ਜੱਸਾ ਸਿੰਘ ਨਾਲ ਮੁੜ ਪੈਂਦੇ ਹਨ ਤਾਂ ਕੁੰਜਪੁਰੇ ਤੋਂ ਚੌਥੇ ਦਿਨ ਸਰਹਿੰਦ ਆ ਪੁਜਦਾ ਹੈ ਅਤੇ ਫੇਰ ਸਰਹਿੰਦ ਤੋਂ ਤੀਜੇ ਦਿਨ ਰੋਪੜ ਆ ਜਾਂਦਾ ਹੈ। ਸਾਰੇ ਦੁਆਬੇ ਵਿਚ ਕਿਤੇ ਵੀ ਸਿੰਘ ਉਸਨੂੰ ਟਿਕਣ ਨਹੀਂ ਦਿੰਦੇ ਅਤੇ ਸੱਤਾਂ ਦਿਨਾਂ ਵਿਚ ਉਸਨੂੰ ਦਰਿਆ ਬਿਆਸ ਦੇ ਦਖਣੀ ਕਢੇ ਤਕ ਧੱਕ ਦਿੰਦੇ ਹਨ।

ਉਹ ਗਾਜ਼ੀ ਸੂਰਮੇ ਜੋ ਆਏ ਹੀ ਸਿੰਘਾਂ ਵਿਰੁੱਧ ਜਹਾਦ ਕਰਨ ਸਨ ਅਤੇ ਕਹਿੰਦੇ ਸਨ, ਇਨ੍ਹਾਂ ਦੀ ਜੜ੍ਹ ਪੁਟ ਦਿਆਂਗੇ, ਇਨ੍ਹਾਂ ਦੀਆਂ ਤੀਵੀਆਂ ਅਤੇ ਬਚਿਆਂ ਨੂੰ ਕੈਦੀ ਬਣਾਵਾਂਗੇ ਅਤੇ ਇਨ੍ਹਾਂ ਨੂੰ ਇਜ ਪਿੰਜਾਂਗੇ ਜਿਵੇਂ ਰੂੰ ਪਿੰਜੀ ਦੀ ਹੈ। ਉਹ ਗਾਜ਼ਾ ਇੰਨੇ ਘਬਰਾਏ ਕਿ ਨੂਰ ਮੁਹੰਮਦ ਵੀ ਕਹਿ ਉਠਿਆ ਕਿ ਜੇ ਇਨ੍ਹਾਂ ਦੀ ਗਾਜ਼ੀ ਫ਼ੌਜ ਨੂੰ ਭਾਜੜ ਵੀ ਪੈ ਜਾਏ, ਤਾਂ ਵੀ ਉਸਨੂੰ ਭਾਜੜ ਨਾ ਸਮਝੋ, ਇਹ ਇਨ੍ਹਾਂ ਦੀ ਲੜਾਈ ਦਾ ਇਕ ਦਾਉ ਹੈ, ਇਨ੍ਹਾਂ ਤੋਂ ਬਚੋ, ਡਰੋ, ਦੋਬਾਰਾ ਡਰੋ"। ਉਹ ਅਹਿਮਦ ਸ਼ਾਹ ਜੋ ਇਹ ਕਹਿੰਦਾ ਸੀ ਕਿ ਸਿੰਘ ਤਾ ਕਿਧਰੇ ਦਿਸਦੇ ਹੀ ਨਹੀਂ, ਜਦ ਉਸਦਾ ਰਾਹ ਰੋਕਣ ਲਗ ਪਏ ਅਤੇ ਅਗੋਂ ਸਜਿਉਂ-ਖਬਿਉਂ ਹਲੇ ਕਰਨ ਲਗ ਪਏ ਤਾਂ ਉਹੀ ਸ਼ਾਹੀ ਫ਼ੌਜ ਦੇ ਛੋਟੇ ਵੱਡੇ ਅਫ਼ਸਰਾਂ ਅਤੇ ਗਾਜ਼ੀਆਂ ਪਾਸ ਜਾਂ ਜਾਂ ਆਪ ਹੀ ਕਹਿਣ ਲਗ ਪਿਆ ਕਿ ਦੇਖਿਓ ਸਿੰਘਾਂ ਦਾ ਪਿਛਾ ਨਾ ਕਰਨਾ, ਆਪਣੇ ਪੈਂਤੜੇ ਨਾ ਛਡਣਾ, ਆਪਣੇ ਪੈਰਾਂ ਤੋਂ ਪਹਾੜ ਵਾਂਗ ਖੜੇ ਰਹਿਣਾ। ਸ਼ਾਹ ਨੇ ਮੀਰ ਨਸੀਰ ਖਾਂ ਨੂੰ ਖਾਸ ਤੌਰ ਤੇ ਕਿਸੇ ਨੇ ਬੇਨਤੀ ਕੀਤੀ। "ਸਿੰਘ ਸਾਹਮਣੇ ਵੀ ਇਸ ਪੈਣ ਤਾਂ ਵੀ ਇਨ੍ਹਾਂ ਉਤੇ ਹੱਲਾ ਨਾ ਕਰਨਾ, ਮੈਂ ਇਨ੍ਹਾਂ ਦੀ ਵੀਰਤਾ ਅਤੇ ਨਿਡਰਤਾ ਨੂੰ ਵੇਖ ਕੇ ਹੈਰਾਨ ਹੋ ਰਿਹਾ ਹਾਂ।"

ਦਰਿਆ ਬਿਆਸ ਪਾਰ ਕਰਨ ਤੋਂ ਪਿਛੋਂ ਅਹਿਮਦ ਸ਼ਾਹ ਅਬਦਾਲੀ ਰਵਾਂ ਰਵੀ ਮਾਰਚ, 1765 ਈ. ਦੇ ਲਗ-ਭਗ ਦਰਿਆ ਚਨਾਬ ਟੱਪ ਗਿਆ। ਦਰਿਆ ਚਨਾਬ ਦੇ ਛੇ ਨਾਲੇ ਤਾਂ ਸ਼ਾਹ ਦੀ ਫ਼ੌਜ ਸੌਖੇ ਹੀ ਲੰਘ ਗਈ, ਪਰ ਅਖੀਰਲੇ ਦੇ ਨਾਲੇ ਬੜੇ ਡੂੰਘੇ ਅਤੇ ਤੇਜ਼ ਵਗ ਰਹੇ ਸਨ, ਜਿਨ੍ਹਾਂ ਵਿਚ ਬੇਅੰਤ ਫ਼ੌਜੀ, ਹਜ਼ਾਰਾਂ ਲਦੇ ਲਦਾਏ ਊਠ, ਘੋੜੇ, ਖੋਤੇ, ਬੈਲ, ਮੱਝਾ, ਮਾਲ-ਅਸਬਾਬ, ਬੱਚੇ ਅਤੇ ਇਸਤਰੀਆਂ ਰੁੜ ਗਏ। ਜਿਹਲਮ ਦਰਿਆ ਪਾਰ ਕਰਕੇ ਰੋਹਤਾਸ ਦੇ ਪੜਾਉ ਤੋਂ ਮੀਰ ਨਾਜ਼ਰ ਖਾਨ ਤਾਂ ਬਲੋਚਸਤਾਨ ਨੂੰ ਚਲਾ ਗਿਆ ਅਤੇ ਅਹਿਮਦ ਸ਼ਾਹ ਅਫ਼ਗਾਨਿਸਤਾਨ ਨੂੰ ਮੁੜ ਗਿਆ (ਪੰਨਾ 176 ਜੰਗ ਨਾਮਾ ਪੰਜਾਬ)।

ਪੰਜਾਬ ਵਿਚੋਂ ਅਹਿਮਦਸ਼ਾਹ ਅਬਦਾਲੀ ਦੀ ਰਵਾਨਗੀ ਤੋਂ ਬਾਅਦ ਸਿਖਾਂ ਨੇ 10 ਅਪਰੈਲ,1765 ਈ. ਨੂੰ ਸ੍ਰੀ ਅੰਮ੍ਰਿਤਸਰ ਵਿਸਾਖੀ ਮਨਾਈ। ਇਥੇ ਸਰਦਾਰ ਜੱਸਾ ਸਿੰਘ ਆਹਲੂਵਾਲੀਆ, ਜੈ ਸਿੰਘ ਕਨ੍ਹਈਆ, ਸਰਦਾਰ ਹਰੀ ਸਿੰਘ, ਝੰਡਾ ਸਿੰਘ, ਗੰਡਾ ਸਿੰਘ, ਲਹਿਣਾ ਸਿੰਘ, ਗੁਜਰ ਸਿੰਘ ਭੰਗੀ ਅਤੇ ਸੋਭਾ ਸਿੰਘ ਕਨ੍ਹਈਆ ਆਦਿ ਮੌਜੂਦ ਸਨ। ਸਰਬੱਤ ਖਾਲਸਾ ਨੇ ਮਤਾ ਪਾਸ ਕੀਤਾ ਕਿ ਲਾਹੌਰ ਉਤੇ ਪੱਕਾ ਕਬਜ਼ਾ ਕਰ ਲੈਣਾ ਚਾਹੀਦਾ ਹੈ।

ਗੁਰਮਤੇ ਅਨੁਸਾਰ ਇਕ ਚੰਗਾ ਮੌਕਾ ਵੇਖ ਕੇ ਸਰਦਾਰ ਜੱਸਾ ਸਿੰਘ, ਸਰਦਾਰ ਲਹਿਣਾ ਸਿੰਘ ਅਤੇ ਗੁਜਰ ਸਿੰਘ ਭਗੀਆਂ ਅਤੇ ਹੋਰਨਾਂ ਸਰਦਾਰਾਂ ਨੇ ਰਣਗੜ੍ਹ ਵਣੀਕੇ ਤੋਂ ਦੋ ਹਜ਼ਾਰ ਫ਼ੌਜ ਨਾਲ ਲੈ ਕੇ ਲਾਹੌਰ ਨੂੰ ਧਾਈ ਕੀਤੀ ਅਤੇ ਬਾਗਬਾਨ-ਪੁਰੇ ਦੇ ਮਹਿਰ ਸੁਲਤਾਨ, ਗੁਲਾਮ ਰਸੂਲ, ਅਸ਼ਜਫ, ਚੰਨੂੰ ਅਤੇ ਬਾਕਰ ਅਰਾਈਆਂ ਦੀ ਸਹਾਇਤਾ ਨਾਲ ਕਿਲ੍ਹੇ ਦੀ ਕੰਧ ਨੂੰ ਪਾੜ ਲਾ ਲਈ ਅਤੇ ਭੰਗੀ ਸਰਦਾਰ ਸਹਿਜੇ ਹੀ ਅੰਦਰ ਜਾ ਵੜੇ। ਇਹ ਗੱਲ 16 ਅਪਰੈਲ 1765 ਈ. ਦੀ ਰਾਤ ਦੀ ਹੈ। ਅਹਿਮਦ ਸ਼ਾਹ ਅਬਦਾਲੀ ਵਲੋਂ ਨਿਸਚਿਤ ਕੀਤਾ ਲਾਹੌਰ ਦਾ ਹਾਕਮ ਕਾਬਲੀ ਅਤੇ ਬਖ਼ਸ਼ੀ ਅਮੀਰ ਸਿੰਘ ਨੇ ਥੋੜੀ ਬਹੁਤੀ ਦੂਜੀ ਤਰਫੋ ਵੀ ਸਵੇਰ ਨੂੰ ਵਿਰੋਧਤਾ ਕੀਤੀ, ਪਰੰਤੂ ਉਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਅਤੇ ਲਾਹੌਰ ਸਿੰਘਾਂ ਦੇ ਕਬਜ਼ੇ ਵਿਚ ਆ ਗਿਆ। ਇਸਦਾ ਪੱਕਾ ਕਬਜ਼ਾ ਭੰਗੀ ਸਰਦਾਰਾਂ, ਲਹਿਣਾ ਸਿੰਘ, ਗੁਜਰ ਸਿੰਘ ਅਤੇ ਕਨ੍ਹਈਆ ਮਿਸਲਦਾਰ ਸੋਭਾ ਸਿੰਘ ਨੂੰ ਦੇ ਦਿਤਾ ਗਿਆ। ਕੁਝ ਕੁ ਸਿੰਘਾਂ ਨੇ ਲਾਹੌਰ ਲੁਟਣਾ ਚਾਹਿਆ, ਜਿਸ ਦੇ ਸ਼ਹਿਰ ਦੇ ਪਤਵੰਡੇ ਸਜਣਾਂ ਸਯੱਦ ਮੀਰ ਨੱਥੂਸ਼ਾਹ ਹਾਫਿਜ਼ ਕਾਦਰ ਬਖ਼ਸ਼, ਮੀਆਂ ਮੁਹੰਮਦ ਆਸ਼ਕ, ਚੌਧਰੀ ਰੂਪ ਲਾਲਾ ਬਿਸ਼ਨ ਸਿੰਘ ਅਤੇ ਮਹਾਰਾਜ ਸਿੰਘ ਰਾਹੀਂ ਪਹਿਲਾਂ ਹੀ ਪਤਾ ਲੱਗ ਗਿਆ। ਇਸ ਪੁਰ ਸਰਦਾਰਾਂ ਨੇ ਬੜੀ ਸਖ਼ਤੀ ਨਾਲ ਸਿੰਘਾਂ ਨੂੰ ਮਨ੍ਹਾਂ ਕਰ ਦਿੱਤਾ। ਵਾਸਤਵ ਵਿਚ ਜਦੋਂ ਸ਼ਹਿਰ ਨਿਵਾਸੀਆਂ ਨੇ ਕਿਹਾ ਕਿ ਇਸ ਸ਼ਹਿਰ ਨੂੰ "ਕੋਠਾ ਗੁਰੂ" ਆਖਦੇ ਹਨ-ਇਥੇ ਚੌਥੇ ਗੁਰੂਸਾਹਿਬ ਦਾ ਜਨਮ ਅਸਥਾਨ ਹੈ। ਇਸਲਈ ਇਸ ਦੀ ਪੂਰੀ ਰੱਖਿਆ ਕਰਨੀ ਬਣਦੀ ਹੈ,ਤਾਂ ਉਸ ਸਮੇਂ ਸਿੰਘਾਂ ਦਾ ਮਨ ਪਤੀਜ ਗਿਆ ਅਤੇ ਉਨ੍ਹਾਂ ਨੇ ਲੁਟਮਾਰ ਦਾ ਖਿਆਲ ਛੱਡ ਦਿੱਤਾ।

ਲਾਹੌਰ ਦੀ ਫਤਹਿ ਨਾਲ ਲਗਭਗ ਸਾਰਾ ਪੰਜਾਬ ਖ਼ਾਲਸੇ ਦੇ ਕਬਜ਼ੇ ਵਿਚ ਆ ਗਿਆ ਸੀ। ਪਰ ਰਾਜ ਪ੍ਰਾਪਤ ਕਰਨ ਤੇ ਹਉਮੈਂ ਨਹੀਂ ਆਈ, ਮਨ ਨੀਵਾਂ ਹੀ ਰਿਹਾ ਅਤੇ ਤੇਗ਼ ਨਾਲ ਪ੍ਰਾਪਤ ਕੀਤੀ ਗਈ ਫ਼ਤਹਿ ਨੂੰ ਦੇਗ ਨਾਲ ਸੇਵਾ ਕਰਨ ਦਾ ਮੌਕਾ ਜਾਣਿਆ। ਇਸ ਭਾਵਨਾ ਨਾਲ ਸਰਸ਼ਾਰ ਖ਼ਾਲਸੇ ਨੇ ਰਾਜ ਦੀ ਨਿਸ਼ਾਨੀ 'ਸਿਕੇ' ਉਤੇ ਉਹ ਹੀ ਅੱਖਰ ਉਕਰੇ ਜੋ ਖ਼ਾਲਸਾ ਰਾਜ ਦੇ ਪਹਿਲੇ ਸੰਸਥਾਪਕ ਬੰਦਾ ਬਹਾਦਰ ਨੇ ਉਕਰੇ ਸਨ ਅਤੇ ਜਿਨ੍ਹਾਂ ਨੂੰ ਸੁਲਤਾਨੁਲਕੌਮ ਸ: ਜੱਸਾ ਸਿੰਘ ਆਹਲੂਵਾਲੀਆ ਨੇ ਲਾਹੌਰ ਵਿਚ ਪਹੀਲੇ ਕਬਜ਼ੇ ਵੇਲੇ ਪਰਵਾਨ ਕੀਤਾ ਸੀ। ਇਹ ਸ਼ਬਦ ਜਿਥੇ ਸਿੱਖ ਵਿਚਾਰਧਾਰਾ ਦੇ ਮੁਖ

ਆਧਾਰਾਂ ਨੂੰ ਦਰਸਾਉਂਦੇ ਅਤੇ ਸਿੱਖਾਂ ਦੀ ਗੁਰੂਪ੍ਰਤੀ ਸ਼ਰਧਾ ਦਾ ਪ੍ਰਗਟਾ ਕਰਦੇ ਸਨ, ਉਥੇ ਇਹ ਸਿੱਖਾਂ ਨੂੰ ਇਹ ਤੱਥ ਸਦਾ ਲਈ ਯਾਦ ਰਖਣ ਦੀ ਵੀ ਪ੍ਰੇਰਨਾ ਕਰਦੇ ਸਨ ਕਿ ਸਾਰੀਆਂ ਬਖ਼ਸ਼ਸ਼ਾਂ ਜੋ ਉਨ੍ਹਾਂ ਨੂੰ ਉਚ-ਆਚਰਨ ਅਤੇ ਰਾਜਸੀ ਸੱਤਾ ਦੇ ਰੂਪ ਵਿਚ ਪ੍ਰਾਪਤ ਹੋਈਆਂ ਹਨ, ਜਾਂ ਅੱਗੇ ਨੂੰ ਹੋਣਗੀਆਂ, ਸਤਿਗੁਰੂਦੀ ਰਹਿਮਤ ਸਮਝਣ। ਇਹ ਸ਼ਬਦ ਨਿਮਨ ਪ੍ਰਕਾਰ ਸਨਃ-

ਦੇਗ਼-ਵ-ਤੇਗ਼-ਵ-ਨੁਸਰਤ ਬੇਦਰੰਗ

ਯਾਫ਼ਤ ਅਜ਼ ਨਾਨਕ ਗੁਰੂਗੋਬਿੰਦ ਸਿੰਘ

ਇਸ ਦੇ ਦੂਜੇ ਪਾਸੇ ਇਹ ਸ਼ਬਦ ਉਕਰੇ ਗਏ।

ਜ਼ਰਬ ਦਾਰੁਲਸਲ ਤਨਤ ਲਾਹੌਰ ਸੰਮਤ 1822

ਇਹੋ ਹੀ ਸਿੱਕਾ ਮਿਸਲਦਾਰ ਸਰਦਾਰਾਂ ਨੇ ਹਰ ਥਾਂ ਜਾਰੀ ਕੀਤਾ ਅਤੇ ਇਸੇ ਨੂੰ ਹੀ ਬਾਦ ਵਿਚ ਮਹਾਰਾਜਾ ਰਣਜੀਤ ਸਿੰਘ ਨੇ ਆਪਣਾਇਆ।

ਤਿੰਨ ਕੁ ਮਹੀਨਿਆਂ ਵਿਚ ਮਿਸਲਦਾਰ ਸਰਦਾਰਾਂ ਨੇ ਆਪਣੀਆਂ ਮੱਲਾਂ ਪਕੀਆਂ ਕਰ ਲਈਆਂ। ਪਰ ਗੁਰੂਕੀ ਨਗਰੀ ਅੰਮ੍ਰਿਤਸਰ ਨੂੰ ਸਰਬੱਤ ਖ਼ਾਲਸੇ ਲਈ ਸਾਂਝਾ ਰਖਿਆ ਅਤੇ ਬਹੁਤ ਸਾਰੇ ਸਰਦਾਰਾਂ ਨੇ ਦੀਵਾਲੀ ਅਤੇ ਵਿਸਾਖੀ ਨੂੰ ਆਪਣੇ ਉਤਾਰੇ ਅਤੇ ਟਿਕਾਣੇ ਲਈ ਇਥੇ ਆਪਣੇ ਆਪਣੇ ਬੁੰਗੇ ਬਣਾਏ।

ਸਰਦਾਰ ਜੱਸਾ ਆਹਲੂਵਾਲੀਆ ਨੇ ਵੀ ਆਪਣਾ ਇਕ ਬੁੰਗਾ ਅਤੇ ਬਾਜ਼ਾਰ ਕਟੜਾ ਆਹਲੂਵਾਲੀਆ ਬਣਾਇਆ ਜੋ ਹੁਣ ਤਕ ਕਾਇਮ ਹੈ।

ਸਰਦਾਰ ਆਹਲੂਵਾਲੀਏ ਦੇ ਇਲਾਕੇ ਆਮ ਤੌਰ ਤੇ ਜਲੰਧਰ ਦੁਆਬੇ ਵਿਚ ਹੀ ਸਨ, ਪਰ ਕੁਝ ਕੁ ਪਿੰਡ ਬਾਰੀ ਦੁਆਬ ਵਿਚ ਜ਼ਿਲਾ ਅੰਮ੍ਰਿਤਸਰ ਵਿਚ ਵੀ ਸਨ। ਤੀਹ ਚਾਲੀ ਪਿੰਡ ਸਤਲੁਜ ਦਰਿਆ ਦੇ ਦੱਖਣ ਨੂੰ ਈਸੜੂਦੇ ਆਲੇ ਦੁਆਲੇ ਸਨ।

ਇਸ ਦੌਰਾਨ ਸਰਬੱਤ ਖ਼ਾਲਸਾ ਬਾਬਾ ਆਲ੍ਹਾ ਸਿੰਘ ਨੂੰ ਸਜ਼ਾ ਦੇਣਾ ਚਾਹੁੰਦਾ ਸੀ ਕਿਉਂਕਿ ਉਸ ਨੇ ਸਿਖਾਂ ਦੇ ਦੁਸ਼ਮਣ ਅਹਿਮਦ ਸ਼ਾਹ ਅਬਦਾਲੀ ਪਾਸੋਂ ਰਾਜਗੀ ਦੇ ਚਿੰਨ ਸਵੀਕਾਰ ਕੀਤੇ ਸਨ। ਭਾਵੇਂ ਆਲ੍ਹਾ ਸਿੰਘ ਨੇ ਇਹ ਸਭ ਕੁਝ ਵੇਲਾ ਟਪਉਣ ਲਈ ਕੀਤਾ ਸੀ, ਪਰ ਸਿੰਘ ਉਸ ਨੂੰ ਮੁਆਫ਼ ਕਰਨ ਲਈ ਤਿਆਰ ਨਹੀਂ ਸਨ। ਉਹ ਸਮਝਦੇ ਸਨ ਕਿ ਉਸ ਨੇ ਕੇਸਾਂ ਵਾਲਾ ਅਰਥਾਤ ਗੁਰੂਦੀ ਮੁਹਰ ਵਾਲਾ ਸਿਰ ਸ਼ਾਹ ਅੱਗੇ ਝੁਕਾ ਕੇ ਗੁਰੂਦੀ ਹੇਠੀ ਕੀਤੀ ਹੈ। ਇਸ ਲਈ ਉਹ ਪਟਿਆਲੇ ਵਲ ਉਲਰ ਪਏ।

ਇਹ ਸੁਣ ਕੇ ਬਾਬਾ ਆਲ੍ਹਾ ਸਿੰਘ ਨੇ ਦਲ ਖ਼ਾਲਸਾ ਜੀ ਪਾਸ ਆਪਣੇ ਵਕੀਲ ਭੇਜੇ ਕਿ ਦੁਰਾਨੀ ਨਾਲ ਮੇਲ ਦੀ ਅਵੱਗਿਆ ਲਈ ਤਨਖਾਹ ਲਾ ਕੇ ਇਸ ਨੂੰ ਅਣਡਿੱਠ ਕਰ ਦਿੱਤਾ ਜਾਏ, ਨਾਲ ਹੀ ਕੁਝ ਫ਼ੌਜ ਭੇਜ ਦਿਤੀ ਕਿ ਕਿਸੇ ਵਲੋਂ

ਇਲਾਕੇ ਤੇ ਕੋਈ ਵਧੀਕੀ ਨਾ ਹੋ ਜਾਵੇ। ਪਟਿਆਲੇ ਤੋਂ ਉੱਤਰ ਨੂੰ ਲੰਗ ਅਤੇ ਚਲਾਇਲਾ ਪਿੰਡਾ ਦੇ ਵਿਚਕਾਰ ਇਸ ਫ਼ੌਜ ਨਾਲ ਝੜਪ ਹੋ ਗਈ ਅਤੇ ਸ਼ੁਰੂਵਿਚ ਗੋਲੀ ਲਗ ਜਾਣ ਪੁਰ ਸਰਦਾਰ ਹਰੀ ਸਿੰਘ ਚਲਾਣਾ ਕਰ ਗਏ।

ਸਰਦਾਰ ਜੱਸਾ ਸਿੰਘ ਨੂੰ ਜਿਸ ਵੇਲੇ ਇਸ ਗੱਲ ਦਾ ਪਤਾ ਲਗਾ ਤਾਂ ਉਨ੍ਹਾਂ ਨੇ ਤੁਰੰਤ ਵਿਚ ਪੈ ਕੇ ਸਮਝੋਤਾ ਕਰਾਇਆ। ਉਨ੍ਹਾਂ ਨੇ ਸਿੰਘਾਂ ਨੂੰ ਸਮਝਾਇਆ ਕਿ ਜੋ ਹੋਣਾ ਸੀ, ਹੋ ਚੁੱਕਾ, ਹੁਣ ਆਪਸ ਵਿਚ ਲੜਨ ਦਾ ਕੋਈ ਫਾਇਦਾ ਨਹੀਂ। ਸੁਲਤਾਨੁਲਕੌਮ ਦੀ ਇਹ ਗੱਲ ਮੰਨ ਲਈ ਗਈ। ਬਾਬਾ ਆਲ੍ਹਾ ਸਿੰਘ ਨੂੰ ਮੁੜ ਅੰਮ੍ਰਿਤ ਛਕਾਇਆ ਗਿਆ ਅਤੇ ਤਨਖਾਹ ਲਾ ਕੇ ਦਲ ਵਾਪਸ ਹੋ ਗਿਆ।

ਸਰਦਾਰ ਜੱਸਾ ਸਿੰਘ, ਦੂਰ ਦੀ ਸੋਝੀ ਰਖਦੇ ਸਨ। ਉਨ੍ਹਾਂ ਦਾ ਇਹ ਸੁਚੱਜਾ ਕੰਮ ਪੰਥ ਦੀ ਏਕਤਾ ਕਾਇਮ ਰਖਣ ਵਿਚ ਬਹੁਤ ਸਹਾਈ ਸਿਧ ਹੋਇਆ।

1● ਅਪਰੈਲ ਸੰਨ 1766 ਈ. ਨੂੰ ਸ੍ਰੀ ਅੰਮ੍ਰਿਤਸਰ ਵਿਸਾਖੀ ਮਨਾ ਕੇ ਖ਼ਾਲਸਾ ਜੀ ਆਪਣੇ ਆਪਣੇ ਇਲਾਕਿਆ ਨੂੰ ਚਲੇ ਗਏ ਅਤੇ ਲੋੜ ਅਨੁਸਾਰ ਪ੍ਰਬੰਧ ਵਲ ਧਿਆਨ ਦੇਣ ਲਗ ਪਏ। ਨੱਕੇ ਅਤੇ ਮੁਲਤਾਨ ਦੇ ਪਾਸੇ ਹਾਲੇ ਤਕ ਪੂਰੀ ਤਰ੍ਹਾਂ ਖ਼ਾਲਸੇ ਦੇ ਪੱਕੇ ਕਬਜ਼ੇ ਨਹੀਂ ਸਨ ਹੋਏ।

1766-67 ਵਿਚ ਅਹਿਮਦ ਸ਼ਾਹ ਅਬਦਾਲੀ ਨੇ ਪੰਜਾਬ ਉਤੇ ਅਠਵੀਂ ਵਾਰ ਹਮਲਾ ਕੀਤਾ। ਇਸ ਵਾਰੀ ਦੇ ਗੱਲਾ ਨੇ ਉਸ ਨੂੰ ਅਜਿਹਾ ਕਰਨ ਲਈ ਪ੍ਰੇਰਤ ਕੀਤਾ। ਇਕ ਤਾਂ ਬੰਗਾਲ ਦੇ ਮੀਰ ਕਾਸਿਮ ਨੇ ਉਸ ਨੂੰ ਹਿੰਦੁਸਤਾਨ ਆਉਣ ਦਾ ਸੱਦਾ ਦਿੱਤਾ ਸੀ ਤਾਂ ਕਿ ਉਹ ਮੁਰਸ਼ਦਾ ਬਾਦ ਵਿਚ ਉਸ ਨੂੰ ਮੁੜ ਤਖ਼ਤ ਤੇ ਬਿਠ ਸਕੇ। ਦੂਜੇ ਉਹ ਸਿਖਾਂ ਦੀ ਵਧ ਰਹੀ ਤਾਕਤ ਇਥੋਂ ਤਕ ਕਿ ਉਹ ਅਫ਼ਗਾਨਿਸਤਾਨ ਦੀ ਸਰਹੱਦ ਦੇ ਨਿਕਟਵਰਤੀ ਇਲਾਕਿਆਂ ਨੂੰ ਬਖ਼ਸ਼ਦੇ ਨਹੀਂ ਸਨ, ਉਤੇ ਰੋਕ ਲਾਉਣਾ ਚਾਹੁੰਦਾ ਸੀ। ਤੀਜੇ ਉਹ ਇਹ ਵੀ ਸਮਝਦਾ ਸੀ ਕਿ ਜੋ ਦਿੱਲੀ ਵਿਚ ਉਹ ਆਪਣੇ ਵਫ਼ਾਦਾਰ ਪਖੀ ਨਜ਼ੀਬੁਦੌਲਾ ਨਾਲ ਤਾਲ-ਮੇਲ ਨਹੀਂ ਰਖੇਗਾ, ਤਾਂ ਉਸ ਦਾ ਭਾਰਤ ਵਿਚ ਰਹਿਆ ਸਹਿਆ ਰਸੂਖ਼ ਵੀ ਖ਼ਤਮ ਹੋ ਜਾਏਗਾ।

ਪਰੰਤੂਉਹ ਆਪਣੇ ਕਿਸੇ ਟੀਚੇ ਨੂੰ ਵੀ ਪ੍ਰਾਪਤ ਨਾ ਕਰ ਸਕਿਆ। ਇਸ ਵਿਚ ਕੋਈ ਸ਼ੱਕ ਨਹੀਂ ਕਿ ਉਸ ਨੇ ਸਹਿਜੇ ਹੀ ਲਾਹੌਰ ਤੇ ਕਬਜ਼ਾ ਕਰ ਲਿਆ ਅਤੇ ਇਥੇ ਸਿੰਘਾਂ ਨੇ ਉਸ ਨੂੰ ਕੁਝ ਵੀ ਨਾ ਆਖਿਆ, ਪਰ ਉਹ ਸਮਝ ਗਿਆ ਕਿ ਇਹ ਸਿੱਖਾਂ ਦੀ ਇਕ ਚਾਲ ਹੈ। ਉਹ ਮੌਕਾ ਆਉਣ ਤੇ ਜ਼ਰੂਰ ਉਸ ਉਤੇ ਝਪਟਣਗੇ। ਜਦੋਂ ਉਸ ਨੂੰ ਲਾਹੌਰ ਸ਼ਹਿਰ ਦੇ ਪਤਵੰਤਿਆ ਨੇ ਦਸਿਆ ਕਿ ਲਾਹੌਰ ਦਾ ਸਿੱਖ ਸ਼ਾਸਕ ਲਹਿਣਾ ਸਿੰਘ ਕਮਾਲ ਦਾ ਆਦਮੀ ਹੈ ਅਤੇ ਪਰਜਾ ਦਾ ਉਤਸ਼ਾਹ -ਪੂਰਨ ਹਿਤੈਸ਼ੀ ਹੈ, ਤਾਂ ਉਸ ਨੂੰਇਕ ਨਵੇਂ ਤੱਥ ਪ੍ਰਤੀ ਸੋਝੀ ਆਈ ਤੇ ਉਹ ਇਹ ਸੀ ਕਿ ਸਿੱਖਾਂ ਦਾ ਰਾਜ ਕਬੂਲਣ ਲਈ ਜਨਤਾ ਦਾ ਮਨ ਤਿਆਰ ਹੈ। ਉਸ ਨੇ ਹੁਣ ਆਪਣੀ ਨੀਤੀ ਵਿਚ ਤਬਦੀਲੀ ਲਿਆਉਣ ਦਾ ਇਰਾਦਾ ਕਰ ਲਿਆ।

ਸਭ ਤੋਂ ਪਹਿਲਾਂ ਉਸ ਨੇ ਲਹਿਣਾ ਸਿੰਘ ਨੂੰ ਆਪਣੇ ਵੱਲ ਕਰਨਾ ਚਾਹਿਆ। ਉਸ ਨੇ ਉਸ ਨੂੰ ਤੁਹਫੇ ਵਜੋਂ ਫਲ ਭੇਜੇ ਅਤੇ ਇਕ ਚਿੱਠੀ ਲਿਖੀ ਕਿ ਤੂੰ ਪੂਰੀ ਤਸੱਲੀ ਰੱਖ ਕੇ ਮੈਨੂੰ ਮਿਲ। ਮੈਂ ਲਾਹੌਰ ਦੀ ਸੂਬੇਦਾਰੀ ਤੈਨੂੰ ਦੇ ਦਿਆਂਗਾ।

ਲਹਿਣਾ ਸਿੰਘ ਨੇ ਚਿੱਠੀ ਪੜ੍ਹੀ ਦੇ ਫਲਾਂ ਦੀ ਟੋਕਰੀ ਉਸੇ ਤਰ੍ਹਾਂ ਮੋੜ ਦਿੱਤੀ ਸਗੋਂ ਉਸ ਵਿਚ ਕਣਕ ਅਤੇ ਛੋਲਿਆਂ ਦੇ ਰਲਵੇਂ ਮਿਲਵੇਂ ਦਾਣੇ ਪਾ ਦਿੱਤੇ ਤੇ ਨਾਲ ਕਹਿ ਭੇਜਿਆ ਕਿ ਫਲ ਤਾਂ ਤੁਹਾਡੇ ਵਰਗੇ ਬਾਦਸ਼ਾਹਾਂ ਨੂੰ ਹੀ ਸ਼ੋਭਦੇ ਹਨ, ਮੇਰੇ ਵਰਗੇ ਗ਼ਰੀਬ ਜੱਟ ਲਈ ਦਾਣੇ ਹੀ ਸੋ ਨਿਆਮਤਾਂ ਹਨ।

ਜਦੋਂ ਅਹਿਮਦ ਸ਼ਾਹ ਅਬਦਾਲੀ ਮੌਲ੍ਵੀ ਅਬਦੁਲਾ ਦੇ ਭਰਾ ਦਾਦਨ ਖਾਨ ਨੂੰ ਲਾਹੌਰ ਦਾ ਹਾਕਮ ਬਣਾ ਕੇ 29 ਦਸੰਬਰ 1769 ਨੂੰ ਅੰਮ੍ਰਿਤਸਰ ਪੁੱਜਾ ਤਾਂ ਲਹਿਣਾ ਸਿੰਘ ਤੇ ਉਸਦੇ ਸਾਥੀ ਹੋਰਨਾਂ ਸਰਦਾਰਾਂ ਨੇ ਲਾਹੌਰ ਵਿਚ ਸ਼ਾਹ ਦਾ ਡੇਰਾ ਲੁਟ ਲਿਆ।

ਇਸ ਤੋਂ ਤੁਰੰਤ ਪਿਛੋਂ, ਅਹਿਮਦ ਸ਼ਾਹ ਨੇ ਸਿੱਖਾਂ ਨਾਲ ਸੁਲਾਹ ਕਰਨ ਦੀ ਵਿਉਂਤਬੱਧ ਕੋਸ਼ਿਸ਼ ਕੀਤੀ। ਉਸ ਨੇ ਨੂਰ ਦੀ ਸਰਾਏ ਤੇ 15 ਜਨਵਰੀ ਨੂੰ ਜੱਸਾ ਸਿੰਘ ਆਹਲੂਵਾਲੀਆ ਅਤੇ ਹੋਰਨਾਂ ਸਰਦਾਰਾਂ ਨੂੰ ਚਿੱਠੀਆਂ ਲਿਖੀਆਂ ਕਿ ਜੇ ਤੁਹਾਡੀ ਸ਼ਾਹੀ ਖਿਦਮਤ ਦੀ ਇੱਛਾ ਹੋਵੇ, ਤਾਂ ਆਕੇ ਮੈਨੂੰ ਮਿਲ ਲਵੋਂ ਅਤੇ ਜੇ ਤੁਹਾਡੀ ਨੀਅਤ ਵਿਰੋਧ ਦੀ ਹੈ ਤਾਂ ਮੈਦਾਨ ਵਿਚ ਫ਼ੈਸਲਾ ਕਰ ਲਵੋ। ਉਪਰੰਤ ਸ਼ਾਹ ਦੇ ਇਸ਼ਾਰੇ ਤੇ ਅਦੀਨਾ ਬੇਗ ਦੇ ਪਰਵਾਰ ਵਿਚੋਂ ਸਆਦਤ ਖਾਂ ਨੇ ਵੀ ਕਹਿਲਾ ਭੇਜਿਆ ਕਿ ਸ਼ਾਹ ਤੁਹਾਡੇ ਪਾਸੋਂ ਇਲਾਕਾ ਖੋਹਣਾ ਨਹੀਂ ਚਾਹੁੰਦਾ, ਉਹ ਤੁਹਾਡੇ ਨਾਲ ਸੁਲਾਹ ਸਫ਼ਾਈ ਦਾ ਖ਼ਾਹਸ਼ਮੰਦ ਹੈ।

ਪਰੰਤੂਖ਼ਾਲਸਾ ਜੀ ਵਲੋਂ ਸ: ਜੱਸਾ ਸਿੰਘ ਨੇ ਗੱਲ-ਬਾਤ ਕਰਨੀ ਪਰਵਾਨ ਨਾ ਕੀਤੀ। ਉਹ ਅਹਿਮਦ ਸ਼ਾਹ ਅਬਦਾਲੀ ਦੇ ਸਾਹਮਣੇ ਆਪਣੇ ਆਪ ਨੂੰ ਹੀਣਿਆਂ ਨਹੀਂ ਕਰਨਾ ਚਾਹੁੰਦੇ ਸਨ। ਵਾਸਤਵ ਵਿਚ ਉਹ ਕੋਈ ਆਮ ਲੜਾਕੇ ਨਹੀਂ ਸਨ, ਉਹ ਤਾਂ ਸਹੀ ਅਰਥਾਂ ਵਿਚ ਖ਼ਾਲਸਈ ਕਰਾਂਤੀਕਾਰੀ ਸਨ ਜਿਨ੍ਹਾਂ ਦਾ ਉਦੇਸ਼ ਖ਼ਾਲਸਈ ਰਾਜ ਦੀ ਸਥਾਪਨਾ ਕਰ ਕੇ ਨਵੀਨ ਸਮਾਜ ਦੀ ਉਸਾਰੀ ਕਰਨਾ ਸੀ। ਉਹ ਅਹਿਮਦਸ਼ਾਹ ਅਬਦਾਲੀ ਨੂੰ ਕਿਵੇਂ ਬਰਦਾਸ਼ਤ ਕਰ ਸਕਦੇ ਸਨ ਜਿਸ ਦਾ ਮੰਤਵ ਅਫ਼ਗ਼ਾਨੀ ਸਾਮਰਾਜ ਕਾਇਮ ਕਰਨਾ ਸੀ ਅਤੇ ਪ੍ਰਚਲਿਤ ਜਗੀਰਦਾਰੀ ਪ੍ਰਥਾ ਵਿਚ ਪਲੇ ਹੋਏ ਹੁਕਮਰਾਨ ਜਾਤੀ ਨੂੰ ਆਪਣਾ ਹੱਕ ਠੇਕਾ ਬਣਾਉਣਾ ਸੀ। ਇਸ ਲਈ ਦੋਹਾਂ ਧਿਰਾਂ ਵਿਚ ਲੜਾਈ ਅਵਸ਼ਕ ਸੀ।

17 ਜਨਵਰੀ 1767 ਈ : ਨੂੰ ਸ: ਜੱਸਾ ਸਿੰਘ ਆਹਲੂਵਾਲੀਆ ਅਤੇ ਉਸ ਦੇ ਸਹਾਇਕ ਸਰਦਾਰ ਹੀਰਾ ਸਿੰਘ, ਲਹਿਣਾ ਸਿੰਘ ਅਤੇ ਗੁੱਜਰ ਸਿੰਘ ਭੰਗੀ ਨੇ ਅਹਿਮਦਸ਼ਾਹ ਅਬਦਾਲੀ ਦੇ ਜਰਨੈਲ ਅਤੇ ਬਖ਼ਸ਼ੀ ਜਹਾਨ ਖ਼ਾਂਨ ਨੂੰ ਲਕਤੋੜਵੀਂ ਹਾਰ ਦਿੱਤੀ ਜਦੋਂ ਉਸ ਨੇ ਅੰਮ੍ਰਿਤਸਰ ਤੇ ਚੜ੍ਹਾਈ ਕਰਕੇ ਸਿੱਖਾਂ ਨੂੰ ਮਾਰਨਾ ਚਾਹਿਆ। ਇਸ ਟਾਕਰੇ ਵਿਚ ਪੰਜ ਛੇ ਹਜ਼ਾਰ ਦੁਰਾਨੀਆਂ ਨੂੰ ਮਾਰ ਦਿੱਤਾ ਗਿਆ। ਅਤੇ ਜਹਾਨ ਖ਼ਾਨ ਨੂੰ ਪਿੱਛੇ ਹੱਟਣ ਲਈ ਮਜ਼ਬੂਰ ਕਰ ਦਿੱਤਾ। ਅਹਿਮਦਸ਼ਾਹ ਅਬਦਾਲੀ ਨੂੰ ਜਦੋਂ ਇਸ ਗੱਲ ਦਾ ਪਤਾ ਲਗਿਆ, ਉਹ ਫ਼ੌਰਨ ਅੰਮ੍ਰਿਤਸਰ ਪੁਜਿਆ, ਪਰ ਸਿੰਘ ਪਹਿਲਾਂ ਹੀ ਹਰਨ ਹੋ ਚੁਕੇ ਸਨ।

ਅਹਿਮਦਸ਼ਾਹ ਦੁਰਾਨੀ ਇਸ ਤੋਂ ਬਾਦ ਦੁਆਬੇ ਵਿਚ ਜਾ ਵੜਿਆ, ਉਥੇ ਵੀ ਸਿੱਘਾਂ ਨੇ ਉਸ ਨੂੰ ਬਹੁਤ ਪ੍ਰੇਸ਼ਾਨ ਕੀਤਾ। ਮਾਰਚ 1767 ਈ: ਦੇ ਅਰੰਭ ਵਿਚ ਜਦ ਸ਼ਾਹ ਸਤਲੁਜੋਂ ਪਾਰ ਹੋ ਕੇ ਦਿੱਲੀ ਵੱਲ ਨੂੰ ਤੁਰਿਆ ਤਾਂ ਸਿੰਘਾਂ ਨੇ ਲਾਹੌਰ ਉਤੇ ਜਾ ਕਬਜ਼ਾ ਕੀਤਾ ਅਤੇ ਰਾਵੀ ਤੋਂ ਲੈ ਕੇ ਸਤਲੁਜ ਤਕ ਦਾ ਸਾਰਾ ਇਲਾਕਾ ਆਪਣੇ ਕਬਜ਼ੇ ਵਿਚ ਕਰ ਲਿਆ। ਇਕ ਸਮਕਾਲੀ ਲਿਖਤ ਅਨੁਸਾਰ "ਸ਼ਾਹ ਦਾ ਪਰਭਾਵ ਕੇਵਲ ਉਨ੍ਹਾਂ ਥਾਵਾਂ ਤਕ ਹੀ ਹੈ ਜਿਥੋਂ ਦੀ ਉਸ ਦੀ ਫ਼ੌਜ ਲੰਘ ਰਹੀ ਹੈ। ਪਿੰਡਾਂ ਦੇ ਜ਼ਿਮੀਂਦਾਰ ਲੋਕ ਆਮ ਤੌਰ ਤੇ ਇੰਨੇ ਜ਼ਿਆਦਾ ਸਿੱਖਾਂ ਦੇ ਹੱਕ ਵਿਚ ਮਲੂਮ ਹੁੰਦੇ ਹਨ ਕਿ ਸਿੱਖ ਸਾਧਾਰਨ ਤੌਰ ਤੇ ਹੀ ਉਨ੍ਹਾਂ ਦੇ ਪਿੰਡ ਵਿਚ ਜਾ ਟਿਕਦੇ ਹਨ ਅਤੇ ਸਹਿਜੇ ਹੀ ਅੰਨ ਪਾਣੀ ਉਨ੍ਹਾਂ ਨੂੰ ਮਿਲ ਜਾਂਦਾ ਹੈ। ਦਿਨੇ ਉਹ ਉਥੋਂ ਉਠ ਕੇ ਫੇਰ ਸ਼ਾਹ ਦੀ ਫ਼ੌਜ ਨੂੰ ਆ ਤੰਗ ਕਰਦੇ ਹਨ।

ਇਸੇ ਦੌਰਾਨ ਧੁੰਮਾਂ ਪੈ ਗਈਆਂ ਕਿ ਸਿੱਖਾਂ ਨੇ ਅਹਿਮਦਸ਼ਾਹ ਅਬਦਾਲੀ ਦੀ ਤਾਕਤ ਦਾ ਜਾਦੂਤੋੜ ਦਿੱਤਾ ਹੈ। ਉਧਰੋਂ ਈਸਟ ਇੰਡੀਆਂ ਕੰਪਨੀ ਨੇ ਵੀ ਸ਼ਾਹ ਆਲਮ, ਸ਼ੁਜਾਉਦੌਲਾ ਰੁਹੇਲੀਆਂ ਅਤੇ ਮਰਾਠਿਆਂ ਨੂੰ ਲਿਖ ਦਿੱਤਾ ਕਿ ਉਹ ਅਹਿਮਦਸ਼ਾਹ ਨੂੰ ਬਿਲਕੁਲ ਨਾ ਮਿਲਣ ।ਅੰਗਰੇਜ਼ਾਂ ਵਲੋਂ ਇਸ ਕਾਰਵਾਈ ਦਾ ਇਹ ਅਸਰ ਹੋਇਆ ਕਿ ਨਜੀਬਉਦੌਲਾ ਵੀ ਅਹਿਮਦਸ਼ਾਹ ਨਾਲ ਸਾਂਝਾ ਮੁਹਾਜ਼ ਬਣਾਉਣ ਤੋਂ ਝਿਜਕਣ ਲਗ ਪਿਆ। ਨਤੀਜੇ ਦੇ ਤੋਰ ਤੇ ਅਹਿਮਦਸ਼ਾਹ ਇਸਮਾਈਲਾ ਬਾਦ ਤੋਂ ਵਾਪਸ ਮੁੜ ਪਿਆ। ਉਹ 28 ਮਾਰਚ 1767 ਨੂੰ ਅੰਬਾਲੇ ਪੁੱਜਾ। ਇਥੋਂ ਉਸ ਨੇ ਸਰਹੰਦ ਵਲ ਕੂਚ ਕੀਤਾ।

ਇਥੇ ਉਸ ਨੇ ਪ੍ਰਸੰਨ ਹੋ ਕੇ ਨਜੀਬਉਦੌਲਾ ਦੇ ਪੁੱਤਰ ਨੂੰ ਸਰਹਿੰਦ ਦੀ ਫ਼ੌਜਦਾਰੀ ਦੇ ਦਿੱਤੀ। ਸਰਹਿੰਦ ਦੀ ਮਲਕੀਅਤ ਰਾਜਾ ਅਮਰ ਸਿੰਘ ਦੀ ਸੀ। ਸ਼ਾਹ ਨੇ ਉਸ ਪਾਸੋਂ ਬਾਬਾ ਆਲ੍ਹਾ ਸਿੰਘ ਦੇ ਵੇਲੇ ਦੀ ਬਣਦੀ ਰਕਮ ਵਜੋਂ ਨੌਂ ਲੱਖ ਰੁਪਏ ਦੀ ਰਕਮ ਮੰਗੀ। ਇਸੇ ਸਮੇਂ ਨਜੀਬਉਦੌਲਾ ਨੇ ਤਨਜ਼ ਦੇ ਕੁਝ ਸ਼ਬਦ ਬੋਲੇ ਜਿਸ ਤੋਂ ਅਮਰ ਸਿੰਘ ਨੂੰ ਸਮਝ ਲਗ ਗਈ ਕਿ ਉਹ ਉਸਨੂੰ ਕੈਦ ਕਰਨ ਦੀ ਵਿਉਂਤ ਬਣਾ ਰਿਹਾ ਹੈ। ਉਸ ਦੀ ਪਟ ਰਾਣੀ ਫ਼ੱਤੇ ਨੇ ਫ਼ੋਰਨ ਸ਼ਾਹ ਦੇ ਵਜ਼ੀਰ ਸ਼ਾਹ ਵਲੀ ਖ਼ਾਨ ਨੂੰ ਗੁਪਤ ਰੂਪ ਵਿਚ ਮਿਲੀ ਅਤੇ ਕੁਝ ਤੋਹਫ਼ੇ ਨਜ਼ਰ ਵਜੋਂ ਪੇਸ਼ ਕਰ ਕੇ ਉਸ ਦੀ ਸਹਾਇਤਾ ਮੰਗੀ। ਫਲਸਰੂਪ ਅਹਿਮਦ ਸ਼ਾਹ ਅਬਦਾਲੀ ਨੇ ਅਮਰ ਸਿੰਘ ਨੂੰ ਨਾ ਕੇਵਲ ਸਰਹਿੰਦ ਦੀ ਫ਼ੌਜਦਾਰੀ ਵਾਪਸ ਕਰ ਦਿੱਤੀ ਸਗੋਂ ਉਸ ਨਾਲ ਮਿੱਤਰਤਾ ਦੀ ਪੀਡੀਆਂ ਗੰਢਾਂ ਪਾਉਣ ਲਈ ਉਸ ਨੂੰ ਰਾਜਾਇਰਾਜਗਾਨ ਦਾ ਪਦਵੀ ਦਿੱਤੀ ਅਤੇ ਅਹਿਮਦ ਸ਼ਾਹ ਦੇ ਨਾਮ ਤੇ ਆਪਣਾ ਸਿੱਕਾ ਚਲਾਉਣ ਦੀ ਆਗਿਆ ਵੀ ਬਖਸ਼ ਦਿੱਤੀ।

ਰਾਜਾ ਅਮਰ ਸਿੰਘ ਨੇ ਸ਼ਾਹ ਵਲੀ ਖ਼ਾਨ ਦੇ ਧੰਨਵਾਦ ਵਜੋਂ ਉਸਦੀ ਖੇਡ ਦਾ ਨਾਉਂ 'ਬਾਮਜ਼ਈ' ਆਪਣੀ ਮੁਹਰ ਉਤੇ ਆਪਣੇ ਨਾਮ ਨਾਲ ਲਾ ਲਿਆ ਅਤੇ ਜੋ ਸਿੱਕੇ ਜਾਰੀ ਕੀਤੇ ਉਨ੍ਹਾਂ ਉਪਰ ਉਹ ਹੀ ਅਖਰ ਉਕਰੇ ਗਏ ਜੋ ਅਹਿਮਦ ਸ਼ਾਹ ਦੇ ਸਿੱਕਿਆ ਉਤੇ ਸਨ।

ਹੁਕਮ ਸ਼ੁਦ ਅਜ਼ ਕਾਦਿਰਿ ਬੇਚੂੰ ਬ-ਅਹਿਮਦ ਪਾਦਸ਼ਾਹ

ਸਿੱਕਾ ਜ਼ਨ ਬਰ ਸੀਮੋ ਜ਼ਰ ਅਜ਼ ਔਜਿ ਮਾਹੀ ਤਾਬ-ਮਾਹ।

ਸਿੱਖਾਂ ਨੇ ਅਮਰ ਸਿੰਘ ਦੇ ਇਸਸ ਕਰਮ ਨੂੰ ਬੁਜ਼ਦਿਲ ਵਾਲਾ ਸਮਝਿਆ ਅਤੇ ਉਸ ਨੂੰ ਸਜ਼ਾ ਦੇਣ ਲਈ ਸੋਚਣ ਲੱਗੇ, ਸੰਨ 1767 ਈ: ਦੀ ਗਰਮੀ ਦੀ ਰੁੱਤ ਵਿਚ ਜਦ ਸਰਦਾਰ ਜੱਸਾ ਸਿੰਘ, ਸਰਦਾਰ ਬਘੇਲ ਸਿੰਘ ਕਰੋੜ ਸਿੰਘੀਆਂ ਅਤੇ ਕੁਝ ਹੋਰ ਸਰਦਾਰ ਮਾਲਵੇ ਵਿਚ ਵਿਚਰਦੇ ਹੋਏ ਪਟਿਆਲਾ ਪਹੁੰਚੇ, ਤਾਂ ਮਹਾਰਾਜਾ ਅਮਰ ਸਿੰਘ ਇਥੇ ਨਹੀਂ ਸਨ। ਸਰਦਾਰ ਬਘੇਲ ਸਿੰਘ ਨੂੰ ਖ਼ਿਆਲ ਆਇਆ ਕਿ ਪਟਿਆਲਾ ਉਤੇ ਕਬਜ਼ਾ ਕਰ ਲੈਣ ਦਾ ਇਕ ਚੰਗਾ ਮੌਕਾ ਹੈ। ਪਰੰਤੂਜੱਸਾ ਸਿੰਘ ਨੇ ਰੋਕ ਦਿੱਤਾ ਤੇ ਕਿਹਾ "ਨਹੀਂ ਪਟਿਆਲੇ ਨੂੰ ਨਹੀਂ ਛੇੜਨਾ'। ਸਰਦਾਰ ਦਾ ਵਿਹਾਰ ਸੀ ਕਿ ਜੋ ਕੁਝ ਹੋਣਾ ਸੀ ਹੁਣ ਹੋ ਚੁਕਿਆ ਹੈ। ਅਫ਼ਗਾਨਾਂ ਦੇ ਜੱਫੇ ਤੋਂ ਪੰਜਾਬ ਨੂੰ ਮੁਕਤ ਕਰਵਾਉਣਾ ਖਾਲਸੇ ਦਾ ਨਿਸ਼ਾਨਾ ਸੀ, ਉਹ ਪੂਰਾ ਹੋ ਗਿਆ ਹੈ। ਹੁਣ ਤਾਕਤ ਹੱਥ ਆਉਣ ਪਿੱਛੇ ਆਪਸ ਵਿਚ ਲੜਾਈ ਛੇੜ ਦੇਣੀ ਕੋਈ ਸਿਆਣਪ ਨਹੀਂ ਹੋਵੇਗੀ। ਪਟਿਆਲੇ ਦਾ ਘਰ ਗੁਰੂਦਾ ਵਰੋਸਾਇਆ ਹੋਇਆ ਹੈ ਅਤੇ ਗੁਰੂਗੋਬਿੰਦ ਸਿੰਘ ਜੀ ਨੇ ਆਪਣੇ ਇਕ ਹੁਕਮਨਾਮੇ ਵਿਚ ਲਿਖਿਆ ਸੀ,

'ਤੇਰਾ ਘਰ ਮੇਰਾ ਅਸੈ' ਤੇਰੇ ਉਤੇ ਸਾਡੀ ਖਰੀ ਮਿਹਰਵਾਨਗੀ ਹੋਵੇ ਅਸੈ।

ਜਦੋਂ ਮਹਾਰਾਜਾ ਅਮਰ ਸਿੰਘ ਨੂੰ ਇਸ ਗੱਲ ਦਾ ਪਤਾ ਲਗਿਆ, ਤਾਂ[1] ਉਸ ਨੇ ਸਰਦਾਰ ਦਾ ਹਾਰਦਿਕ ਧੰਨਵਾਦ ਕੀਤਾ।

11 ਮਈ ਨੂੰ ਨਜੀਬਉਦੌਲਾ ਸ਼ਾਹ ਪਾਸੋਂ ਛੁੱਟੀ ਲੈ ਕੇ ਘਰ ਨੂੰਮੁੜ ਪਿਆ ਅਤੇ ਸ਼ਾਹ ਨੇ ਅਫ਼ਗਾਨਿਸਤਾਨ ਵਲ ਮੋੜੇ ਪਾਏ। ਖ਼ਾਲਸਾ ਜੀ ਨਾਲ ਮੱਥਾ ਲਾਉਣੋਂ ਡਰਦਾ ਹੋਇਆ ਹੁਸ਼ਿਆਰਪੁਰ, ਜਲੰਧਰ, ਅੰਮ੍ਰਿਤਸਰ ਜਾਂ ਗੋਇੰਦਵਾਲ, ਤਰਨਤਾਰਨ, ਨੂਰ ਦੀ ਸਰਾਇ ਅਤੇ ਲਾਹੌਰ ਦੇ ਰਸਤੇ ਛੱਡ ਕੇ ਕਸੂਰ, ਪਾਕਪਟਨ ਅਤੇ ਮੁਲਤਾਨ ਦੇ ਰਸਤੇ ਕੰਧਾਰ ਨੂੰ ਚਲਾ ਗਿਆ[2]।

ਭਾਵੇਂ ਇਸ ਅਠਵੇਂ ਹਮਲੇ ਤੋਂ ਬਾਦ ਵੀ ਅਹਿਮਦਸ਼ਾਹ ਦੁਰਾਨੀ ਨੇ ਦੋ ਹੋਰ ਜਤਨ ਪੰਜਾਬ ਵਿਚ ਆਪਣੀ ਕਿਸਮਤ ਅਜ਼ਮਾਉਣ ਲਈ ਕੀਤੇ, ਪਰ ਉਸਨੂੰ ਕੋਈ ਵਿਸ਼ੇਸ਼ ਸਫ਼ਲਤਾ ਪ੍ਰਾਪਤ ਨਾ ਹੋਈ। ਸੰਨ 1769 ਈ: ਦੇ ਅਰੰਭ ਵਿਚ ਉਹ ਮੁਸ਼ਕਲ ਨਾਲ ਗੁਜਰਾਤ ਦੇ ਲਾਗੇ ਤਕ ਹੀ ਪੁਜ ਸਕਿਆ, ਅਤੇ ਸੰਨ 1771 ਈ: ਵਿਚ ਇਹ ਕਾਗ਼ਜ਼ੀ ਲਿਖਾਪੜ੍ਹੀ ਦੀ ਹੱਦ ਤੋਂ ਅੱਗੇ ਨਾ ਲੰਘਿਆ।

## ਕਾਂਡ ਉਨ੍ਹੀਵਾਂ

# ਸ. ਜੱਸਾ ਸਿੰਘ ਆਹਲੂਵਾਲੀਆ ਦੇ ਅੰਤਲੇ ਸਾਲ

ਸ. ਜੱਸਾ ਸਿੰਘ ਉੱਕਾ ਦੀ ਬੇਗਰਜ਼ ਵਿਅਕਤੀ ਸੀ। ਉਹ ਪੰਥ ਦੀ ਚੜ੍ਹਦੀ ਕਲਾ ਦਾ ਜ਼ਬਰਦਸਤ ਮੁਦੱਈ ਸੀ ਅਤੇ ਇਸਲਈ ਹਰ ਸੰਭਵ ਯਤਨ ਕਰਦਾ ਸੀ ਕਿ ਪੰਥ ਦੀ ਆਭਾ ਵਧੇ। ਸੁਭਾਅ ਤੋਂ ਅਤੀ ਸੰਤੋਖੀ ਅਤੇ ਗੁਰੂ ਤੇ ਅਟੁਟ ਵਿਸ਼ਵਾਸ ਰਖਣਾ ਵਾਲਾ ਸੀ। ਸ. ਜੱਸਾ ਸਿੰਘ ਦਾ ਮਨਸ਼ਾ ਨਿੱਜੀ ਪੱਧਰ ਅਤੇ ਨਿੱਜ ਲਈ ਬਹੁਤੀਆਂ ਮੱਲਾਂ ਮਾਰਨ ਦਾ ਨਹੀਂ ਸੀ। ਉਸਨੂੰ ਪੰਥ ਦੇ ਨਿਵਾਜਿਆ ਸੀ ਅਤੇ ਸਨਮਾਨਿਤ ਕੀਤਾ ਸੀ, ਇਸ ਵਿੱਚ ਉਹ ਪ੍ਰਸੰਨ ਅਤੇ ਸੰਤੁਸ਼ਟ ਸੀ। ਉਸਨੇ ਇਸ ਉੱਚ ਪਦਵੀ ਦਾ ਕਦੀ ਵੀ ਨਾਜਾਇਜ਼ ਫ਼ਾਇਦਾ ਨਹੀਂ ਉਠਾਇਆ ਸੀ। ਲਾਹੌਰ ਅਤੇ ਸਰਹਿੰਦ ਦੀਆਂ ਜਿੱਤਾਂ ਪਿਛੋਂ ਉਸਨੇ ਨਾਮ ਮਾਤਰ ਹੀ ਇਲਾਕੇ ਆਪਣੇ ਪਾਸ ਰਖੇ ਸਨ। ਕਪੂਰਥਲਾ ਉਸਦੀ ਮੂੰਹੀ ਦੇ ਮੋਢੀ ਦਾ ਅਦਿ ਅਸਥਾਨ ਸੀ, ਪਰ ਇੱਥੇ ਵੀ ਕਬਜ਼ਾ ਉਸਨੇ ਬੜੀ ਦੌਰ ਨਾਲ ਕੀਤਾ ਸੀ।

1773-74 ਈਸਵੀਂ ਵਿਚ ਸ. ਜੱਸਾ ਸਿੰਘ ਨੇ ਰਾਏ ਇਬਰਾਈਮ ਦੇ ਇਲਾਕੇ ਕਪੂਰਥਲਾ ਉਪਰ ਕਬਜ਼ਾ ਕਰ ਲਿਆ ਸੀ। ਪਰ ਫਿਰ ਉਸਨੂੰ ਇਸ ਸ਼ਰਤ ਤੇ ਵਾਪਸ ਕਰ ਦਿੱਤਾ ਸੀ ਕਿ ਉਹ ਸਾਲਾਨਾ ਕਰ ਜੱਸਾ ਸਿੰਘ ਨੂੰ ਦਿਆ ਕਰੇਗਾ। ਪਰ ਰਾਏ ਇਬਰਾਹੀਮ ਨੇ ਕੁਝ ਸਮੇਂ ਪਿਛੋਂ ਅਵਗਿਆ ਕਰਨੀ ਸ਼ੁਰੂ ਕਰ ਦਿੱਤੀ। ਪ੍ਰਚਲਤ ਰਵਾਜ ਅਨੁਸਾਰ ਉਸਨੇ ਨਾ ਤਾਂ ਸ. ਜੱਸਾ ਸਿੰਘ ਦੇ ਜਵਾਈ ਸਰਦਾਰ ਮੋਹਰ ਸਿੰਘ ਦੇ ਦਿਹਾਂਤ ਤੇ ਜੱਸਾ ਸਿੰਘ ਪਾਸ ਪਰਚਾਵਣੀ ਲਈ ਆਇਆ ਤੇ ਨਾ ਹੀ ਵੇਲੇ ਸਿਰ ਮਾਮਲਾ ਪਹੁੰਚਾਇਆ। ਉਪਰੰਤ ਉਹ ਆਪਣੀ ਰਿਆਇਆ ਉਤੇ ਬੜੇ ਜ਼ੁਲਮ ਕਰਨ ਲਗ ਪਿਆ ਜਿਸ ਦੇ

ਨਤੀਜੇ ਵਜੋਂ ਲੋਕਾਂ ਵਿਚ ਬੜੀ ਬੇਚੈਨੀ ਫੈਲ ਗਈ। ਇਹ ਹੀ ਕਾਰਣ ਸੀ ਕਿ ਕਿਸ ਨੇ ਉਸਦਾ ਪੁੱਤਰ ਕਤਲ ਕਰ ਦਿੱਤਾ। 1777ਈ. ਵਿਚ ਕੇਵਰ ਭਾਗ ਸਿੰਘ ਜਿਸ ਨੂੰ ਜੱਸਾ ਸਿੰਘ ਨੇ ਕਾਰ ਵਿਹਾਰ ਸੰਭਾਲ ਦਿੱਤਾ ਹੋਇਆ ਸੀ, ਨੇ ਰਾਏ ਵਿਰੁੱਧ ਜੱਸਾ ਸਿੰਘ ਅੱਗੇ ਸ਼ਿਕਾਇਤ ਕੀਤੀ। ਸਰਦਾਰ ਨੇ ਇਬਰਾਹੀਮ ਦੇ ਸ਼ਾਸਨ ਨੂੰ ਖ਼ਤਮ ਕਰਨ ਦੀ ਆਗਿਆ ਦੇ ਦਿੱਤੀ।

ਇਸ ਲਈ ਕੰਵਰ ਭਾਗ ਸਿੰਘ ਫ਼ੌਜ ਲੈ ਕੇ ਕਪੂਰਥਲਾ ਤੇ ਕਬਜ਼ਾ ਕਰਨ ਲਈ ਅੱਗੇ ਵਧਿਆ। ਸ. ਜੱਸਾ ਸਿੰਘ ਵੀ ਨਾਲ ਗਿਆ। ਇਬਰਾਹੀਮ ਭੈਭੀਤ ਹੋ ਗਿਆ। ਉਸਨੇ ਆਪਣੇ ਵਕੀਲ ਲਾਹੌਰ ਮੱਲ ਅਤੇ ਬੂੜਾ ਮੱਲ ਨੂੰ ਸੁਲਾਹ ਲਈ ਸ. ਜੱਸਾ ਸਿੰਘ ਪਾਸ ਭੇਜਿਆ ਪਰ ਇੰਨੇ ਨੂੰ ਕੰਵਰ ਭਾਗ ਸਿੰਘ ਦੀ ਫ਼ੌਜ ਕਪੂਰਥਲਾ ਵਿਚ ਜਾ ਚੁੱਕੀ ਸੀ ਅਤੇ ਰਾਏ ਦੀ ਫ਼ੌਜ ਨੂੰ ਛੇਤੀ ਹੀ ਹਰਾ ਕੇ ਅੰਦਰ ਸ਼ਹਿਰ ਅਤੇ ਕਿਲ੍ਹੇ ਉਤੇ ਜਾ ਕਬਜ਼ਾ ਕਰ ਲਿਆ ਸੀ।

ਅਜਿਹੀ ਅਵਸਥਾ ਵਿਚ ਰਾਏ ਇਬਰਾਹੀਮ ਨੇ ਆਪ ਸ. ਜੱਸਾ ਸਿੰਘ ਪਾਸ ਹਾਜ਼ਰ ਹੋਣਾ ਮੁਨਾਸਬ ਸਮਝਿਆ। ਸ. ਜੱਸਾ ਸਿੰਘ ਨੇ ਉਸਨੂੰ ਯਕੀਨ ਦਿਵਾਇਆ ਕਿ ਉਸ ਉਤੇ ਕੋਈ ਸਖ਼ਤੀ ਨਹੀਂ ਕੀਤੀ ਜਾਵੇਗੀ। ਸ਼ਹਿਰ ਦੇ ਅੰਦਰ ਦੇ ਮਕਾਨ ਉਸ ਕੋਲ ਹੀ ਰਹਿਣ ਦਿੱਤੇ ਜਾਣਗੇ ਜਿਥੇ ਉਸਨੂੰ ਰਹਿਣ ਦੀ ਪੂਰੀ ਖੁਲ੍ਹ ਹੋਵੇਗੀ।

ਇਸ ਤਰ੍ਹਾਂ ਕਪੂਰਥਲਾ ਸ਼ਹਿਰ ਉਤੇ ਸਰਦਾਰ ਜੱਸਾ ਸਿੰਘ ਦਾ ਕਬਜ਼ਾ ਹੋ ਗਿਆ ਅਤੇ ਰਾਹੇ ਇਬਰਾਹੀਮ ਦੇ ਗੁਜਾਰੇ ਲਈ ਵਜ਼ੀਫਾ ਲਾ ਦਿੱਤਾ ਗਿਆ। ਸੱਯਦ ਮੁਹੰਮਦ ਲਤੀਫ ਨੇ 'ਹਿਸਟਰੀ ਆਫ ਦੀ ਪੰਜਾਬ' ਵਿਚ ਇਸ ਘਟਨਾ ਦੀ ਮਿਤੀ ਸੰਨ 1777 ਦਿੱਤੀ ਹੈ ਜਦੋਂ ਕਿ 'ਜੱਸਾ ਸਿੰਘ ਵਿਨੋਦ' ਨਾਮਕ ਪੁਸਤਕ ਵਿਚ ਇਸ ਦੀ ਮਿਤੀ 178● ਈ. ਹੈ। ਗਿਆਨੀ ਗਿਆਨ ਸਿੰਘ ਤਵਾਰੀਖ ਗੁਰੂਖਾਲਸਾ ਰਾਜ ਖਾਲਸਾ ਵਿਚ ਇਸ ਵਾਕਿਆ ਦੀ ਤਾਰਖੀ 1777 ਦਸਦਾ ਹੈ। ਸਾਡੇ ਆਪਣੇ ਖ਼ਿਆਲ ਅਨੁਸਾਰ 1777 ਈ. ਦੀ ਮਿਤੀ ਵਧੇਰੇ ਠੀਕ ਹੈ।

ਇੰਜ ਮਾਲੂਮ ਹੁੰਦਾ ਹੈ ਕਿ ਸ. ਜੱਸਾ ਸਿੰਘ ਜੀ ਨੇ ਆਪਣੇ ਅੰਤਲੇ 4-5 ਸਾਲਾਂ ਵਿਚ ਬਹੁਤ ਘੱਟ ਵਾਰੀ ਮੁਹਿੰਮਾ ਚੜ੍ਹਾਈਆਂ। ਵਾਸਤਵ ਵਿਚ ਪੰਜਾਬ ਦੇਸੀ ਅਤੇ ਵਿਦੇਸ਼ੀ ਜਰਵਾਨਿਆਂ ਤੋਂ ਆਜ਼ਾਦ ਹੋ ਚੁਕਿਆ ਸੀ। ਪੰਥ ਦੀ ਚੜ੍ਹਦੀ ਕਲਾ ਦੀਆਂ ਹਰ ਪਾਸੀਂ ਗੂੰਜਾਂ ਪੈ ਰਹੀਆਂ ਸਨ। ਸਿਆਣਾ ਵਿਅਕਤੀ ਹੋਣ ਦੇ ਨਾਤੇ ਉਹ ਇਹ ਚਾਹੁੰਦਾ ਸੀ ਕਿ ਅਗਲੇਰੀ ਪੀੜ੍ਹੀ ਕੰਮ-ਕਾਜ ਸੰਭਾਲੇ, ਇਸ ਲਈ ਉਸਨੇ ਨੌਜਵਾਨ ਸਰਦਾਰਾਂ ਦੇ ਮਾਮਲੇ ਵਿਚ ਦਖ਼ਲ ਦੇਣਾ ਬਹੁਤ ਘਟ ਕਰ ਦਿੱਤਾ ਸੀ । ਉਸਨੇ ਆਪਣਾ ਬਹੁਤਾ ਧਿਆਨ ਨਿਰੋਲ ਪੰਥਕ ਸੇਵਾ ਦੇ ਮਾਮਲਿਆਂ ਵਿਚ ਕੇਂਦ੍ਰਿਤ ਕਰ ਦਿੱਤਾ ਸੀ।

ਕਰਤਾਰਪੁਰੀਏ ਸੋਢੀਆਂ ਨੂੰ ਪੰਥ ਵਿਚ ਅਭੇਦ ਕਰਨਾ:

ਕਰਤਾਰਪੁਰੀਏ ਸੋਢੀ ਸਾਹਿਬਜ਼ਾਦੇ ਬਾਬਾ ਧੀਰ ਮੱਲ ਦੀ ਸੰਤਾਨ ਸਨ, ਜਿਨ੍ਹਾਂ ਨਾਲ ਵਰਤੋਂ ਵਿਹਾਰ ਮੀਨੇ ਅਤੇ ਮਸੰਦਾਂ ਵਾਂਗ ਖ਼ਾਲਸੇ ਲਈ ਵਰਜਿਤ ਸਨ। ਇਥੋਂ ਤਕ ਕਿ ਕੋਈ ਸਿੱਖ ਉਨ੍ਹਾਂ ਨਾਲ ਰੋਟੀ ਬੇਟੀ ਜਾਂ ਹੋਰ ਕਿਸੇ ਤਰ੍ਹਾਂ ਦੀ ਸਾਂਝ ਪਾਉਣਾ ਗੁਰੂਪੰਥ ਦੇ ਹੁਕਮਾਂ ਦੀ ਖਿਲਾਫ਼ ਵਰਜ਼ੀ ਸਮਝਦਾ ਸੀ।

ਕਰਤਾਰਪੁਰ ਦੇ ਗੱਦੀ ਨਸ਼ੀਨ ਸੋਢੀ ਵਡਭਾਗ ਸਿੰਘ ਤਾਂ ਪਹਿਲੋਂ ਹੀ ਖੰਡੇ-ਬਾਟੇ ਦਾ ਅੰਮ੍ਰਿਤ ਛੱਕ ਕੇ ਖ਼ਾਲਸੇ ਨਾਲ ਅਭੇਦ ਹੋ ਚੁੱਕੇ ਸਨ, ਪਰ ਉਨ੍ਹਾਂ ਤੋਂ ਪਿਛੋਂ ਸੋਢੀ ਗੁਲਾਬ ਸਿੰਘ ਨੇ ਹਾਲੀ ਤਕ ਅੰਮ੍ਰਿਤ ਨਹੀਂ ਛਕਿਆ ਸੀ।

ਖ਼ਾਲਸੇ ਦੀ ਚੜ੍ਹਦੀ ਕਲਾ ਵੇਖ ਕੇ ਗੁਲਾਬ ਸਿੰਘ ਨੇ ਮਹਿਸੂਸ ਕੀਤਾ ਕਿ ਉਹ ਖ਼ਾਲਸੇ ਤੋਂ ਵਖ ਨਹੀਂ ਰਹਿ ਸਕੇਗਾ। ਇਸ ਲਈ ਉਸਨੇ ਕੰਵਰ ਭਾਗ ਸਿੰਘ ਅੱਗੇ ਬੇਨਤੀ ਕੀਤੀ ਕਿ ਉਹ ਕਰਤਾਰ ਪੁਰ ਦਰਸ਼ਨ ਦੇਣ ਅਤੇ ਉਸ ਪਾਸੋਂ ਪਰਸ਼ਾਦਾ ਛਕ ਕੇ ਨਿਵਾਜਣ। ਸ. ਭਾਗ ਸਿੰਘ ਨੇ ਸ. ਜੱਸਾ ਸਿੰਘ ਨਾਲ ਗੱਲ-ਬਾਤ ਕੀਤੀ। ਉਸਨੇ ਹੋਰਨਾਂ ਸਰਦਾਰਾਂ ਨਾਲ ਸਲਾਹ ਕਰਨ ਪਿੱਛੋਂ, ਇਹ ਗੱਲ ਕਹਿਲਵਾ ਭੇਜੀ ਕਿ ਖਾਲਸੇ ਨਾਲ ਆਪਣੇ ਅਭੇਦ ਹੋਣ ਦਾ ਇਕੋ ਇਕ ਰਾਹ ਅੰਮ੍ਰਿਤ ਛਕਣਾ ਹੈ।

ਸ. ਗੁਲਾਬ ਸਿੰਘ ਨੇ ਇਹ ਗੱਲ ਪਰਵਾਨ ਕਰ ਲਈ। ਫਲਸਰੂਪ ਸ. ਜੱਸਾ ਸਿੰਘ ਟਿੱਕਾ ਭਾਗ ਸਿੰਘ ਅਤੇ ਹੋਰ ਦੂਜੇ ਸਰਦਾਰ ਕਰਤਾਰਪੁਰ ਗਏ ਅਤੇ ਇਕ ਵਿਸ਼ਾਲ ਦੀਵਾਨ ਵਿਚ ਉਸਨੂੰ ਅੰਮ੍ਰਿਤ ਛਕਾਇਆ ਅਤੇ ਨਾਲ ਹੀ ਐਲਾਨ ਕੀਤਾ ਕਿ ਚੁੰਕਿ ਸ. ਗੁਲਾਬ ਸਿੰਘ ਨੇ ਅੰਮ੍ਰਿਤ ਛੱਕ ਲਿਆ ਹੈ, ਇਹ ਗੁਰੂਦੇ ਹੋ ਗਏ ਹਨ, ਇਹ ਮੁਕੰਮਲ ਤੌਰ ਤੇ ਖ਼ਾਲਸਾ ਪੰਥ ਵਿਚ ਅਭੇਦ ਹੋ ਗਏ ਹਨ। ਹੁਣ ਖ਼ਾਲਸੇ ਨੂੰ ਇਨ੍ਹਾਂ ਦਾ ਪ੍ਰਸ਼ਾਦ ਪਰਵਾਨ ਕਰਨ ਵਿੱਚ ਖੁਸ਼ੀ ਪ੍ਰਤੀਤ ਹੁੰਦੀ ਹੈ।

ਸਰਦਾਰ ਜੱਸਾ ਸਿੰਘ ਅਤੇ ਹੋਰਨਾਂ ਸਰਦਾਰਾਂ ਨੇ ਲੰਗਰ ਵਿਚ ਜਾ ਕੇ ਸਰਬੱਤ ਸੰਗਤ ਨਾਲ ਬੈਠ ਕੇ ਪ੍ਰਸ਼ਾਦ ਛਕਿਆ ਅਤੇ ਸੋਢੀ ਗੁਲਾਬ ਸਿੰਘ ਅਤੇ ਉਨ੍ਹਾਂ ਦੇ ਪਰਿਵਾਰ ਨੂੰ ਪੰਥ ਨਾਲ ਮਿਲਾ ਲਿਆ ਗਿਆ।

ਮਹਾਰਾਜਾ ਸਾਹਿਬ ਸਿੰਘ ਨੂੰ ਅੰਮ੍ਰਿਤ ਛਕਾਉਣਾ।

ਸ.ਜੱਸਾ ਸਿੰਘ ਨੂੰ ਜਿਥੇ ਪੰਥ ਦੇ ਰਾਜਸੀ ਮਾਮਲਿਆਂ ਵਿਚ ਇਕ ਵੱਡੀ ਸ਼ਖਸੀਅਤ ਮੰਨਿਆ ਜਾਂਦਾ ਸੀ, ਉਥੇ ਉਹ ਉਘੇ ਧਾਰਮਿਕ ਨੇਤਾ ਦੇ ਤੌਰ ਤੇ ਵੀ ਸਤਿਕਾਰਿਆ ਜਾਂਦਾ ਸੀ। ਇਸ ਲਈ ਪੰਥ ਦੇ ਉਘੇ ਸਰਦਾਰਾਂ ਨੇ ਇਸ ਪਾਸੋਂ ਅੰਮ੍ਰਿਤ ਛਕਿਆ ਸੀ। ਬਾਬਾ ਆਲ੍ਹਾ ਸਿੰਘ ਅਤੇ ਮਹਾਰਾਜਾ ਅਮਰ ਸਿੰਘ ਨੇ ਵੀ ਇਸ ਪਾਸੋਂ ਹੀ ਪਾਹੁਲ ਲਈ ਸੀ। ਹੁਣ ਮਹਾਰਾਜਾ ਅਮਰ ਸਿੰਘ ਦੀ ਖ਼ਾਹਸ਼ ਸੀ ਕਿ ਉਨ੍ਹਾਂ ਦਾ ਪੁੱਤਰ ਸਾਹਿਬ ਸਿੰਘ ਸ.ਜੱਸਾ ਸਿੰਘ ਪਾਸੋਂ ਹੀ ਅੰਮ੍ਰਿਤ ਛਕੇ ਅਤੇ ਉਸਦਾ ਸਰਦਾਰ ਗੰਡਾ ਸਿੰਘ ਭੰਗੀ ਦੀ ਸਪੁਤਰੀ ਬੀਬੀ ਰਤਨ ਕੌਰ ਨਾਲ ਵਿਆਹ ਦੇ ਸਮੇਂ ਉਹ ਹੀ ਲਾਵਾਂ ਪੜ੍ਹਨ। ਅਜੇ ਤਿਆਰੀਆਂ ਹੀ ਹੋ ਰਹੀਆਂ ਸਨ ਕਿ ਮਹਾਰਾਜਾ ਅਮਰ ਸਿੰਘ ਗੁਰਪੁਰੀ ਸਿਧਾਰ ਗਏ (1782) ਜੱਸਾ ਸਿੰਘ ਨੇ ਕਿਹਾ ਕਿ ਮਹਾਰਾਜਾ ਸਾਹਿਬ ਨੂੰ ਵਿਆਹ ਤੋਂ ਪਹਿਲਾਂ ਅੰਮ੍ਰਿਤ ਛੱਕਾ ਦਿੱਤਾ ਜਾਏਗਾ।

ਵਿਆਹ ਦਾ ਪ੍ਰਬੰਧ ਦੀਵਾਨ ਨਾਨੂਮੱਲ ਦੇ ਸਪੁਰਦ ਸੀ ਅਤੇ ਜੰਜ ਵਿਚ ਰਾਜਾ ਭਾਗ ਸਿੰਘ ਜ਼ੀਂਦ, ਸਰਦਾਰ ਹਮੀਰ ਸਿੰਘ ਨਾਭਾ, ਭਾਈ ਦੇਸੂਸਿੰਘ ਕੇਂਥਲ, ਰਾਏ ਅਹਿਮਦ ਜਗਰਾਉਂ, ਨਵਾਬ ਅਤਾ ਉਲ੍ਹਾ ਖ਼ਾਨ ਮਲੇਰਕੋਟਲਾ ਆਦਿ ਸ਼ਾਮਲ ਸਨ। ਜਦੋਂ ਜੰਜ ਕਪੂਰਥਲਾ ਪੁਜੀ ਤਾਂ ਜੱਸਾ ਸਿੰਘ ਨੇ ਕਿਹਾ ਕਿ ਸਾਹਿਸ ਸਿੰਘ ਨੂੰ ਤਰਨਤਾਰਨ ਦੇ ਪਾਵਨ ਗੁਰਦਵਾਰਾਂ ਵਿਚ ਅੰਮ੍ਰਿਤ ਛਕਾਇਆ ਜਾਏਗਾ। ਸੋ ਜੰਜ ਕਪੂਰਥਲੇਤੋਂ ਤਰਨਤਾਰਨ ਪੁਜੀ ਜਿਥੇ ਸ.ਜੱਸਾ ਸਿੰਘ ਨੇ ਆਪ ਪੰਜ ਪਿਆਰਿਆਂ ਵਿਚ ਸ਼ਾਮਲ ਹੋ ਕੇ ਸ. ਸਾਹਿਬ ਸਿੰਘ ਨੂੰ ਅੰਮ੍ਰਿਤ ਪਾਨ ਕਰਾਇਆ।

## ਸ੍ਰੀ ਦਰਬਾਰ ਸਾਹਿਬ ਦੀ ਸੇਵਾ ਸੰਭਾਲ

ਦਰਬਾਰ ਸਾਹਿਬ ਅਜਿਹਾ ਥਾਉਂ ਹੈ ਜਿਸ ਦਾ ਕੋਈ ਮੁਕਾਬਲਾ ਨਹੀਂ ਹੈ। ਇਹ ਸਿੱਖਾਂ ਦਾ ਧਾਰਮਿਕ ਪੋਲੀਟੀਕਲ ਕੇਂਦਰ ਹੈ ਅਤੇ ਧਾਰਮਿਕ ਅਤੇ ਸੰਸਾਰਕ ਮਾਮਲਿਆਂ ਨੂੰ ਸੇਧ ਮਿਲਦੀ ਹੈ। ਇਥੋਂ ਮਿਲੇ ਉਤਸ਼ਾਹ ਤੇ ਵਿਚਾਰਧਾਰਾ ਦੁਆਰਾ

ਸਿੱਖਾਂ ਨੇ ਇੰਨੀ ਵੱਡੀ ਜਦੋਂ ਜਹਿਦ ਕੀਤੀ ਅਤੇ ਸਫਲਤਾ ਪ੍ਰਾਪਤ ਕੀਤੀ। ਇਸ ਦੌਰਾਨ ਸਿੱਖਾਂ ਦਾ ਬੜਾ ਨੁਕਸਾਨ ਹੋਇਆ। ਉਨ੍ਹਾਂ ਦੇ ਸਿਰਾਂ ਦੇ ਮੁਲ ਪਏ। ਉਨ੍ਹਾਂ ਦੀਆਂ ਖੋਪਰੀਆਂ ਲੁਹਾਈਆਂ ਗਈਆਂ, ਸਿੰਘ ਬੀਬੀਆਂ ਦੇ ਬੱਚਿਆਂ ਦੇ ਟੋਟੇ ਟੋਟੇ ਕੀਤੇ ਗਏ ਅਤੇ ਫਿਰ ਉਨ੍ਹਾਂ ਟੋਟਿਆਂ ਨੂੰ ਬੀਬੀਆਂ ਦੀ ਝੋਲੀ ਵਿਚ ਪਾਇਆ ਗਿਆ। ਪਰੰਤੂ ਇਹ ਸਭ ਕੁਝ ਵੀ ਸਿੱਖਾਂ ਨੇ ਸਹਿ ਲਿਆ, ਪਰ ਦਰਬਾਰ ਸਾਹਿਬ ਦੀ ਬੇਅਬਦੀ ਜੋ ਦੁਰਾਨੀਆਂ ਨੇ ਕੀਤੀ, ਕੇਵਲ ਇਹ ਗੱਲ ਅਸਹਿ ਸੀ। ਉਨ੍ਹਾਂ ਨੇ ਪਾਵਨ ਸਰੋਵਰ ਨੂੰ ਗੰਦਗੀ ਨਾਲ ਭਰਿਆ ਅਤੇ ਹਰਮੰਦਰ ਸਾਹਿਬ, ਅਕਾਲ ਤਖਤ ਅਤੇ ਬੁੰਗਿਆਂ ਨੂੰ ਬਰੂਦ ਨਾਲ ਉਡਾਇਆ। ਇਹ ਬਰਦਾਸ਼ਤ ਕਰਨਾ ਬਹੁਤ ਔਖਾ ਸੀ। ਇਹ ਉਨ੍ਹਾਂ ਦੀ ਵਿਚਾਰਧਾਰਾ ਨੂੰ, ਉਨ੍ਹਾਂ ਦੀ ਅਣਖ ਨੂੰ , ਉਨ੍ਹਾਂ ਦੇ ਸਵੈਮਾਨ ਨੂੰ ਸਿੱਧਾ ਚੈਲੰਜ ਸੀ। ਸਰਹਿੰਦ ਦੀ ਤੁਰੰਤ ਫਤਿਹ ਪਿਛੋਂ ਸ. ਜੱਸਾ ਸਿੰਘ ਨੇ ਚਾਦਰ ਫੈਲਾਈ। ਉਸ ਵਿੱਚ ਉਸਨੇ ਸਭ ਤੋਂ ਪਹਿਲਾਂ ਆਪ ਮਾਇਆ ਪਾਈ ਤੇ ਫਿਰ ਬਾਕੀ ਦੇ ਸਰਦਾਰਾਂ ਅਤੇ ਸੰਗਤਾਂ ਨੇ ਯਥਾਸ਼ਕਤ ਮਾਇਆ ਰਖੀ। ਇਕ ਵੱਡੀ ਰਕਮ ਹੋ ਗਈ, ਜਿਸ ਨੂੰ ਭਾਈ ਦੇਸ ਰਾਜ ਬਿਧੀ ਚੰਦੀਏ ਦੇ ਸਪੁਰਦ ਕੀਤਾ ਗਿਆ ਤਾਂ ਜੋ ਉਹ ਦਰਬਾਰ ਸਾਹਿਬ ਦੇ ਇਹਾਤੇ ਵਿਚ ਢੱਠੀਆਂ ਹੋਈਆਂ ਇਮਾਰਤਾਂ ਮੁੜ ਨਿਰਮਿਤ ਕਰ ਸਕੇ।

ਵੱਡੇ ਘਲੂਘਾਰੇ ਤੋਂ ਮਗਰੋਂ ਅਹਿਮਦਸ਼ਾਹ ਅਬਦਾਲੀ ਦਰਬਾਰ ਸਾਹਬਿ ਅਤੇ ਉਸਦੀ ਜ਼ਿੰਮੀਦਾਰੀ ਜਾਗੀਰ ਆਦਿ ਤਿਨ ਲਖ ਰੁਪਏ ਵਿਚ ਨੁਸ਼ਹਿਰਾ ਪੰਨੂਆਂ ਦੇ ਚੌਧਰੀ ਸਾਹਿਬ ਰਾਏ ਪਾਸ ਗਿਰਵੀ ਰਖ ਗਿਆ ਸੀ । ਸ਼ਰਤ ਇਹੀ ਮਿਥੀ ਗਈ ਸੀ ਕਿ ਜਿਨ੍ਹਾਂ ਚਿਰ ਤਕ ਉਹ ਮਿਥੀ ਹੋਈ ਮਾਲੀਏ ਦੀ ਰਕਮ ਅਹਿਮਦ ਸ਼ਾਹ ਨੂੰ ਦਿੰਦਾ ਰਹੇਗਾ, ਦਰਬਾਰ ਸਾਹਿਬ ਦੀ ਚੜ੍ਹਤ ਵੀ ਉਸਦੀ ਹੋਵੇਗੀ।

ਇਸ ਸਬੰਧੀ ਜਦ ਸਿੰਘਾਂ ਨੇ ਸ. ਜੱਸਾ ਸਿੰਘ ਅੱਗੇ ਸ਼ਿਕਾਇਤ ਕੀਤੀ, ਤਾਂ ਉਸਨੇ ਕਰੋਧ ਵਿਚ ਆਉਣ ਦੀ ਬਜਾਏ ਇਹ ਕਿਹਾ ਕਿ ਉਸਨੇ ਸਗੋਂ ਚੰਗਾ ਕੀਤਾ ਹੈ। ਇੰਜ ਕਰਕੇ ਉਸਨੇ ਦਬਰਾਰ ਸਾਹਿਬ ਦੀਆਂ ਇਮਾਰਤਾਂ ਨੂੰ ਹੋਰ ਨੁਕਸਾਨ ਪੁੱਜਣ ਤੋਂ ਬਚਾ ਲਿਆ ਹੈ। ਉਸਨੇ ਸਾਹਿਬ ਰਾਏ ਨੂੰ ਬੁਲਾ ਲਿਆ, ਬੜਾ ਸਤਿਕਾਰ ਕੀਤਾ ਅਤੇ ਤਿੰਨ ਲੱਖ ਰੁਪਈਆ ਵੀ ਉਸਦੀ ਝੋਲੀ ਪਾਇਆ ਅਤੇ ਦਰਬਾਰ ਸਾਹਿਬ ਨੂੰ ਉਸਦੀ ਗਿਰਵੀ ਤੋਂ ਛੁਡਾਇਆ। ਇਸ ਤਰ੍ਹਾਂ ਉਸਨੇ ਬੜੀ ਭਾਰੀ ਇਖ਼ਲਾਕੀ ਜ਼ਿੰਮੇਵਾਰੀ ਨਿਭਾਈ। ਇਸ ਤਰ੍ਹਾਂ ਦਰਬਾਰ ਸਾਹਿਬ ਦਾ ਪ੍ਰਬੰਧ ਉਸਨੇ ਸੁੰਤਤਰਤਾਪੂਰਵਕ ਅਕਾਲੀ ਸਿੰਘਾਂ ਦੇ ਹੱਥ ਦੇ ਦਿੱਤਾ।

## ਰਾਮਗੜ੍ਹੀਆਂ ਨਾਲ ਅਜੋੜ

ਸ.ਜੱਸਾ ਸਿੰਘ ਆਹਲੂਵਾਲੀਆਂ ਦੇ ਅੰਤਲੇ ਸਾਲਾਂ ਦਾ ਸਭ ਤੋਂ ਵੱਡਾ ਦੁਖਾਂਤ ਉਸਦਾ ਰਾਮਗੜ੍ਹੀਆਂ ਨਾਲ ਅਜੋੜਾ ਦਾ ਉਤਪੰਨ ਹੋ ਜਾਣਾ ਸੀ। ਸੰਨ 1878ਈ. ਵਿਚ ਛਪੀ 'ਤਾਰੀਖਿ ਪਟਿਆਲਾ' ਦਾ ਲੇਖਕ ਮੁਹੰਮਦ ਹਸਨ ਲਿਖਦਾ ਹੈ ਕਿ ਇਕ ਵਾਰੀ ਜੱਸਾ ਸਿੰਘ ਆਹਲੂਵਾਲੀਆ ਬਟਾਲੇ ਤੋਂ ਲੈ ਦੋ ਕੁ ਕੋਹ ਦੱਖਣ ਨੂੰ ਅਚੱਲ (ਜਿਥੇ ਫਗੜ ਸੁਦੀ 14 ਨੂੰ ਮੇਲਾ ਲਗਦਾ ਹੈ) ਜਾ ਰਿਹਾ ਸੀ। ਜਦ ਗੁਰਦਾਸਪੁਰ ਦੇ ਨਿਕਟ ਪਹੁੰਚੇ ਤਾਂ ਸਰਦਾਰ ਜੱਸਾ ਸਿੰਘ ਦੇ ਭਾਈਆਂ ਖ਼ੁਸ਼ਹਾਲ ਸਿੰਘ, ਮਾਲੀ ਸਿੰਘ ਅਤੇ ਤਾਰਾ ਸਿੰਘ ਨੇ ਅਚਾਨਕ ਹੀ ਉਨ੍ਹਾਂ ਉਤੇ ਹਮਲਾ ਕਰ ਦਿੱਤਾ ਅਤੇ ਉਸਨੂੰ ਪਕੜ ਲਿਆ। ਇੰਜ ਜਾਪਦਾ ਹੈ ਕਿ ਉਸ ਪਾਸ ਕੋਈ ਬਹੁਤੇ ਆਦਮੀ ਨਹੀਂ ਸਨ।

ਇਸ ਗੱਲ ਦਾ ਜਦੋਂ ਜੱਸਾ ਸਿੰਘ ਰਾਮਗੜ੍ਹੀਏ ਨੂੰ ਪਤਾ ਲਗਾ, ਤਾਂ ਉਸਨੇ ਸਰਦਾਰ ਨੂੰ ਸਿਰੋਪਾਉ, ਘੋੜਾ ਅਤੇ ਪਾਲਕੀ ਭੇਂਟ ਕਰਕੇ ਉਨ੍ਹਾਂ ਨੂੰ ਵਿਦਿਆ ਕੀਤਾ। ਭਾਵੇਂ ਸਰਦਾਰ ਜੱਸਾ ਸਿੰਘ ਰਾਮਗੜ੍ਹੀਏ ਨੇ ਸਿਆਣਪ ਕਰਕੇ ਵੇਲਾ ਟਪਾ ਦਿੱਤਾ ਸੀ, ਪਰ ਇੰਨੇ ਨਾਲ ਗੱਲ ਠੱਪੀ ਨਾ ਗਈ। ਡਾਕਟਰ ਗੰਡਾ ਸਿੰਘ ਅਨੁਸਾਰਃ-

"ਇਥੇ ਹੀ ਚੁੰਕਿ ਸਰਦਾਰ ਜੈ ਸਿੰਘ ਕਨ੍ਹਈਏ ਦਾ ਵੀ ਇਲਾਕਾ ਸੀ ਜਿਥੇ ਕਿ ਪੰਥ ਦੇ ਸ਼ਰੋਮਣੀ ਜੱਥੇਦਾਰ ਸੁਲਤਾਨੁਲਕੌਮ ਸਰਦਾਰ ਜੱਸਾ ਸਿੰਘ ਦੀ ਰਾਮਗੜ੍ਹੀਆ ਨੇ ਅਚਾਨਕ ਅਤੇ ਅਕਾਰਣ ਕਰਕੇ ਫੜ ਕੇ ਹੇਠੀ ਕੀਤੀ ਸੀ, ਉਸਨੇ ਇਸ ਵਿੱਚ ਆਪਣੀ ਹੇਠੀ ਸਮਝੀ ਅਤੇ ਸਮੁੱਚੇ ਪੰਥ ਦੀ ਵੀ। ਇਸ ਤੋਂ ਬਿਨਾਂ ਕਨ੍ਹਈਆਂ ਅਤੇ ਰਾਮਗੜ੍ਹੀਆਂ ਵਿਚ ਪੁਰਾਣੀ ਨਾਚਾਕੀ ਚਲੀ ਆ ਰਹੀ ਸੀ ਜਿਸ ਦਾ ਵੱਡਾ ਕਾਰਣ ਇਹ ਸੀ ਕਿ ਕਸੂਰ ਦੀ ਲੁੱਟ ਸਮੇਂ ਮਿਸਲਾਂ ਦੇ ਰਵਾਜ ਦੇ ਉਲਟ ਮਾਲੀ ਸਿੰਘ ਰਾਮਗੜ੍ਹੀਆ ਨੇ ਸਾਰੀ ਲੁੱਟ ਆਪ ਲੈ ਲਈ ਸੀ ਅਤੇ ਕਨ੍ਹਈਆ ਮਿਸਲ ਨੂਕੋਈ ਹਿੱਸਾ ਨਹੀਂ ਦਿੱਤਾ ਸੀ। ਜੈ ਸਿੰਘ ਨੇ ਪ੍ਰੋਟੈਸਟ ਕੀਤਾ ਸੀ ਜਿਸ ਦੇ ਸਿੱਟੇ ਵਜੋਂ ਜੱਸਾ ਸਿੰਘ ਰਾਮਗੜ੍ਹੀਏ ਨੇ ਆਪਣੇ ਭਰਾ ਮਾਲੀ ਨੂੰ ਸਮਝਾਇਆ ਵੀ ਸੀ, ਪਰ ਜਦੋਂ ਮਾਲੀ ਸਿੰਘ ਨੇ ਜਿੱਦ ਕੀਤੀ ਤਾਂ ਉਹ ਚੁਪ ਹੋ ਗਿਆ ਸੀ। ਇਸ ਗੱਲ ਦੇ ਸਦਕਾ ਜੈ ਸਿੰਘ ਕਨ੍ਹਈਆ ਦੇ ਮਨ ਵਿੱਚ ਰੜਕ ਦਾ ਪੈਦਾ ਹੋਣਾ ਅਵੱਸ਼ਕ ਸੀ। ਪਰੰਤੂਸੁਲਤਾਨੁਲਕੌਮ ਦੀ ਬੇਅਬਦੀ ਦੀ ਗੱਲ ਨੇ ਰਾਮਗੜ੍ਹੀਆਂ ਪ੍ਰਤੀ ਘਿਰਨਾ ਹੋਰ ਵਧਾ ਦਿੱਤੀ।

ਇਹ ਘਿਰਣਾ ਹੌਲੀ ਹੌਲੀ ਵਧਦੀ ਗਈ। ਆਹਲੂਵਾਲੀਆ, ਕਨ੍ਹਈਆਂ ਅਤੇ ਰਾਮਗੜ੍ਹੀਆਂ ਦੇ ਵਿਚਕਾਰ ਖੁਲ੍ਹਮ ਲੜਾਈ ਹੋਣ ਲਗ ਪਈ। ਸਿੱਟੇ ਵੱਜੋਂ ਰਾਮਗੜ੍ਹੀਆਂ ਸਰਦਾਰ ਰਿਆੜਕੀ ਅਤੇ ਦੁਆਬੇ ਵਿਚ ਆਪਣਾ ਇਲਾਕਾ ਛੱਡਣ ਲਈ ਮਜਬੂਰ ਹੋ ਗਏ ਅਤੇ ਕੁਝ ਚਿਰ ਲਈ ਇਹ ਮਹਾਰਾਜਾ ਪਟਿਆਲਾ ਪਾਸ ਜਾ ਟਿਕੇ।

ਸਰਦਾਰ ਜੱਸਾ ਸਿੰਘ ਦੀਵਾਲੀ ਤੇ ਵਿਸਾਖੀ ਦੇ ਮੌਕਿਆ ਦੇ ਦਰਬਾਰ ਸਿੰਘ ਅੰਮ੍ਰਿਤਸਰ ਦੇ ਦਰਸ਼ਨ ਅਤੇ ਸਰੋਵਰ ਵਿਚ ਅਸ਼ਨਾਨ ਲਈ ਜ਼ਰੂਰ ਜਾਇਆ ਕਰਦੇ ਸੀ। ਉਸ ਦਿਨ ਸਰਬੱਤ ਖਾਲਸੇ ਦਾ ਇੱਕਠ ਹੋਇਆ ਕਰਦਾ ਸੀ। ਜਿਥੇ ਪਿਛਲੀ ਛੇਮਾਹੀ ਦੇ ਕਾਰਨਾਮਿਆਂ ਅਥਵਾ ਸਰਗਰਮੀਆਂ ਦਾ ਮੁਲੰਕਣ ਕੀਤਾ ਜਾਂਦਾ ਸੀ ਅਤੇ ਅਗਲੀ ਛੇਮਾਹੀ ਲਈ ਪ੍ਰੋਗਰਾਮ ਉਲੀਕਿਆ ਜਾਂਦਾ ਸੀ।

ਸੰਮਤ 184● ਬਿਕਰਮੀ ਦੇ ਕੱਤਕ ਦੇ ਮਹੀਨੇ ਸਰਦਾਰ ਜੱਸਾ ਸਿੰਘ ਦੀਵਾਲੀ ਲਈ ਫਤਿਹਬਾਦ ਤੋਂ ਅੰਮ੍ਰਿਤਸਰ ਆ ਰਿਹਾ ਸੀ। ਰਸਤਾ ਲੰਮਾ ਹੋਣ ਕਾਰਣ ਉਸਨੇ ਸੁੰਡਾਲਾ ਨਾਮਕ ਪਿੰਡ ਵਿੱਚ ਉਤਾਰਾ ਕੀਤਾ। ਇਥੇ ਉਸਨੇ ਤਰਬੂਜ਼ ਖਾ ਲਿਆ। ਰਸਤੇ ਵਿਚ ਉਸਨੂੰ ਪੇਟ ਵਿਚ ਦਰਦ ਹੋਣ ਲਗ ਪਿਆ। ਜੋ ਇੰਨਾ ਵਧਿਆ ਕਿ ਉਹ ਅੰਮ੍ਰਿਤਸਰ ਪੁੱਜਣ ਤਕ ਨਿਢਾਲ ਹੋ ਗਿਆ।

## ਅਕਾਲ ਚਲਾਣਾ

ਜਦੋਂ ਦੇਖਿਆ ਕਿ ਇਲਾਜ ਦੇ ਬਾਵਜੂਦ ਵੀ ਤਬੀਅਤ ਠੀਕ ਨਹੀਂ ਹੋ ਰਹੀ ਤਾਂ ਸਭ ਸਰਦਾਰਾਂ ਨੂੰ ਬੁਲਾ ਕੇ ਕਿਹਾ ਗਿਆ ਕਿ ਅੰਤਮ ਸਮਾਂ ਨੇੜੇ ਆ ਗਿਆ ਹੈ, ਹੁਣ ਉਨ੍ਹਾਂ ਦਾ ਧਿਆਨ ਹੋਰ ਕਿਸੇ ਪਾਸੇ ਨਾ ਖਿਚਣਾ। ਕੋਈ ਦੁਨਿਆਵੀ ਗੱਲ ਕੰਨਾ ਤਕ ਨਾ ਪਹੁੰਚਈ ਜਾਏ। ਸਾਰਾ ਸਮਾਂ ਗੁਰਬਾਣੀ ਸੁਣਨ ਤੋਂ ਪੜ੍ਹਨ ਵਿਚ ਹੀ ਲਗਦਾ। ਸਾਰੇ ਸਰਦਾਰ ਦੀਵਾਲੀ

ਕਾਰਣ ਪੁੱਜੇ ਹੋਏ ਸਨ। ਸੁਲਤਾਨੁਲਕੌਮ ਨੇ ਸਭ ਨੂੰ ਆਖਿਆ:

"ਤੁਸਾਂ ਬੜਾ ਪਿਆਰ ਦਿੱਤਾ ਹੈ। ਮੇਰੇ ਜਿਹੇ ਨਾਚੀਜ਼ ਨੂੰ ਪਾਤਸ਼ਾਹ ਬਣਾਇਆ, ਇਹ ਪੰਥ ਦੀ ਗਰੀਬ-ਨਿਵਾਜ਼ੀ ਹੈ। ਮੇਰੀ ਇਕੋ ਹੀ ਬੇਨਤੀ ਹੈ ਕਿ ਕੋਈ ਇਸਤਰੀ ਪੁਰਸ਼ ਮੇਰੀ ਅਰਥੀ ਨਾਲ ਹੰਝੂਨਾ ਵਗਾਏ। ਸਾਰੇ ਵਾਹਿਗੁਰੂਵਾਹਿਗੁਰੂਹੀ ਕਰਦੇ ਜਾਣ। ਸਸਕਾਰ ਨਵਾਬ ਕਪੂਰ ਸਿੰਘ ਜੀ ਦੇ ਲਾਗੇ ਬਾਬਾ ਅਟਲ ਸਾਹਿਬ ਹੀ ਕਰਨਾ" ਸਾਰਿਆਂ ਨੂੰ ਯਕੀਨ ਦਿਵਾਇਆ ਤਐ ਕਿਹਾ ਕਿ 'ਅਜਿਹਾ ਹੀ ਹੋਵੇਗਾ'। ਆਪ ਜੀ 2● ਅਕਤੂਬਰ 1783 ਈ. ਨੂੰ ਅਕਾਲ ਚਲਾਣਾ ਕਰ ਗਏ।

ਸਸਕਾਰ ਉਸੇ ਹੀ ਤਰ੍ਹਾਂ ਕੀਤਾ ਗਿਆ ਜਿਵੇਂ ਸਰਦਾਰ ਜੀ ਕਹਿ ਗਏ ਸਨ। ਸਾਰੇ ਸਰਦਾਰ, ਸਿੰਘ ਸੰਗਤਾਂ ਸਿਰਫ ਫੁਲਾਂ ਦੀ ਵਰਸ਼ਾ ਹੀ ਕਰ ਰਹੀਆਂ ਸਨ ਤੇ ਕਿਸੇ ਨੇ ਅਥਰੂਤਕ ਨਾ ਵਗਾਇਆ। ਪਰ ਸਸਕਾਰ ਹੋ ਜਾਣ ਉਪਰੰਤ ਕਿਸੇ ਦੇ ਹੰਝੂਨਾ ਰੁਕੇ। ਸਭ ਇਹ ਕਹਿ ਰਹੇ ਸਨ ਕਿ

"ਬਾਬਾ ਬੰਦਾ ਸਿੰਘ ਤੇ ਨਵਾਬ ਕਪੂਰ ਸਿੰਘ ਪਿਛੋਂ ਗੁਰੂਗੋਬਿੰਦ ਸਿੰਘ ਜੀ ਦੇ ਲਗਾਏ ਬਾਗ 'ਖ਼ਾਲਸਾ' ਨੂੰ ਮਾਲੀ ਹੋ ਕੇ ਅਜਿਹਾ ਸਰਸਬਜ਼ ਕੀਤਾ ਹੈ, ਜਿਸ ਦੀ ਖ਼ੁਸ਼ਬੂਪੂਰਬ ਤੋਂ ਪੱਛਮ ਤੱਕ, ਉਤਰ ਤੋਂ ਦੱਖਣ ਤੱਕ ਫੈਲੀ ਹੈ।"

ਗਿਆਨੀ ਗਿਆਨ ਸਿੰਘ ਜੀ ਨੇ ਉਨ੍ਹਾਂ ਦੇ ਅਕਾਲ ਚਲਾਣੇ ਦਾ ਦ੍ਰਿਸ਼ ਖਿਚਦੇ ਹੋਏ ਖ਼ਬ ਲਿਖਿਆ ਹੈ:-

ਦਾਮ ਸੱਠ ਚਾਲੀਏ ਮੈਂ ਦਰਦ ਸਿਕਮ ਸੰਗ

ਆਖ ਗੁਰੂਪੁਰਿ ਗਯੋ ਸੁਧਾਸਰ ਮਾਂਹਿ ਹੈ।

ਤਾਂਹਿ ਕਾ ਮਰਨ ਸੁਨਿ ਹੋਇ ਸਭਿ ਸਿੰਘ ਕੈਹੈਂ,

ਏ ਰੇਜਮ ਰਾਜ। ਤੈ ਅਕਾਜ਼ ਕੀਨੋ ਕਾਂਹਿ ਹੈ?

ਫਰਉਪਕਾਰੀ ਸੂਰੋ ਪੂਰੋ ਬੀਰ ਅਤਿ ਭਾਰੀ।

ਪੰਥ ਖਾਲਸੇ ਕਾ ਪਾਰੀ ਥਾ ਉਦਾਰੀ ਵਾਹਿ ਹੈ।

ਕੌਨ ਕੋ ਕਹੇਂਗੇ ਬਾਦਸ਼ਾਹਿ ਹਮ ਚਾਹਿ ਨਿਜ

ਕੌਨ ਦੇਗ ਤੇਗ ਫਤੇ ਸੁ ਜਸ ਲਹਾਹਿ ਹੈ॥94॥

(ਪੰਥ ਪ੍ਰਕਾਸ਼ 27●7)

ਇਸ ਤਰ੍ਹਾਂ ਪੰਜਾਬ ਦਾ ਮਹਾਨ ਸਪੂਤ, ਸਿਰਜਨਾਤਮਿਕ ਪ੍ਰਤਿਭਾ ਦਾ ਧਾਰਨੀ, ਸੂਰਬੀਰ-ਯੋਧਾ, ਅਦੁਤੀ ਪ੍ਰਬੰਧਕ ਤੇ ਸੰਸਥਾਪਕ, ਉਦਮ ਭਰਪੂਰ ਸੰਸਾਰਕ ਜੀਵਨ ਬਤੀਤ ਕਰਨ ਅਤੇ ਪੰਜਾਬ ਨੂੰ ਵਿਦੇਸ਼ੀਆਂ ਦੇ ਖ਼ਤਰਿਆਂ ਤੋਂ ਮੁਕਤ ਕਰਨ ਪਿਛੋਂ ਅਕਾਲ ਪੁਰਖ ਵਾਹਿਗੁਰੂਨੂੰ ਪਿਆਰਾ ਹੋ ਗਿਆ।